# PUNJAB VIDHAN SABHA
# DEBATES

*Friday, the 1st May, 2026*

## SIXTEENTH VIDHAN SABHA

**(TWELFTH (BUDGET) SESSION)**

**(Sitting No. 9)**

## OFFICIAL REPORT




## PUNJAB VIDHAN SABHA SECRETARIAT
## CHANDIGARH-160001

**Price: Rs…………**

ਪੰਜਾਬ ਵਿਧਾਨ ਸਭਾ

ਸਰਦਾਰ ਕੁਲਤਾਰ ਸਿੰਘ ਸੰਧਵਾਂ, ਮਾਣਯੋਗ ਸਪੀਕਰ

ਸਰਦਾਰ ਜੈ ਕ੍ਰਿਸ਼ਨ ਸਿੰਘ, ਮਾਣਯੋਗ ਡਿਪਟੀ ਸਪੀਕਰ

ਸ਼੍ਰੀ ਰਾਮ ਲੋਕ ਖਟਾਣਾ, ਸਕੱਤਰ

**PUNJAB VIDHAN SABHA**

**Sardar Kultar Singh Sandhwan, Hon'ble Speaker**

**Sardar Jai Krishan Singh, Hon'ble Deputy Speaker**

**Shri Ram Lok Khatana, Secretary**

# ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ: | ਨਾਮ | Department | ਵਿਭਾਗ |
|---|---|---|---|
| 1. | ਸ੍ਰੀ ਭਗਵੰਤ ਮਾਨ, ਮੁੱਖ ਮੰਤਰੀ<br>Shri Bhagwant Mann, Chief Minister | General Administration,<br>Home Affairs & Justice,<br>Personnel,<br>Vigilance,<br>Co-operation,<br>Legal & Legislative Affairs,<br>Civil Aviation,<br>Science, Technology & Environment, Sports & Youth Services | ਆਮ ਪ੍ਰਸ਼ਾਸਨ,<br>ਗ੍ਰਹਿ ਮਾਮਲੇ ਅਤੇ ਨਿਆਂ,<br>ਪ੍ਰਸੋਨਲ,<br>ਚੌਕਸੀ,<br>ਸਹਿਕਾਰਤਾ,<br>ਕਾਨੂੰਨੀ ਤੇ ਵਿਧਾਨਕ ਮਾਮਲੇ,<br>ਸ਼ਹਿਰੀ ਹਵਾਬਾਜ਼ੀ,<br>ਸਾਇੰਸ, ਤਕਨਾਲੋਜੀ ਤੇ ਵਾਤਾਵਰਨ<br>ਖੇਡਾਂ ਤੇ ਯੁਵਕ ਸੇਵਾਵਾਂ |
| 2. | ਸਰਦਾਰ ਹਰਪਾਲ ਸਿੰਘ ਚੀਮਾ<br>Sardar Harpal Singh Cheema | Finance, Planning<br>Programme Implementation<br>Excise & Taxation and Transport Minister | ਵਿੱਤ, ਯੋਜਨਾ ਪ੍ਰੋਗਰਾਮ ਲਾਗੂਕਰਨ, ਆਬਕਾਰੀ ਤੇ ਕਰ ਅਤੇ ਟਰਾਂਸਪੋਰਟ ਮੰਤਰੀ |
| 3. | ਸ੍ਰੀ ਅਮਨ ਅਰੋੜਾ<br>Shri Aman Arora | New & Renewable Energy Resources, Printing & Stationery, Good Governance and Information Technology, Employment Generation and Training Minister | ਨਵ ਤੇ ਨਵਿਆਉਣਯੋਗ ਊਰਜਾ ਸਰੋਤ, ਛਪਾਈ ਤੇ ਲਿਖਣ ਸਮੱਗਰੀ, ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ, ਰੋਜ਼ਗਾਰ ਉਤਪਤੀ ਤੇ ਟਰੇਨਿੰਗ ਮੰਤਰੀ |
| 4. | ਡਾਕਟਰ ਬਲਜੀਤ ਕੌਰ<br>Doctor Baljit Kaur | Social Justice, Empowerment & Minorities, Social Security Women & Child Development Minister | ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀਆਂ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ |
| 5. | ਸ੍ਰੀ ਸੰਜੀਵ ਅਰੋੜਾ<br>Shri Sanjeev Arora | Local Government, Industry and Commerce, Investment Promotion & Power Minister | ਸਥਾਨਕ ਸਰਕਾਰ, ਉਦਯੋਗ ਤੇ ਵਣਜ, ਨਿਵੇਸ਼ ਪ੍ਰੋਤਸਾਹਨ ਤੇ ਊਰਜਾ ਮੰਤਰੀ |
| 6. | ਡਾਕਟਰ ਬਲਬੀਰ ਸਿੰਘ<br>Doctor Balbir Singh | Health & Family Welfare, Medical Education & Research and Elections Minister | ਸਿਹਤ ਅਤੇ ਪਰਿਵਾਰ ਭਲਾਈ, ਡਾਕਟਰੀ ਸਿੱਖਿਆ ਤੇ ਖੋਜ ਅਤੇ ਚੋਣਾਂ ਮੰਤਰੀ |
| 7. | ਸ੍ਰੀ ਲਾਲ ਚੰਦ<br>Shri Lal Chand | Food, Civil Supplies and Consumer Affairs, Forests, Wildlife | ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਜੰਗਲਾਤ, ਜੰਗਲੀ |

| ਕ੍ਰਮ ਨੰ: | ਨਾਮ | Department | ਵਿਭਾਗ |
|---|---|---|---|
| | | Preservation Minister | ਜੀਵ ਸੁਰੱਖਿਆ ਮੰਤਰੀ |
| 8. | ਸਰਦਾਰ ਹਰਜੋਤ ਸਿੰਘ ਬੈਂਸ<br>Sardar Harjot Singh Bains | Technical Education & Industrial Training,<br>Higher Education, School Education, Information & Public Relations Minister | ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ, ਸਕੂਲ ਸਿੱਖਿਆ, ਸੂਚਨਾ ਤੇ ਲੋਕ ਸੰਪਰਕ ਮੰਤਰੀ |
| 9. | ਸਰਦਾਰ ਹਰਭਜਨ ਸਿੰਘ<br>Sardar Harbhajan Singh | Public Works (B&R) Minister | ਲੋਕ ਨਿਰਮਾਣ (ਭ ਤੇ ਮ) ਮੰਤਰੀ |
| 10. | ਸਰਦਾਰ ਗੁਰਮੀਤ ਸਿੰਘ ਖੁੱਡੀਆਂ<br>Sardar Gurmeet Singh Khudian | Agriculture & Farmers Welfare, Animal Husbandry, Fisheries and Dairy Development, Food Processing Minister | ਖੇਤੀਬਾੜੀ ਤੇ ਕਿਸਾਨ ਭਲਾਈ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ, ਫੂਡ ਪ੍ਰਾਸੈਸਿੰਗ ਮੰਤਰੀ |
| 11. | ਡਾਕਟਰ ਰਵਜੋਤ ਸਿੰਘ<br>Dr. Ravjot Singh | Jails, Parliamentary Affairs, NRI Affairs Minister | ਜੇਲ੍ਹਾਂ, ਸੰਸਦੀ ਮਾਮਲੇ, ਪ੍ਰਵਾਸੀ ਭਾਰਤੀ ਮਾਮਲੇ ਮੰਤਰੀ |
| 12. | ਸ਼੍ਰੀ ਬਰਿੰਦਰ ਕੁਮਾਰ ਗੋਇਲ<br>Shri Barinder Kumar Goyal | Mines & Geology, Water Resources, Conservation of Land & Water Minister | ਖਣਨ ਤੇ ਭੂ ਵਿਗਿਆਨ, ਜਲ ਸਰੋਤ, ਭੂਮੀ ਤੇ ਜਲ ਸੰਭਾਲ ਮੰਤਰੀ |
| 13. | ਸਰਦਾਰ ਹਰਦੀਪ ਸਿੰਘ ਮੁੰਡੀਆਂ<br>Sardar Hardeep Singh Mundian | Revenue, Rehabilitation and Disaster Management, Water Supply & Sanitation, Housing and Urban Development Minister | ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ, ਜਲ ਸਪਲਾਈ ਤੇ ਸੈਨੀਟੇਸ਼ਨ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ |
| 14. | ਸਰਦਾਰ ਤਰੁਨਪ੍ਰੀਤ ਸਿੰਘ ਸੌਂਦ<br>Sardar Tarunpreet Singh Sond | Tourism & Cultural Affairs, Labour & Hospitality, Rural Development & Panchayats Minister | ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ, ਕਿਰਤ, ਪ੍ਰਾਹੁਣਾਚਾਰੀ, ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ |
| 15. | ਸ਼੍ਰੀ ਮੋਹਿੰਦਰ ਭਗਤ<br>Shri Mohinder Bhagat | Defence Services Welfare, Freedom Fighters, Horticulture Minister | ਰੱਖਿਆ ਸੇਵਾਵਾਂ ਭਲਾਈ, ਸੁਤੰਤਰਤਾ ਸੈਨਾਨੀ, ਬਾਗਬਾਨੀ ਮੰਤਰੀ |

| Sr. No. | SUBJECT | Page No. |
|---|---|---|
| 1. | Obituary References | 1 |
| 2. | Short adjournment of the House | 3 |
| 3. | Motion under Rule 16 | 3 |
| 4. | Papers laid on the Table of the House | 5 |
| 5. | Official Resolution regarding honouring labour work force by increasing their minimum wages on the occasion of May Day (Labour Day) to appreciate their contribution to the Society | 6 |
| 6. | Welcome announcement by the Hon'ble Speaker | 16 |
| 7. | Official Resolution regarding honouring labour work force by increasing their minimum wages on the occasion of May Day (Labour Day) to appreciate their contribution to the Society *(Resumption)* | 16 |
| 8. | Welcome announcement by the Hon'ble Speaker | 23 |
| 9. | Official Resolution regarding honouring labour work force by increasing their minimum wages on the occasion of May Day (Labour Day) to appreciate their contribution to the Society *(Resumption)* | 24 |
| 10. | Walk out | 29 |
| 11. | Official Resolution regarding honouring labour work force by increasing their minimum wages on the occasion of May Day (Labour Day) to appreciate their contribution to the Society *(Resumption)* | 30 |
| 12. | Short adjournment of the House again | 46 |
| 13. | Official Resolution regarding honouring labour work force by increasing their minimum wages on the occasion of May Day (Labour Day) to appreciate their contribution to the Society *(Resumption)* | 46 |
| 14. | Short adjournment of the House once again | 51 |
| 15. | Extension of time of the sitting of the House | 51 |
| 16. | Official Resolution regarding honouring labour work force by increasing their minimum wages on the occasion of May Day (Labour Day) to appreciate their contribution to the Society *(Resumption)* | 52 |
| 17. | Announcement by Hon'ble Chief Minister regarding 15% increase of minimum ages in Government and Private Sector | 54 |
| 18. | Official Resolution regarding honouring labour work force by | 55 |

| | | |
|---|---|---|
| | increasing their minimum wages on the occasion of May Day (Labour Day) to appreciate their contribution to the Society *(Resumption)* | |
| 19. | Motion of thanks on the enactment of the Jagat Jot Sri Guru Granth Sahib Satkar (Amendment) Bill, 2026 | 59 |
| 20. | Confidence Motion | 67 |
| 21. | Legislative Business<br>1. Punjab Prisons And Correctional Services Bill, 2026<br>2. The Societies Registration (Punjab Amendment) Bill, 2026 | <br>83<br>85 |
| 22. | Appendix<br>Bulletins (Punjabi and English) | 93 |

**PUNJAB VIDHAN SABHA**

***Friday, the 1st May, 2026***

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 11.00 A.M. Mr. Speaker (Sardar Kultar Singh Sandhwan) in the Chair.*

---

**OBITUARY REFERENCES**

**ਮਾਣਯੋਗ ਸਪੀਕਰ** : ਅਕਾਲ ਚਲਾਣਿਆਂ ਦਾ ਵਰਣਨ । ਪੰਜਾਬ ਵਿਧਾਨ ਸਭਾ ਦੇ ਪਿਛਲੇ ਸਮਾਗਮ ਤੋਂ ਹੁਣ ਤੱਕ ਦੇ ਸਮੇਂ ਦੌਰਾਨ ਕਈ ਸਤਿਕਾਰਯੋਗ ਸ਼ਖ਼ਸੀਅਤਾਂ ਵਿੱਛੜ ਗਈਆਂ ਹਨ। ਅਸੀਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਇਕੱਤਰ ਹੋਏ ਹਾਂ। ਕੁਝ ਅਜਿਹੀਆਂ ਸ਼ਖ਼ਸੀਅਤਾਂ ਜੋ ਆਪਣੇ ਜੀਵਨ ਨੂੰ ਕੌਮ ਦੇ ਲੇਖੇ ਲਗਾ ਕੇ ਸਮਾਜ ਅਤੇ ਦੇਸ਼ ਦੀ ਸੇਵਾ ਵਿੱਚ ਵਡਮੁੱਲਾ ਯੋਗਦਾਨ ਪਾਉਂਦੇ ਹੋਏ ਸਾਨੂੰ ਹਮੇਸ਼ਾ ਲਈ ਸਦੀਵੀ ਵਿਛੋੜਾ ਦੇ ਗਈਆਂ ਹਨ। ਆਓ, ਉਨ੍ਹਾਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਸ਼ਰਧਾਂਜਲੀ ਭੇਟ ਕਰੀਏ।

ਸ੍ਰੀ ਚਮਨ ਲਾਲ, ਸੁਤੰਤਰਤਾ ਸੰਗਰਾਮੀ, ਸਾਨੂੰ ਮਿਤੀ 15 ਅਪ੍ਰੈਲ, 2026 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 1 ਮਈ, 1929 ਨੂੰ ਗੋਨਿਆਣਾ, ਜ਼ਿਲ੍ਹਾ ਬਠਿੰਡਾ ਵਿਖੇ ਹੋਇਆ। ਉਨ੍ਹਾਂ ਨੇ ਪਰਜਾ ਮੰਡਲ ਲਹਿਰ ਵਿੱਚ ਹਿੱਸਾ ਲਿਆ।

ਇਨ੍ਹਾਂ ਤੋਂ ਇਲਾਵਾ ਸ੍ਰੀ ਰਘੂ ਰਾਏ, ਵਿਸ਼ਵ ਪ੍ਰਸਿੱਧ ਫੋਟੋਗ੍ਰਾਫਰ, ਸਾਨੂੰ ਮਿਤੀ 26 ਅਪ੍ਰੈਲ, 2026 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ 18 ਦਸੰਬਰ, 1942 ਨੂੰ ਪਿੰਡ ਝੰਗ, ਹੁਣ ਪਾਕਿਸਤਾਨ ਵਿਖੇ ਹੋਇਆ। ਰਘੂ ਰਾਏ ਜੀ ਨੇ ਆਪਣੇ ਕੈਮਰੇ ਦੀ ਅੱਖ ਰਾਹੀਂ ਭਾਰਤ ਦੇ ਇਤਿਹਾਸਕ ਪਲਾਂ ਜਿਵੇਂ ਭੋਪਾਲ ਗੈਸ ਤ੍ਰਾਸਦੀ ਅਤੇ ਬੰਗਲਾ ਦੇਸ਼ ਸੰਕਟ ਵਰਗੀਆਂ ਘਟਨਾਵਾਂ ਨੂੰ ਦੁਨੀਆ ਸਾਹਮਣੇ ਪੇਸ਼ ਕੀਤਾ। ਭਾਰਤ ਸਰਕਾਰ ਵੱਲੋਂ ਉਨ੍ਹਾਂ ਨੂੰ 1972 ਵਿੱਚ ਪਦਮਸ੍ਰੀ ਨਾਲ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਦੀ ਕਲਾ ਨੇ ਭਾਰਤੀ ਪੱਤਰਕਾਰੀ ਅਤੇ ਫੋਟੋਗ੍ਰਾਫੀ ਨੂੰ ਨਵੀਆਂ ਉਚਾਈਆਂ ਬਖਸ਼ੀਆਂ।

ਸ੍ਰੀ ਦੀਪਇੰਦਰ ਸਿੰਘ, ਭਾਰਤੀ ਫੌਜ ਦੇ ਬਹਾਦਰ ਅਧਿਕਾਰੀ ਲੈਫਟੀਨੈਂਟ ਜਨਰਲ, ਸਾਨੂੰ ਮਿਤੀ 28 ਅਪ੍ਰੈਲ, 2026 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਸਾਲ 1930 ਵਿੱਚ ਹੋਇਆ ਸੀ। ਉਨ੍ਹਾਂ ਨੇ 1965 ਅਤੇ 1971 ਦੀ ਭਾਰਤ-ਪਾਕਿ ਜੰਗ ਦੌਰਾਨ ਅਹਿਮ ਭੂਮਿਕਾ ਨਿਭਾਈ ਸੀ ਅਤੇ ਦੇਸ਼ ਦੀ ਸੁਰੱਖਿਆ ਲਈ ਵਡਮੁੱਲਾ ਯੋਗਦਾਨ ਪਾਇਆ। ਉਨ੍ਹਾਂ ਦੀ ਦੇਸ਼ ਭਗਤੀ ਅਤੇ ਫੌਜੀ ਸੇਵਾਵਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਹਮੇਸ਼ਾ ਪ੍ਰੇਰਣਾ ਸਰੋਤ ਰਹਿਣਗੀਆਂ।

ਸਰਦਾਰ ਗੁਰਬਖਸ਼ ਸਿੰਘ ਗਰੇਵਾਲ, ਭਾਰਤ ਦੇ ਪ੍ਰਸਿੱਧ ਹਾਕੀ ਖਿਡਾਰੀ ਓਲੰਪੀਅਨ ਵੀ ਸਾਨੂੰ ਮਿਤੀ 24 ਅਪ੍ਰੈਲ, 2026 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਸਾਲ 1968 ਦੀਆਂ ਮੈਕਸੀਕੋ ਓਲੰਪਿਕ ਖੇਡਾਂ ਵਿੱਚ ਭਾਰਤੀ ਹਾਕੀ ਦਾ ਹਿੱਸਾ ਸਨ ਅਤੇ ਉਨ੍ਹਾਂ ਨੇ ਕਾਂਸੀ ਦਾ ਤਗ਼ਮਾ ਜਿੱਤਣ ਵਿੱਚ ਅਹਿਮ ਭੂਮਿਕਾ ਨਿਭਾਈ।

ਇਨ੍ਹਾਂ ਸਭਨਾਂ ਦੇ ਚਲੇ ਜਾਣ ਨਾਲ ਦੇਸ਼, ਰਾਜ ਅਤੇ ਸਾਨੂੰ ਨਾ ਪੂਰਿਆ ਜਾਣ ਵਾਲਾ ਵੱਡਾ ਘਾਟਾ ਪਿਆ ਹੈ ਅਤੇ ਅਸੀਂ ਉਨ੍ਹਾਂ ਦੀਆਂ ਵਡਮੁੱਲੀਆਂ ਸੇਵਾਵਾਂ ਤੋਂ ਵਾਂਝੇ ਹੋ ਗਏ ਹਾਂ। ਸਾਨੂੰ ਯਤਨ ਕਰਨਾ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਵਿਛੜੀਆਂ ਸ਼ਖ਼ਸੀਅਤਾਂ ਦੇ ਪਦ-ਚਿੰਨ੍ਹਾਂ 'ਤੇ ਚਲਦੇ ਹੋਏ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਰਹੀਏ। ਇਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜ਼ਲੀ ਹੋਵੇਗੀ।

ਅਸੀਂ ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਇਨ੍ਹਾਂ ਵਿਛੜੀਆਂ ਸ਼ਖਸੀਅਤਾਂ ਦੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ। ਉਨ੍ਹਾਂ ਦੇ ਪਰਿਵਾਰਾਂ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਅਤੇ ਭਾਣਾ ਮੰਨਣ ਦਾ ਬਲ ਬਖਸ਼ਣ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸ਼ੋਕ ਪ੍ਰਸਤਾਵ ਸਾਰੀਆਂ ਵਿਛੜੀਆਂ ਸ਼ਖਸੀਅਤਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣ?

**ਸ਼੍ਰੀ ਸੰਦੀਪ ਜਾਖੜ** : ਸਪੀਕਰ ਸਾਹਿਬ, ਸਾਡੀਆਂ ਨਹਿਰਾਂ ਵਿੱਚ 30 ਮਾਰਚ ਤੋਂ, ਤਕਰੀਬਨ ਇੱਕ ਮਹੀਨੇ ਤੋਂ ਜ਼ਹਿਰ ਆ ਰਿਹਾ ਹੈ। ਕੱਲ੍ਹ ਨੂੰ ਆਪਾਂ ਨੂੰ ਕੋਈ ਸ਼ਰਧਾਂਜ਼ਲੀ ਦੇਣੀ ਪਵੇਗੀ। ਮੇਰੀ ਸਰਕਾਰ ਨੂੰ ਤੁਹਾਡੇ ਰਾਹੀਂ ਇਹ ਰਿਕੁਐਸਟ ਹੈ।

**ਮਾਣਯੋਗ ਸਪੀਕਰ** : ਬੈਠੋ ਜੀ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸ਼ੋਕ ਪ੍ਰਸਤਾਵ ਸਾਰੀਆਂ ਵਿਛੜੀਆਂ ਸ਼ਖ਼ਸੀਅਤਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣ?

**(ਅਵਾਜ਼ਾਂ: ਹਾਂ ਜੀ, ਹਾਂ ਜੀ)**

ਹੁਣ ਮੈਂ ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਵਿਛੜੀਆਂ ਸ਼ਖ਼ਸੀਅਤਾਂ ਰੂਹਾਂ ਦੀ ਯਾਦ ਵਿੱਚ ਮੌਨ ਧਾਰਨ ਕਰਨ ਲਈ ਖੜ੍ਹੇ ਹੋਈਏ।

(ਇਸ ਸਮੇਂ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਨੇ ਵਿਛੜੀਆਂ ਸ਼ਖ਼ਸੀਅਤਾਂ ਦੀ ਯਾਦ ਵਿੱਚ ਖੜ੍ਹੇ ਹੋ ਕੇ ਦੋ ਮਿੰਟ ਦਾ ਮੌਨ ਧਾਰਨ ਕੀਤਾ।)

---

## SHORT ADJOURNMENT OF THE HOUSE

**ਮਾਣਯੋਗ ਸਪੀਕਰ :** ਹੁਣ ਸਦਨ 11.30 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਕੀਤਾ ਜਾਂਦਾ ਹੈ।

(ਇਸ *ਉਪਰੰਤ ਸਦਨ 11.30 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੋ ਗਿਆ।)

*1.06 ਵਜੇ ਪੂਰਵ ਦੁਪਹਿਰ।)

---

(ਇਸ *ਸਮੇਂ ਸਦਨ ਮੁੜ ਇਕੱਤਰ ਹੋਇਆ।)

*11.30 ਵਜੇ ਪੂਰਵ ਦੁਪਹਿਰ ।)

---

## MOTION UNDER RULE 16

**ਮਾਣਯੋਗ ਸਪੀਕਰ :** ਨਿਯਮ 16 ਅਧੀਨ ਪ੍ਰਸਤਾਵ। ਸੰਸਦੀ ਮਾਮਲੇ ਮੰਤਰੀ ਜੀ, ਪ੍ਰਸਤਾਵ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ) :** ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਸਿਰਫ਼ ਇੰਨੀ ਹੈ ਕਿ ਇਹ ਸਰਕਾਰ ਦਾ ਅੱਠਵਾਂ ਸਪੈਸ਼ਲ ਸੈਸ਼ਨ ਹੈ। ਪਹਿਲਾਂ ਪਹਿਲੀ ਅਪ੍ਰੈਲ, 2022 ਵਿੱਚ ਹੋਇਆ, ਫਿਰ 3 ਅਕਤੂਬਰ, 2022 ਵਿੱਚ ਹੋਇਆ ਅਤੇ 20 ਜੂਨ, 2022, 5 ਮਈ, 2025 ਅਤੇ 10 ਤੋਂ 15 ਜੁਲਾਈ, 2025, ਫਿਰ 26 ਸਤੰਬਰ, 2025 ਅਤੇ ਫਿਰ 13 ਅਪ੍ਰੈਲ, 2026 ਨੂੰ ਸਪੈਸ਼ਲ ਸੈਸ਼ਨ ਹੋਏ ਹਨ। ਸਪੀਕਰ ਸਾਹਿਬ, ਇਹ ਸਾਰੇ ਸਪੈਸ਼ਲ ਸੈਸ਼ਨ ਜਿਹੜੇ ਹੋਏ ਹਨ, ਇਨ੍ਹਾਂ ਸੈਸ਼ਨਾਂ ਵਿੱਚੋਂ ਕੋਈ ਵੀ ਸਿੱਟਾ ਨਹੀਂ ਨਿਕਲਿਆ। Nothing has come out. ਅਸੀਂ ਹਰ ਜਗ੍ਹਾ ਮੈਜਾਰਿਟੀ ਥਾਵਾਂ 'ਤੇ ਤੁਹਾਡੀ ਸਪੋਰਟ ਕੀਤੀ ਹੈ ਪਰ ਉਸ ਦਾ ਕੋਈ ਸਿੱਟਾ ਨਹੀਂ ਨਿਕਲਿਆ। ਸੋ, ਮੈਂ ਤੁਹਾਨੂੰ ਇਹੀ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਸੈਸ਼ਨ ਸੱਦਣਾ ਹੁੰਦਾ ਹੈ ਤਾਂ ਰੈਗੂਲਰ ਸੈਸ਼ਨ ਸੱਦੋ। ਇਸ ਸੈਸ਼ਨ ਵਿੱਚ ਵੀ ਕੋਈ ਪ੍ਰਸ਼ਨ ਕਾਲ ਨਹੀਂ ਹੈ, ਕੋਈ ਜ਼ੀਰੋ ਆਵਰ ਨਹੀਂ ਹੈ। ਸਾਰੇ ਐਮ.ਐਲ.ਏ. ਸਾਹਿਬਾਨ ਆਪਣੇ ਏਰੀਏ ਦੀ ਕੋਈ ਗੱਲ ਨਹੀਂ ਕਰ ਸਕਦੇ। ਕੋਈ ਬਿਜ਼ਨਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਨਹੀਂ ਹੋਈ। ਤੁਸੀਂ ਰੈਗੂਲਰ ਸੈਸ਼ਨ ਸੱਦਿਆ ਕਰੋ। ਮੇਰੀ ਇਹ ਬੇਨਤੀ ਹੈ। ਇੱਥੇ ਜਿੰਨੇ 8 ਸੈਸ਼ਨ ਬੁਲਾਏ ਗਏ ਹਨ, ਇਨ੍ਹਾਂ ਦਾ ਕੋਈ ਨਤੀਜਾ, ਕੋਈ ਸਿੱਟਾ ਨਹੀਂ ਨਿਕਲਿਆ, ਮੇਰੀ ਤੁਹਾਨੂੰ ਇਹੀ ਬੇਨਤੀ ਹੈ।

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ) :** ਐਲ.ਓ.ਪੀ. ਸਾਹਿਬ, ਜਿਹੜਾ ਆਪਾਂ ਪਿਛਲੇ ਦਿਨੀ ਸਪੈਸ਼ਲ ਸੈਸ਼ਨ ਸੱਦਿਆ ਸੀ, ਕੀ ਤੁਸੀਂ ਕਹਿੰਦੇ ਹੋ ਕਿ ਇਨ੍ਹਾਂ ਸਪੈਸ਼ਲ ਸੈਸ਼ਨਾਂ ਦਾ ਕੋਈ ਨਤੀਜਾ ਨਹੀਂ ਨਿਕਲਦਾ? ਜਿਹੜਾ ਗੁਰੂ ਸਾਹਿਬ ਜੀ ਦੀ ਬੇਅਦਬੀ ਦੇ ਵਿਰੋਧ ਵਿਚ ਅਸੀਂ ਕਾਨੂੰਨ ਬਣਾਇਆ ਸੀ, ਜੋ ਆਪਾਂ ਕਾਨੂੰਨ ਵਿੱਚ ਸੋਧ ਕੀਤੀ ਸੀ, ਹਾਲਾਂਕਿ ਸਰਦਾਰ ਪਰਗਟ ਸਿੰਘ ਜੀ ਕਹਿੰਦੇ ਸੀ ਕਿ ਇਹ ਬਿਲ ਰਾਸ਼ਟਰਪਤੀ ਜੀ ਕੋਲ ਫਸ ਜਾਵੇਗਾ। ਚਲੋ, ਕਾਂਗਰਸ ਪਾਰਟੀ ਕੋਲ ਅਲਟਰਨੇਟਿਵ ਹੋਣਗੇ। ਹੁਣ ਗਵਰਨਰ ਸਾਹਿਬ ਨੇ ਉਹ ਬਿਲ ਸਾਈਨ ਕਰ ਦਿੱਤਾ। ਉਹ ਇਸੇ ਸਪੈਸ਼ਲ ਸੈਸ਼ਨ ਦਾ ਰਿਜ਼ਲਟ ਸੀ। (ਥੰਪਿੰਗ) ਇਹ ਕਿਵੇਂ ਕਹਿ ਸਕਦੇ ਹੋ ਕਿ ਇਨ੍ਹਾਂ ਸਪੈਸ਼ਲ ਸੈਸ਼ਨਾਂ ਦਾ ਕੋਈ ਨਤੀਜਾ ਨਹੀਂ ਨਿਕਲਦਾ? ਮਤਲਬ ਤੁਸੀਂ ਇੱਥੇ ਆਉਣਾ ਨਹੀਂ ਚਾਹੁੰਦੇ ਜਾਂ ਬਾਈਕਾਟ ਕਰਨਾ ਚਾਹੁੰਦੇ ਹੋ? ਅੱਜ ਆਪਾਂ ਆਰਾਮ ਨਾਲ ਗੱਲ ਕਰੀਏ। ਮੈਨੂੰ ਤੁਹਾਡੀ ਇਹ ਗੱਲ ਸਮਝ ਨਹੀਂ ਆਈ। ਤੁਸੀਂ ਕਿੰਨੇ ਕੁ ਪ੍ਰਸ਼ਨ ਲਗਾਉਣੇ ਹਨ? ਆਪਾਂ ਇੰਝ ਕਰਾਂਗੇ ਕਿ ਜਦੋਂ ਮੌਨਸੂਨ ਸੈਸ਼ਨ ਆਵੇਗਾ, ਉਸ ਵਿੱਚ ਤੁਹਾਡੇ ਹਜ਼ਾਰਾਂ ਹੀ ਪ੍ਰਸ਼ਨ ਲੈ ਲਵਾਂਗੇ। 10 ਦਿਨ ਦਾ ਸੈਸ਼ਨ ਵਧਾ ਲਵਾਂਗੇ ਪਰ ਤੁਸੀਂ ਇਹ make sure ਕਰੋ ਕਿਉਂਕਿ ਤੁਸੀਂ ਐਲ.ਓ.ਪੀ. ਹੋ, ਕਿ ਤੁਹਾਡੀ ਪਾਰਟੀ ਵਾਕ-ਆਊਟ ਨਾ ਕਰੇ, ਬਾਈਕਾਟ ਨਾ ਕਰੇ। ਬੈਠ ਕੇ ਗੱਲ ਕਰੋ। ਆਪਾਂ ਕੋਈ ਬੇਗਾਨੇ ਥੋੜੇ ਹਾਂ। ਇਹ ਗੁਰਦਾਸਪੁਰ ਖੜ੍ਹਾ ਹੈ, ਇੱਧਰ ਸੰਗਰੂਰ ਖੜ੍ਹਾ ਹੈ। (ਹੱਥ ਨਾਲ ਇਸ਼ਾਰਾ ਕਰਦੇ ਹੋਏ) ਕਿਹੜੀ ਗੱਲ ਹੈ? ਸਿਰਫ ਤਿੰਨ ਘੰਟਿਆਂ ਦਾ ਰਾਹ ਹੈ। ਇੱਧਰੋਂ ਚੱਲ ਪਓ, ਓਧਰੋਂ ਚੱਲ ਪਓ। ਮੈਨੂੰ ਲੱਗਦਾ ਹੈ ਕਿ ਜੇਕਰ ਆਪਾਂ ਸਾਰੇ ਪੰਜਾਬ ਅਤੇ ਸਾਰੇ ਦੇਸ਼ ਨੂੰ ਇੱਕ ਗੁੱਡ ਜੈਸਚਰ ਦੇ ਦੇਈਏ ਕਿ ਪੰਜਾਬ ਦੀ ਵਿਧਾਨ ਸਭਾ ਵਿੱਚ ਇਸ ਤਰ੍ਹਾਂ ਵੀ ਗੱਲਾਂ ਹੁੰਦੀਆਂ ਹਨ।

ਅੱਜ ਮਜ਼ਦੂਰ ਦਿਵਸ ਹੈ, ਇਸ ਦਾ ਸਪੈਸ਼ਲ ਸੈਸ਼ਨ ਹੈ। ਪੂਰੀ ਦੁਨੀਆ ਵਿੱਚ ਮਈ ਦਿਵਸ ਮਨਾਇਆ ਜਾ ਰਿਹਾ ਹੈ। ਅੱਜ ਮਜ਼ਦੂਰਾਂ ਦੇ ਨਾਂ 'ਤੇ ਡਿਬੇਟ ਹੋਵੇਗੀ। ਇਹ ਰਾਣਾ ਗੁਰਜੀਤ ਜੀ ਬੈਠੇ ਹਨ, ਇਨ੍ਹਾਂ ਕੋਲ ਕਾਫ਼ੀ ਮਜ਼ਦੂਰ ਕੰਮ ਕਰਦੇ ਹਨ। ਤੁਹਾਡੇ ਵਿੱਚੋਂ ਕਈਆਂ ਦੇ ਬਿਜ਼ਨਸ ਹਨ, ਉੱਥੇ ਵੀ ਮਜ਼ਦੂਰ ਕੰਮ ਕਰਦੇ ਹੋਣਗੇ। ਮੈਨੂੰ ਲੱਗਦਾ ਹੈ ਕਿ ਇਸ ਸੈਸ਼ਨ ਨੂੰ ਤੂੰ-ਤੂੰ ਮੈਂ-ਮੈਂ ਦੇ ਵਿੱਚੋਂ ਕੱਢ ਦੇਣਾ ਚਾਹੀਦਾ ਹੈ। ਸਪੀਕਰ ਸਾਹਿਬ, ਇਹ ਜਿਹੜੇ ਹੁਣੇ ਆਪਣੀ ਸੀਟ ਤੋਂ ਉੱਠ ਕੇ ਰਿਪੋਰਟਰ ਗਏ ਹਨ, ਉਨ੍ਹਾਂ ਨੇ ਅੱਗਿਓਂ ਕਰਾਸ ਨਹੀਂ ਕਰਨਾ ਹੁੰਦਾ। ਜੇ ਉਨ੍ਹਾਂ ਨੇ ਜਾਣਾ ਸੀ ਤਾਂ ਉਹ ਇੱਧਰ ਤੋਂ ਜਾਂ ਉੱਧਰ ਤੋਂ (ਇਸ਼ਾਰਾ ਕਰਕੇ ਦੱਸਦੇ ਹੋਏ) ਜਾ ਸਕਦੇ ਸੀ , ਮੈਂ ਇਹ ਪਾਰਲੀਮੈਂਟ ਤੋਂ ਸਿੱਖਿਆ ਹੈ। ਜੋ ਸਪੀਕਰ ਬੋਲ ਰਿਹਾ ਹੈ, ਉਸ ਦੇ ਸਾਹਮਣੇ ਤੋਂ ਕਦੇ ਵੀ ਕਰਾਸ ਨਹੀਂ ਕਰਨਾ ਹੁੰਦਾ। Anyway, ਗੁਰੂ ਸਾਹਿਬ ਦੀ ਬੇਅਦਬੀ ਵਾਲਾ ਬਿਲ ਵੀ ਸਪੈਸ਼ਲ ਸੈਸ਼ਨ ਵਿੱਚ ਹੀ ਆਇਆ ਸੀ। ਗੁਰੂ ਸਾਹਿਬ ਆਪੇ ਵਿਧਾਨ ਸਭਾ ਸ੍ਰੀ ਅਨੰਦਪੁਰ ਸਾਹਿਬ ਲੈ ਕੇ ਗਏ ਹਨ, ਉਦੋਂ ਸਪੈਸ਼ਲ ਸੈਸ਼ਨ ਹੀ ਸੀ। ਇਸ ਤਰ੍ਹਾਂ ਨਹੀਂ ਹੋ ਸਕਦਾ ਕਿ ਸਪੈਸ਼ਲ ਸੈਸ਼ਨ ਬੇਸਲੈੱਸ ਹਨ, meaningless ਹਨ। ਮੇਰੇ ਖਿਆਲ ਵਿੱਚ, I may be wrong, ਇਸ ਤਰ੍ਹਾਂ ਕਹਿਣਾ ਸਹੀ ਨਹੀਂ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਮੈਂ contradict ਨਹੀਂ ਕਰ ਰਿਹਾ ਹਾਂ। ਠੀਕ ਹੈ, ਇੱਕ-ਦੋ ਸੈਸ਼ਨ ਦੇ ਵਿੱਚ ਅੱਛਾ ਰਿਜ਼ਲਟ ਵੀ ਆਇਆ ਹੈ। ਮੇਰੀ ਇੱਕੋ ਬੇਨਤੀ ਰੈਗੂਲਰ ਸੈਸ਼ਨ ਬਾਰੇ ਸੀ, ਸਾਡਾ ਬੇਸਿਕ ਕਹਿਣ ਦਾ ਮਤਲਬ ਸੀ ਕਿ ਰੈਗੂਲਰ ਸੈਸ਼ਨ ਹੋਵੇ, ਉਸ ਦੇ ਵਿੱਚ ਸਵਾਲ ਜਵਾਬ ਸਾਰਾ ਕੁਝ ਹੋਵੇ।

**ਮੁੱਖ ਮੰਤਰੀ (ਬੈਠੇ-ਬੈਠੇ) :** ਜਿੰਨੇ ਦਿਨ ਦਾ ਤੁਸੀਂ ਕਹੋਗੇ, ਓਨੇ ਹੀ ਦਿਨ ਦਾ ਸੈਸ਼ਨ ਹੋਵੇਗਾ।

**ਮਾਣਯੋਗ ਸਪੀਕਰ :** ਤੁਹਾਡੀ ਗੱਲ ਆ ਗਈ ਹੈ। Sir, your point taken.

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ :** 'ਨਾਂਹ' ਕਹਿਣ ਵਾਲੀ ਤਾਂ ਕੋਈ ਆਵਾਜ਼ ਆਈ ਨਹੀਂ ਹੈ।

**ਮੁੱਖ ਮੰਤਰੀ (ਬੈਠੇ ਬੈਠੇ):** ਨਾਲੇ ਕਹਿੰਦੇ ਸੈਸ਼ਨ ਦਾ ਫਾਇਦਾ ਕੋਈ ਨਹੀਂ ਹੈ। (ਹਾਸਾ)

---

## PAPERS LAID ON THE TABLE OF THE HOUSE

**ਮਾਨਯੋਗ ਸਪੀਕਰ :** ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ)** : ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ ਸੂਚੀ ਵਿੱਚ ਆਈਟਮ ਨੰ:3 ਅਧੀਨ ਲੜੀ ਨੰ: 1 ਤੋਂ 8 ਤੱਕ ਦੇ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ:-

1. ਨੋਟੀਫਿਕੇਸ਼ਨ ਨੰ: ਜੀ.ਐਸ.ਆਰ 177/ਪੀ.ਏ.1/2020/ਐਸ.14/2025 ਮਿਤੀ 18.11.2025, ਜਿਸ ਵਿੱਚ ਪੰਜਾਬ ਰਾਈਟ ਟੂ ਬਿਜ਼ਨਸ ਰੂਲਜ਼, 2025 ਸ਼ਾਮਲ ਹੈ, ਜਿਵੇਂ ਕਿ ਪੰਜਾਬ ਰਾਈਟ ਟੂ ਬਿਜ਼ਨਸ ਐਕਟ, 2020 ਦੀ ਧਾਰਾ 14(2) ਅਧੀਨ ਲੋੜੀਂਦਾ ਹੈ।

2. ਸਾਲ 2022-23 ਲਈ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ (ਪੀ.ਆਰ.ਟੀ.ਪੀ.ਡੀ) ਐਕਟ, 1995 ਦੀ ਧਾਰਾ 54 (2) ਅਧੀਨ ਲੋੜੀਂਦਾ ਹੈ।

3. ਸਾਲ 2023-24 ਲਈ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ (ਪੀ.ਆਰ.ਟੀ.ਪੀ.ਡੀ) ਐਕਟ, 1995 ਦੀ ਧਾਰਾ 54 (2) ਅਧੀਨ ਲੋੜੀਂਦਾ ਹੈ।

4. ਸਾਲ 2021-22 ਲਈ ਜਲੰਧਰ ਵਿਕਾਸ ਅਥਾਰਿਟੀ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ (ਪੀ.ਆਰ.ਟੀ.ਪੀ.ਡੀ) ਐਕਟ, 1995 ਦੀ ਧਾਰਾ 54 (2) ਅਧੀਨ ਲੋੜੀਂਦਾ ਹੈ।

5. ਸਾਲ 2022-23 ਲਈ ਜਲੰਧਰ ਵਿਕਾਸ ਅਥਾਰਿਟੀ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ (ਪੀ.ਆਰ.ਟੀ.ਪੀ.ਡੀ)ਐਕਟ, 1995 ਦੀ ਧਾਰਾ 54 (2) ਅਧੀਨ ਲੋੜੀਂਦਾ ਹੈ।

6. ਸਾਲ 2023-24 ਲਈ ਜਲੰਧਰ ਵਿਕਾਸ ਅਥਾਰਿਟੀ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ (ਪੀ.ਆਰ.ਟੀ.ਪੀ.ਡੀ) ਐਕਟ, 1995 ਦੀ ਧਾਰਾ 54 (2) ਅਧੀਨ ਲੋੜੀਂਦਾ ਹੈ।

7. ਸਾਲ 2024-25 ਲਈ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦੀ 15ਵੀਂ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 395 ਅਧੀਨ ਲੋੜੀਂਦਾ ਹੈ।

8. ਸਾਲ 2024-25 ਲਈ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੇ ਲੇਖਿਆਂ ਅਤੇ ਆਡਿਟ ਰਿਪੋਰਟ ਦੇ ਸਾਲਾਨਾ ਵਿਵਰਣ, ਜਿਵੇਂ ਕਿ ਬਿਜਲੀ ਰੈਗੂਲੇਟਰੀ ਕਮਿਸ਼ਨ ਐਕਟ, 1998 ਦੀ ਧਾਰਾ 34 (4) ਅਧੀਨ ਲੋੜੀਂਦਾ ਹੈ।

---

## OFFICIAL RESOLUTION REGARDING HONOURING LABOUR WORK FORCE BY INCREASING THEIR MINIMUM WAGES ON THE OCCASION OF MAY DAY (LABOUR DAY) TO APPRECIATE THEIR CONTRIBUTION TO THE SOCIETY

**ਮਾਣਯੋਗ ਸਪੀਕਰ:** ਮੰਤਰੀ ਜੀ ਪ੍ਰਸਤਾਵ ਪੇਸ਼ ਕਰਨ।

**ਕਿਰਤ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ) :** ਮਾਣਯੋਗ ਸਪੀਕਰ ਸਾਹਿਬ, ਤਹਿ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਹੈ ਜੀ। ਅੱਜ ਲੇਬਰ ਡੇਅ ਦੇ ਮੌਕੇ ਉੱਤੇ ਇਸ ਪਵਿੱਤਰ ਵਿਧਾਨ ਸਭਾ ਦੇ ਅੰਦਰ ਬਹੁਤ ਅਹਿਮ ਤੇ ਇੰਪਾਰਟੈਂਟ ਮਤਾ ਪੇਸ਼ ਕਰਨ ਦਾ ਮੌਕਾ ਦਿੱਤਾ ਹੈ। ਮਾਣਯੋਗ ਸਪੀਕਰ ਸਾਹਿਬ, ਜੇਕਰ ਮੈਂ ਗਲਤ ਨਹੀਂ ਤਾਂ 69 ਸਾਲਾਂ ਬਾਅਦ ਮਤਲਬ ਕਿ ਮਿਤੀ 1.5.1957 ਤੇ ਮਿਤੀ 1.5.1962 ਨੂੰ ਯਾਨੀ ਕਿ 69 ਸਾਲਾਂ ਬਾਅਦ, ਜੇ ਕਿਸੇ ਨੇ ਸੱਚੇ ਦਿਲੋਂ ਸਾਡੇ ਮਜ਼ਦੂਰਾਂ, ਕਿਰਤੀਆਂ ਤੇ ਕਾਮਿਆਂ ਲਈ 69 ਸਾਲ ਬਾਅਦ ਸੈਸ਼ਨ ਬੁਲਾਇਆ ਹੈ ਤਾਂ ਉਹ ਇਸ ਸਰਕਾਰ ਨੇ ਹੀ ਬੁਲਾਇਆ ਹੈ। ਪਿਛਲੇ ਇੰਨੇ ਸਾਲਾਂ ਵਿੱਚ 14 ਸਰਕਾਰਾਂ ਹੋ ਗਈਆਂ। ਮਾਣਯੋਗ ਸਪੀਕਰ ਸਾਹਿਬ, ਜੇ ਕੈਲਕੂਲੇਟ ਕਰੋ ਤਾਂ 14 ਸਰਕਾਰਾਂ ਬਾਅਦ ਕਿਸੇ ਨੇ ਅੱਜ May Day ਦੇ ਉੱਤੇ ਸੈਸ਼ਨ ਸੱਦਿਆ ਹੈ।

**ਮਾਣਯੋਗ ਸਪੀਕਰ :** ਮੰਤਰੀ ਜੀ, ਪਹਿਲਾਂ ਤੁਸੀਂ ਪ੍ਰਸਤਾਵ ਪੇਸ਼ ਕਰ ਲਵੋ।

**ਕਿਰਤ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ)**: ਸ੍ਰੀਮਾਨ ਜੀ, ਪ੍ਰਸਤਾਵ ਕਰਦਾ ਹਾਂ-

> "ਕਿ ਅੱਜ 'ਕਿਰਤੀ ਦਿਵਸ' ਤੇ ਇਹ ਵਿਧਾਨ ਸਭਾ ਦਾ ਸਪੈਸ਼ਲ ਸੈਸ਼ਨ ਬੁਲਾਇਆ ਗਿਆ ਹੈ, ਤਾਂ ਜੋ ਕਿਰਤੀਆਂ ਨੂੰ ਨਮਨ ਕੀਤਾ ਜਾ ਸਕੇ। ਕਿਰਤੀ ਦੇਸ਼, ਕੌਮ, ਰਾਜ ਅਤੇ ਸਮਾਜ ਦੇ ਨਿਰਮਾਣ ਦਾ ਧੁਰਾ ਹਨ। ਉਨ੍ਹਾਂ ਦੇ ਖੂਨ-ਪਸੀਨੇ ਨਾਲ ਹੀ ਹਰ ਨਿਰਮਾਣ ਕਾਰਜ ਸਫਲ ਹੁੰਦਾ ਹੈ। 'ਮਈ ਦਿਵਸ' ਸੰਨ 1886 ਵਿੱਚ Haymarket Square, ਸ਼ਿਕਾਗੋ ਵਿੱਚ ਕੰਮ ਦੇ ਘੰਟੇ 8 ਕਰਨ ਦੇ ਇਤਿਹਾਸਕ ਅੰਦੋਲਨ ਵਿੱਚ ਸ਼ਹਾਦਤਾਂ ਦੇਣ ਵਾਲੇ ਕਿਰਤੀਆਂ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ, ਜੋ ਕਿ ਸਮਾਜਿਕ ਨਿਆਂ ਅਤੇ ਬੇਹਤਰ ਕਿਰਤ-ਸਹੂਲਤਾਂ ਦੀ ਮਹੱਤਤਾ ਨੂੰ ਦਰਸਾਉਂਦਾ ਹੈ।

ਪੰਜਾਬ ਦੀ ਧਰਤੀ ਗੁਰੂਆਂ, ਪੀਰਾਂ, ਪੈਗੰਬਰਾਂ ਅਤੇ ਸੂਰਵੀਰ ਯੋਧਿਆਂ ਦੀ ਧਰਤੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਦਿੱਤੇ ਸੰਦੇਸ਼ ਵਿੱਚ ਕਿਰਤ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ''ਕਿਰਤ ਕਰੋ ਨਾਮ ਜਪੋ ਅਤੇ ਵੰਡ ਛਕੋ'' ਦਾ ਉਪਦੇਸ਼ ਦਿੱਤਾ ਗਿਆ ਹੈ।

ਪੰਜਾਬ ਵਿੱਚ ਕਿਰਤੀ ਵਰਗ ਦੀਆਂ ਘੱਟੋ-ਘੱਟ ਉਜਰਤਾਂ ਵਿੱਚ ਵਾਧਾ ਕਰਦੇ ਹੋਏ ਸਾਲ 2012 ਵਿੱਚ ਉਜਰਤਾਂ ਦੇ ਬੇਸ ਰੇਟ ਦੀ ਰਵੀਜ਼ਨ ਕੀਤੀ ਗਈ ਸੀ। ਭਾਵੇਂ ਸਾਲ 2012 ਤੋਂ ਹੁਣ ਤੱਕ ਮਹਿੰਗਾਈ ਭੱਤਾ ਵਧਦਾ ਰਿਹਾ ਹੈ, ਪਰ ਘੱਟੋ-ਘੱਟ ਉਜਰਤਾਂ ਦੇ ਬੇਸ ਰੇਟ ਵਿੱਚ ਵਾਧਾ ਨਹੀਂ ਹੋਇਆ ਹੈ। ਮਈ ਦਿਵਸ ਦੇ ਇਸ ਮੁਕੱਦਸ ਦਿਨ ਤੇ ਵਿਧਾਨ ਸਭਾ ਦੇ ਇਸ ਵਿਸ਼ੇਸ਼ ਸੈਸ਼ਨ ਵਿੱਚ ਕਿਰਤੀਆਂ ਦੀਆਂ ਘੱਟੋ-ਘੱਟ ਉਜਰਤਾਂ ਦੀ ਰਵੀਜ਼ਨ ਕਰਨ ਦੀ ਤਜਵੀਜ਼ ਪੇਸ਼ ਕਰਦਾ ਹੈ ਅਤੇ ਸਦਨ ਸਿਫਾਰਸ਼ ਕਰਦਾ ਹੈ ਕਿ ਕਿਰਤੀਆਂ ਦੀਆਂ ਘੱਟੋ-ਘੱਟ ਉਜਰਤਾਂ ਵਿੱਚ ਵਾਧਾ ਕੀਤਾ ਜਾਵੇ ਤਾਂ ਜੋ ਕਿਰਤੀਆਂ ਦੇ ਯੋਗਦਾਨ ਨੂੰ ਸਤਿਕਾਰਿਆ ਜਾ ਸਕੇ, ਕਿਰਤੀਆਂ ਦੀ ਸ਼ਲਾਘਾ ਕੀਤੀ ਜਾ ਸਕੇ ਅਤੇ ਕਿਰਤੀਆਂ ਦੇ ਯੋਗਦਾਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਜਾ ਸਕੇ।"

(ਇਸ ਸਮੇਂ ਮਾਣਯੋਗ ਮੁੱਖ ਮੰਤਰੀ ਜੀ ਵੱਲੋਂ ਹਾਊਸ ਦੀ ਕਾਰਵਾਈ ਰਿਕਾਰਡ ਕਰਕੇ ਰਿਪੋਰਟਰ ਦੇ ਉਠ ਕੇ ਬਾਹਰ ਜਾਣ 'ਤੇ ਇਤਰਾਜ਼ ਜਤਾਇਆ ਗਿਆ। ਮਾਣਯੋਗ ਮੁੱਖ ਮੰਤਰੀ ਜੀ ਵੱਲੋਂ ਰਿਪੋਰਟਰ ਨੂੰ ਬਾਹਰ ਨਾ ਜਾਣ ਅਤੇ ਆਪਣੀ ਸੀਟ ਤੇ ਮੁੜ ਬੈਠਣ ਲਈ ਕਹੇ ਜਾਣ 'ਤੇ ਸਬੰਧਤ ਰਿਪੋਰਟਰ ਵਾਪਸ ਆ ਕੇ ਆਪਣੀ ਸੀਟ 'ਤੇ ਮੁੜ ਬੈਠ ਗਏ।)

**ਮੁੱਖ ਮੰਤਰੀ** : ਸਪੀਕਰ ਸਾਹਿਬ, ਹਾਊਸ ਨੂੰ ਆਰਡਰ ਵਿੱਚ ਕੀਤਾ ਜਾਵੇ।

**ਮਾਣਯੋਗ ਸਪੀਕਰ** : ਠੀਕ ਹੈ ਜੀ, ਮੈਂ ਕਹਿੰਦਾ ਹਾਂ। ਮੈਂ ਰਿਪੋਰਟਰਜ਼ ਨੂੰ ਹਦਾਇਤ ਕਰਦਾ ਹਾਂ ਕਿ ਆਰਡਰ ਬਣਾ ਕੇ ਰੱਖਿਆ ਜਾਵੇ।

ਪ੍ਰਸਤਾਵ ਕੀਤਾ -

" ਕਿ ਅੱਜ 'ਕਿਰਤੀ ਦਿਵਸ' ਤੇ ਇਹ ਵਿਧਾਨ ਸਭਾ ਦਾ ਸਪੈਸ਼ਲ ਸੈਸ਼ਨ ਬੁਲਾਇਆ ਗਿਆ ਹੈ, ਤਾਂ ਜੋ ਕਿਰਤੀਆਂ ਨੂੰ ਨਮਨ ਕੀਤਾ ਜਾ ਸਕੇ। ਕਿਰਤੀ ਦੇਸ਼, ਕੌਮ, ਰਾਜ ਅਤੇ ਸਮਾਜ ਦੇ ਨਿਰਮਾਣ ਦਾ ਧੁਰਾ ਹਨ। ਉਨ੍ਹਾਂ ਦੇ ਖੂਨ-ਪਸੀਨੇ ਨਾਲ ਹੀ ਹਰ ਨਿਰਮਾਣ ਕਾਰਜ ਸਫਲ ਹੁੰਦਾ ਹੈ। 'ਮਈ ਦਿਵਸ' ਸੰਨ 1886 ਵਿੱਚ Haymarket Square, ਸ਼ਿਕਾਗੋ ਵਿੱਚ ਕੰਮ ਦੇ ਘੰਟੇ 8 ਕਰਨ ਦੇ ਇਤਿਹਾਸਕ ਅੰਦੋਲਨ ਵਿੱਚ ਸ਼ਹਾਦਤਾਂ ਦੇਣ ਵਾਲੇ ਕਿਰਤੀਆਂ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ, ਜੋ ਕਿ ਸਮਾਜਿਕ ਨਿਆਂ ਅਤੇ ਬੇਹਤਰ ਕਿਰਤ-ਸਹੂਲਤਾਂ ਦੀ ਮਹੱਤਤਾ ਨੂੰ ਦਰਸਾਉਂਦਾ ਹੈ।

ਪੰਜਾਬ ਦੀ ਧਰਤੀ ਗੁਰੂਆਂ, ਪੀਰਾਂ, ਪੈਗੰਬਰਾਂ ਅਤੇ ਸੂਰਵੀਰ ਯੋਧਿਆਂ ਦੀ ਧਰਤੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਦਿੱਤੇ ਸੰਦੇਸ਼ ਵਿੱਚ ਕਿਰਤ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ''ਕਿਰਤ ਕਰੋ ਨਾਮ ਜਪੋ ਅਤੇ ਵੰਡ ਛਕੋ'' ਦਾ ਉਪਦੇਸ਼ ਦਿੱਤਾ ਗਿਆ ਹੈ।

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ)**: ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਇਸ ਵਕਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮਾਣਯੋਗ ਮੈਂਬਰ ਸਾਹਿਬ, ਸਰਦਾਰ ਸੁਖਪਾਲ ਸਿੰਘ ਖਹਿਰਾ ਮੋਬਾਇਲ 'ਤੇ ਬਿਜ਼ੀ ਹਨ। ਇਨ੍ਹਾਂ ਨੂੰ ਪੁੱਛਿਓ ਕਿ ਇਸ ਤੋਂ ਪਹਿਲਾਂ ਤੁਸੀਂ ਕੀ ਕਿਹਾ ਹੈ, ਇਹ ਆਪਣੇ ਆਪ ਨੂੰ ਸਭ ਤੋਂ ਵੱਧ ਹਾਜ਼ਰ ਦੱਸਦੇ ਹਨ ਪਰ ਮੈਨੂੰ ਲੱਗਦਾ ਹੈ ਕਿ ਇਹ ਮੋਬਾਇਲ 'ਤੇ ਬਿਜ਼ੀ ਹਨ।

**ਮਾਣਯੋਗ ਸਪੀਕਰ**: ਮੈਂ ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਆਪਾਂ ਹਾਊਸ ਵਿੱਚ ਆਰਡਰ ਬਣਾ ਕੇ ਰੱਖੀਏ ਅਤੇ ਜੋ ਵੀ ਮਤਾ ਆ ਰਿਹਾ ਹੈ, ਉਸ ਨੂੰ ਧਿਆਨ ਨਾਲ ਸੁਣੀਏ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਬੈਠੇ-ਬੈਠੇ )** : ਸਭ ਕੋਲ ਮੋਬਾਇਲ ਹੈ।

**ਮੁੱਖ ਮੰਤਰੀ :** ਮੋਬਾਇਲ ਦਾ ਕੀ ਮਤਲਬ? ਜੇਕਰ ਕਰਨਾ ਹੈ ਤਾਂ ਬਾਹਰ ਜਾ ਕੇ ਕਰੋ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਬੈਠੇ-ਬੈਠੇ)** : ਹਾਲੇ ਕਿਹੜਾ ਬਿਲ ਆ ਰਿਹਾ ਹੈ। (ਵਿਘਨ) (ਸ਼ੋਰ)

**ਮੁੱਖ ਮੰਤਰੀ** : ਮੋਬਾਇਲ 'ਤੇ ਕਿਹੜਾ ਬਿਲ ਆ ਰਿਹਾ ਹੈ? ਬਿਲ ਤਾਂ ਇੱਥੇ ਆ ਰਿਹਾ ਹੈ। (ਵਿਘਨ) (ਸ਼ੋਰ)

**ਸਰਦਾਰ ਸੁਖਪਾਲ ਸਿੰਘ ਖਹਿਰਾ (ਬੈਠੇ-ਬੈਠ)** : ਮੋਬਾਇਲ 'ਤੇ ਬਿਲ ਆ ਰਿਹਾ ਹੈ।

**ਮਾਣਯੋਗ ਸਪੀਕਰ** : ਆਰਡਰ, ਆਰਡਰ ਪਲੀਜ਼।

**ਮੁੱਖ ਮੰਤਰੀ** : ਬਿਲ ਤਾਂ ਇੱਥੇ ਸਦਨ ਵਿੱਚ ਆ ਰਿਹਾ ਹੈ, ਇੱਥੇ ਗੱਲ ਚੱਲ ਰਹੀ ਹੈ। ਜਦੋਂ ਕਿਰਤੀ ਕਾਨੂੰਨ ਦੀ ਗੱਲ ਚੱਲ ਰਹੀ ਹੈ, ਉਦੋਂ ਕਿਹੜਾ ਬਿਲ ਆ ਰਿਹਾ ਹੈ? (ਵਿਘਨ) (ਸ਼ੋਰ) What are you studying?

**ਮਾਣਯੋਗ ਸਪੀਕਰ** : ਮਾਣਯੋਗ ਸੀ.ਐਮ. ਸਾਹਿਬ, ਤੁਸੀਂ ਬੈਠੋ ਜੀ। (ਵਿਘਨ) (ਸ਼ੋਰ)

**Chief Minister** : What are you studying? You are studying Sanawar, Doon. (Interruptions)

**ਮਾਣਯੋਗ ਸਪੀਕਰ** : ਮੈਂ ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਚੇਅਰ ਨੂੰ ਐਡਰੈਸ ਕੀਤਾ ਜਾਵੇ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਨੇ ਆਪਣਾ ਮੋਬਾਇਲ ਫੋਨ ਟੇਬਲ 'ਤੇ ਰੱਖ ਦਿੱਤਾ।)

**ਮੁੱਖ ਮੰਤਰੀ** : ਹੁਣ ਫੋਨ ਰੱਖ ਦਿੱਤਾ ਨਾ? ਇਸ ਦਾ ਮਤਲਬ ਤੁਸੀਂ ਗਲਤ ਸੀ ਨਾ? (ਵਿਘਨ) (ਸ਼ੋਰ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਅਤੇ ਮੰਤਰੀ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ 'ਤੇ ਖੜ੍ਹੇ ਹੋ ਕੇ ਉੱਚੀ ਉੱਚੀ ਬੋਲਣ ਲੱਗ ਗਏ ਜਿਸ ਕਾਰਨ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ** : ਮੈਂ ਸਾਰੇ ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਬਹੁਤ ਹੀ ਮਹੱਤਵਪੂਰਨ ਮਤਾ ਪੇਸ਼ ਕੀਤਾ ਜਾ ਰਿਹਾ ਹੈ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਕੀ ਤੁਸੀਂ ਇਸ ਮੈਂਬਰ ਸਾਹਿਬ ਨੂੰ ਪੁੱਛ ਸਕਦੇ ਹੋ ਕਿ ਇਸ ਤੋਂ ਪਹਿਲਾਂ ਤੁਸੀਂ ਕੀ ਬੋਲਿਆ ਸੀ?

**ਮਾਣਯੋਗ ਸਪੀਕਰ**: ਜੀ।

**ਮੁੱਖ ਮੰਤਰੀ** : ਇਹ ਨਹੀਂ ਦੱਸ ਸਕਦੇ ਕਿਉਂਕਿ ਇਹ ਮੋਬਾਇਲ ਫੋਨ ਚਲਾ ਰਹੇ ਸਨ। ਪਤਾ ਨਹੀਂ ਕਿਹੜਾ ਬਿੱਲ ਆ ਰਿਹਾ ਹੈ? ਸਾਨੂੰ ਤਾਂ ਬਿੱਲ ਆਉਂਦਾ ਨਹੀਂ ਹੈ। ਅਸੀਂ ਤਾਂ ਸਾਰੇ ਬਿੱਲ ਫਰੀ ਕਰਨ ਲੱਗੇ ਹੋਏ ਹਾਂ। ਐਲ.ਓ.ਪੀ. ਸਾਹਿਬ, ਤੁਹਾਡੇ ਜਿਹੜੇ ਮੈਂਬਰ ਹਨ, ਉਹ ਇਸ ਤਰ੍ਹਾਂ (ਹੱਥ ਨਾਲ ਮੋਬਾਇਲ ਫੋਨ ਚਲਾਉਣ ਦਾ ਇਸ਼ਾਰਾ ਕਰਦੇ ਹੋਏ) ਕਰ ਰਹੇ ਹਨ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਬੈਠੇ-ਬੈਠੇ)** : ਮੈਂ ਇਸ ਦਾ ਜਵਾਬ ਦੇ ਦਿੰਦਾ ਹਾਂ।

**ਮਾਣਯੋਗ ਸਪੀਕਰ** : ਆਪਾਂ ਪਹਿਲਾਂ ਮਤਾ ਪੇਸ਼ ਕਰ ਲਈਏ, ਉਸ ਤੋਂ ਬਾਅਦ ਗੱਲ ਕਰ ਲੈਣਾ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਬੈਠੇ-ਬੈਠੇ)** : ਇਹ ਇੰਨੇ ਔਖੇ ਹੋ ਰਹੇ ਹਨ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ 'ਤੇ ਬੈਠੇ ਬੈਠੇ ਬੋਲ ਰਹੇ ਸਨ।)

**ਮੁੱਖ ਮੰਤਰੀ** : ਇੱਥੇ ਨਾਨ-ਸੀਰੀਅਸ ਲੋਕ ਆ ਗਏ ਹਨ। (ਵਿਘਨ) (ਸ਼ੋਰ) ਬੈਠ ਜਾਹ। ਤੂੰ ਸਾਡਾ ਹੀ ਐਲ.ਓ.ਪੀ. ਰਿਹਾ ਹੈਂ। (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਨੂੰ ਸੰਬੋਧਨ ਕਰਦੇ ਹੋਏ) (ਵਿਘਨ) (ਸ਼ੋਰ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਅਤੇ ਮੰਤਰੀ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ 'ਤੇ ਖੜ੍ਹੇ ਹੋ ਗਏ। ਟਰੈਜ਼ਰੀ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਸੀਟਾਂ ਤੋਂ ਉਠ ਕੇ ਮੰਤਰੀ ਸਾਹਿਬਾਨ ਦੀਆਂ ਸੀਟਾਂ ਕੋਲ ਆ ਕੇ ਖੜ੍ਹੇ ਹੋ ਗਏ ਅਤੇ ਉੱਚੀ ਉੱਚੀ ਬੋਲਣ ਲੱਗ ਗਏ ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ** : ਮੈਂ ਸਾਰੇ ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਆਪਣੀਆਂ-ਆਪਣੀਆਂ ਸੀਟਾਂ 'ਤੇ ਬੈਠਣ। (ਵਿਘਨ) (ਸ਼ੋਰ)

(ਇਸ ਸਮੇਂ ਟਰੈਜ਼ਰੀ ਬੈਂਚਿਜ਼ ਤੋਂ ਕਈ ਮੈਂਬਰਾਂ ਨੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਦੇ ਸਦਨ ਵਿੱਚ ਲੱਤ 'ਤੇ ਲੱਤ ਰੱਖ ਕੇ ਬੈਠਣ ਤੇ ਇਤਰਾਜ਼ ਉਠਾਇਆ।)

**ਮਾਣਯੋਗ ਸਪੀਕਰ** : ਮੈਂ ਸਾਰੇ ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਆਪਣੀਆਂ-ਆਪਣੀਆਂ ਸੀਟਾਂ 'ਤੇ ਬੈਠਣ। (ਵਿਘਨ) (ਸ਼ੋਰ)

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਮਾਣਯੋਗ ਸਪੀਕਰ ਸਾਹਿਬ, ਆਪੋਜ਼ੀਸ਼ਨ ਪਾਰਟੀ ਦੇ ਮੈਂਬਰ ਸਾਹਿਬਾਨ ਦਾ body language ਇਸ ਤਰ੍ਹਾਂ ਦਾ ਹੈ ਕਿ ਇਹ ਹਮੇਸ਼ਾ ਹੀ ਇਸ ਹਾਊਸ ਨੂੰ ਡਿਸਟਰਬ ਕਰਨ ਦੀ ਕੋਸ਼ਿਸ਼ ਕਰਦੇ ਹਨ। (ਵਿਘਨ) (ਸ਼ੋਰ) ਇਹ ਹਮੇਸ਼ਾ ਇਸ ਤਰ੍ਹਾਂ ਦੇ ਸ਼ਬਦਾਂ ਦਾ ਪ੍ਰਯੋਗ ਕਰਦੇ ਹਨ ਤਾਂ ਕਿ ਹਾਊਸ ਆਰਡਰ ਵਿੱਚ ਨਾ ਰਹੇ। ਮੈਂ ਸਮਝਦਾ ਹਾਂ ਕਿ ਇਨ੍ਹਾਂ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ। ਮੈਂ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਵੀ ਬੇਨਤੀ ਕਰਦਾ ਹਾਂ ਕਿ ਆਪਣੇ ਇਸ ਮੈਂਬਰ ਸਾਹਿਬਾਨ ਨੂੰ ਥੋੜ੍ਹਾ ਸਮਝਾ ਕੇ, ਥੋੜ੍ਹਾ ਪੜ੍ਹਾ ਕੇ ਲਿਆਉਣ, ਕਿਉਂਕਿ ਇਹ ਹਮੇਸ਼ਾ ਹੀ ਕਿਸੇ ਨਾ ਕਿਸੇ ਤਰੀਕੇ ਨਾਲ ਹਾਊਸ ਨੂੰ ਡਿਸਟਰਬ ਕਰਨ ਦੀ ਕੋਸ਼ਿਸ਼ ਕਰਦੇ ਹਨ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ** : ਬੈਠੋ ਜੀ। ਚੀਮਾ ਸਾਹਿਬ, ਤੁਹਾਡੀ ਗੱਲ ਆ ਗਈ ਹੈ।

(ਇਸ ਸਮੇਂ ਟਰੈਜ਼ਰੀ ਬੈਂਚਿਜ਼ ਤੋਂ ਕਾਫੀ ਮਾਣਯੋਗ ਮੈਂਬਰ ਆਪਣੀਆਂ ਆਪਣੀਆਂ ਸੀਟਾਂ 'ਤੇ ਖੜ੍ਹੇ ਹੋ ਗਏ ਅਤੇ ਕੁਝ ਮੈਂਬਰ ਆਪਣੀਆਂ ਸੀਟਾਂ ਛੱਡ ਕੇ ਥੋੜ੍ਹਾ ਅੱਗੇ ਆ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਨਾਲ ਬਹਿਸ ਕਰ ਰਹੇ ਸਨ ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ।)

**ਵਿੱਤ ਮੰਤਰੀ** : ਸਰ, ਇੱਕ ਮਿੰਟ ਜੀ। ਅੱਜ ਮਜ਼ਦੂਰਾਂ ਦਾ ਦਿਨ ਹੈ। ਅੱਜ ਦੇਸ਼ ਦੇ ਲੱਖਾਂ ਕਰੋੜਾਂ, ਦੁਨੀਆ ਭਰ ਦੇ ਮਜ਼ਦੂਰਾਂ ਦਾ ਦਿਵਸ ਹੈ। (ਵਿਘਨ) (ਸ਼ੋਰ) ਅੱਜ ਇਸ ਦਿਵਸ 'ਤੇ ਇਹ ਲੋਕ ਰਜਵਾੜਾਸ਼ਾਹੀ ਦਾ ਪ੍ਰਗਟਾਵਾ ਕਰ ਰਹੇ ਹਨ। ਇਨ੍ਹਾਂ ਲੋਕਾਂ ਤੋਂ ਮਜ਼ਦੂਰਾਂ ਦਾ ਦਿਨ ਸਹਾਰਿਆ ਨਹੀਂ ਜਾਂਦਾ। ਇਨ੍ਹਾਂ ਨੂੰ ਨਹੀਂ ਪਤਾ ਹੈ ਕਿ ਗਰੀਬ ਕੀ ਹੁੰਦਾ ਹੈ? ਇਨ੍ਹਾਂ ਨੂੰ ਨਹੀਂ ਪਤਾ ਕਿ ਇੱਕ ਮਜ਼ਦੂਰ ਕੀ ਹੁੰਦਾ ਹੈ ਅਤੇ ਉਹ ਕਿਵੇਂ ਅੱਠ ਘੰਟੇ ਦਿਹਾੜੀ ਕਰਕੇ ਆਪਣੇ ਬੱਚਿਆਂ ਦਾ ਢਿੱਡ ਪਾਲਦਾ ਹੈ।

**ਮਾਣਯੋਗ ਸਪੀਕਰ** : ਠੀਕ ਹੈ, ਚੀਮਾ ਜੀ, ਤੁਹਾਡੀ ਗੱਲ ਆ ਗਈ ਹੈ। ਤੁਹਾਡੀ ਗੱਲ ਆ ਗਈ ਹੈ। (ਵਿਘਨ)

**ਸਰਦਾਰ ਸੁਖਪਾਲ ਸਿੰਘ ਖਹਿਰਾ (ਬਿਨਾਂ ਮਾਈਕ ਤੋਂ)** : ਸਪੀਕਰ ਸਾਹਿਬ, ਮੈਨੂੰ ਜਵਾਬ ਦੇਣ ਦਿਓ, ਇੱਥੇ ਕਿੰਨਾ ਕੁਝ ਕਿਹਾ ਗਿਆ ਹੈ। ਕਿੰਨੇ ਭੱਦੇ ਇਸ਼ਾਰੇ ਕੀਤੇ ਗਏ ਹਨ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ** : ਇੱਕ ਮਿੰਟ। ਮੈਂ ਸਾਰੇ ਸਤਿਕਾਰਯੋਗ ਮੈਂਬਰਾਂ ਨੂੰ ਕਹਿੰਦਾ ਹਾਂ ਕਿ ਆਪਣੀ ਆਪਣੀ ਜਗ੍ਹਾ 'ਤੇ ਬੈਠਣ। ਪਲੀਜ਼ ਬੈਠੋ, ਟਰੇਜ਼ਰੀ ਬੈਂਚਿਜ਼ ਦੇ ਸਾਰੇ ਮੈਂਬਰ ਸਾਹਿਬਾਨ ਬੈਠੋ, ਬੈਠੋ ਜੀ, ਸਾਰੇ ਬੈਠੋ। (ਵਿਘਨ) ਬੈਠੋ ਜੀ।

**ਮੁੱਖ ਮੰਤਰੀ (ਬਿਨਾਂ ਮਾਈਕ ਤੋਂ**) : ਚਲੋ ਉਨ੍ਹਾਂ ਨੇ ਗਲਤੀ ਮੰਨ ਲਈ ਹੈ, ਉਹ ਮੋਬਾਇਲ ਫੋਨ ਯੂਜ਼ ਕਰ ਰਹੇ ਸੀ।

**ਮਾਣਯੋਗ ਸਪੀਕਰ** : ਮੈਂ ਇੱਕ ਗੱਲ ਹੋਰ ਕਰਦਾ ਹਾਂ, ਇੱਕ ਹੋਰ ਗੁਜ਼ਾਰਿਸ਼ ਹੈ ਕਿ ਖਹਿਰਾ ਸਾਹਿਬ, ਤੁਹਾਡੇ ਜਿੰਨੇ ਮੈਂਬਰ ਬੈਠੇ ਹਨ, ਮੇਰਾ ਖਿਆਲ ਹੈ ਕਿ ਤੁਸੀਂ ਸਭ ਤੋਂ ਐਕਸਪੀਰੀਐਂਸਿਡ ਮੈਂਬਰ ਹੋ। (ਵਿਘਨ) (ਸ਼ੋਰ) ਮੇਰੀ ਬੇਨਤੀ ਹੈ ਕਿ ਸਭ ਨੇ ਕਿਸ ਤਰ੍ਹਾਂ ਉਠਣਾ ਹੈ, ਕਿਸ ਤਰ੍ਹਾਂ ਬੈਠਣਾ ਹੈ, ਇਹ ਤੁਹਾਡੇ ਕੋਲੋਂ ਸਿੱਖਣਾ ਹੈ, ਤੁਸੀਂ ਫਿਰ ਲੱਤ 'ਤੇ ਲੱਤ ਰੱਖ ਕੇ ਬੈਠੇ ਹੋ। ਇਹ ਨਹੀਂ ਕਰਨਾ ਚਾਹੀਦਾ ਹੈ। ਤੁਸੀਂ ਸਿੱਧੇ ਬੈਠੋ ਪਲੀਜ਼।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਬੋਲਣ ਤਾਂ ਦਿਓ ਜੀ। ਹੁਣ ਬੋਲਣ ਵੀ ਨਹੀਂ ਦਿੰਦੇ। ਮੇਰੇ ਤੇ ਇਲਜ਼ਾਮ ਲਗਾਈ ਜਾਂਦੇ ਹੋ।

**ਮਾਣਯੋਗ ਸਪੀਕਰ** : ਬੋਲਣ ਵੀ ਦੇ ਦਿਆਂਗੇ। ਤੁਸੀਂ ਬੈਠੋ। ਪਹਿਲਾਂ ਮੈਨੂੰ ਮਤਾ ਪੇਸ਼ ਕਰ ਲੈਣ ਦਿਓ। ਮੈਨੂੰ ਮਤਾ ਪੇਸ਼ ਕਰ ਲੈਣ ਦਿਓ। ਹਾਂ ਜੀ, ਸੀ.ਐਮ. ਸਾਹਿਬ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਇੱਧਰ (ਇਸ਼ਾਰਾ ਕਰਦੇ ਹੋਏ) ਗਵਰਨਰ ਗੈਲਰੀ ਹੈ, ਇਸ ਗੈਲਰੀ ਵਿੱਚ ਵੱਡੇ ਮਾਣਯੋਗ ਲੋਕ ਆਉਂਦੇ ਹਨ, (ਅਫਸਰ ਗੈਲਰੀ ਵੱਲ ਇਸ਼ਾਰਾ ਕਰਦੇ ਹੋਏ) ਇੱਥੇ ਅਫਸਰ ਬੈਠੇ ਹਨ, ਉੱਧਰ ਸਾਰੀਆਂ ਗੈਲਰੀਆਂ ਵਿੱਚ ਬਕਾਇਦਾ ਪਹਿਲਾਂ ਦੱਸਿਆ ਜਾਂਦਾ ਹੈ ਕਿ ਬੈਠਣ ਲੱਗੇ ਲੱਤ 'ਤੇ ਲੱਤ ਨਹੀਂ ਧਰਨੀ ਹੈ। ਬਿਲਕੁਲ ਹਿੱਲਣਾ ਨਹੀਂ ਹੈ, ਬੱਸ ਇਵੇਂ ਹੀ ਰਹਿਣਾ ਹੈ, ਇਵੇਂ ਹੀ ਬੈਠਣਾ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਬਿਨਾਂ ਮਾਈਕ ਤੋਂ**) : ਲੱਤ 'ਤੇ ਲੱਤ ਰੱਖ ਕੇ ਬੈਠਿਆਂ ਦੀ ਗੁਰਪ੍ਰੀਤ ਦੀ ਫੋਟੋ ਆਈ ਸੀ, ਮੈਂ ਮਜ਼ਾਕ ਨਹੀਂ ਕਰਦਾ ਹਾਂ।

**ਮੁੱਖ ਮੰਤਰੀ** : ਜਦੋਂ ਉਨ੍ਹਾਂ ਨੂੰ ਕਿਹਾ ਗਿਆ ਸੀ ਤਾਂ ਉਨ੍ਹਾਂ ਨੇ ਠੀਕ ਕਰ ਲਈ ਸੀ। ਉਹ ਹਾਊਸ ਦੇ ਮੈਂਬਰ ਨਹੀਂ ਹਨ, ਉਹ ਮੈਂਬਰ ਨਹੀਂ ਹਨ। ਤੂੰ ਤਾਂ ਮੇਰੀ ਬੇਟੀ ਬਾਰੇ ਵੀ ਬੋਲੀ ਜਾਂਦਾ ਹੈਂ। ਤੇਰਾ ਕੀ ਹੈ ਯਾਰ? (ਵਿਘਨ) (ਸ਼ੋਰ) ਤੂੰ ਰਹਿਣ ਦੇ ਨਾ, ਉਸ ਨੂੰ ਮੈਂ ਪੰਜਾਬੀ ਪੜ੍ਹਾਊਂਗਾ। ਇਹ ਕਿਹੜੀਆਂ ਗੱਲਾਂ ਕਰਦਾ ਹੈ? ** ਇਸ ਦਾ ਇਲਾਜ ਕਰਵਾਓ ਜੀ। ਇਸ ਦਾ ਵਿਧਾਨ ਸਭਾ ਦੇ ਖਰਚੇ ਤੇ ਇਲਾਜ ਕਰਵਾਓ ਜੀ। (ਵਿਘਨ) (ਸ਼ੋਰ)

(ਇਸ ਸਮੇਂ ਟਰੈਜ਼ਰੀ ਬੈਂਚਿਜ਼ ਤੋਂ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ 'ਤੇ ਖੜ੍ਹੇ ਹੋ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਨਾਲ ਬਹਿਸ ਕਰ ਰਹੇ ਸਨ ਜਿਸ ਕਾਰਨ ਸਦਨ ਵਿੱਚ ਕਾਫੀ ਸ਼ੋਰ ਸੀ।)

** Expunged as ordered by the Hon'ble Speaker.

**ਮਾਣਯੋਗ ਸਪੀਕਰ** : ਸਰ, ਗੱਲ ਆ ਗਈ ਜੀ। ਮੈਂ ਸਾਰੇ ਮੈਂਬਰ ਸਾਹਿਬਾਨਾਂ ਨੂੰ ਬੇਨਤੀ ਕਰਦਾ ਹਾਂ ਕਿ ਆਪਣੀਆਂ ਆਪਣੀਆਂ ਜਗ੍ਹਾ 'ਤੇ ਬੈਠਣ। ਬੈਠੋ ਜੀ, ਬੈਠੋ, ਪਲੀਜ਼।

ਪ੍ਰਸਤਾਵ ਕੀਤਾ-

"ਕਿ ਅੱਜ 'ਕਿਰਤੀ ਦਿਵਸ' ਤੇ ਇਹ ਵਿਧਾਨ ਸਭਾ ਦਾ ਸਪੈਸ਼ਲ ਸੈਸ਼ਨ ਬੁਲਾਇਆ ਗਿਆ ਹੈ, ਤਾਂ ਜੋ ਕਿਰਤੀਆਂ ਨੂੰ ਨਮਨ ਕੀਤਾ ਜਾ ਸਕੇ। ਕਿਰਤੀ ਦੇਸ਼, ਕੌਮ, ਰਾਜ ਅਤੇ ਸਮਾਜ ਦੇ ਨਿਰਮਾਣ ਦਾ ਧੁਰਾ ਹਨ। ਉਨ੍ਹਾਂ ਦੇ ਖ਼ੂਨ-ਪਸੀਨੇ ਨਾਲ ਹੀ ਹਰ ਨਿਰਮਾਣ ਕਾਰਜ ਸਫਲ ਹੁੰਦਾ ਹੈ। 'ਮਈ ਦਿਵਸ' ਸੰਨ 1886 ਵਿੱਚ Haymarket Square, ਸ਼ਿਕਾਗੋ ਵਿੱਚ ਕੰਮ ਦੇ ਘੰਟੇ 8 ਕਰਨ ਦੇ ਇਤਿਹਾਸਕ ਅੰਦੋਲਨ ਵਿੱਚ ਸ਼ਹਾਦਤਾਂ ਦੇਣ ਵਾਲੇ ਕਿਰਤੀਆਂ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ, ਜੋ ਕਿ ਸਮਾਜਿਕ ਨਿਆਂ ਅਤੇ ਬੇਹਤਰ ਕਿਰਤ-ਸਹੂਲਤਾਂ ਦੀ ਮਹੱਤਤਾ ਨੂੰ ਦਰਸਾਉਂਦਾ ਹੈ।

ਪੰਜਾਬ ਦੀ ਧਰਤੀ ਗੁਰੂਆਂ, ਪੀਰਾਂ, ਪੈਗੰਬਰਾਂ ਅਤੇ ਸੂਰਵੀਰ ਯੋਧਿਆਂ ਦੀ ਧਰਤੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਦਿੱਤੇ ਸੰਦੇਸ਼ ਵਿੱਚ ਕਿਰਤ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ''ਕਿਰਤ ਕਰੋ ਨਾਮ ਜਪੋ ਅਤੇ ਵੰਡ ਛਕੋ'' ਦਾ ਉਪਦੇਸ਼ ਦਿੱਤਾ ਗਿਆ ਹੈ।

ਪੰਜਾਬ ਵਿੱਚ ਕਿਰਤੀ ਵਰਗ ਦੀਆਂ ਘੱਟੋ-ਘੱਟ ਉਜਰਤਾਂ ਵਿੱਚ ਵਾਧਾ ਕਰਦੇ ਹੋਏ ਸਾਲ 2012 ਵਿੱਚ ਉਜਰਤਾਂ ਦੇ ਬੇਸ ਰੇਟ ਦੀ ਰਵੀਜ਼ਨ ਕੀਤੀ ਗਈ ਸੀ। ਭਾਵੇਂ ਸਾਲ 2012 ਤੋਂ ਹੁਣ ਤੱਕ ਮਹਿੰਗਾਈ ਭੱਤਾ ਵਧਦਾ ਰਿਹਾ ਹੈ, ਪਰ ਘੱਟੋ-ਘੱਟ ਉਜਰਤਾਂ ਦੇ ਬੇਸ ਰੇਟ ਵਿੱਚ ਵਾਧਾ ਨਹੀਂ ਹੋਇਆ ਹੈ। ਮਈ ਦਿਵਸ ਦੇ ਇਸ ਮੁਕੱਦਸ ਦਿਨ ਤੇ ਵਿਧਾਨ ਸਭਾ ਦੇ ਇਸ ਵਿਸ਼ੇਸ਼ ਸੈਸ਼ਨ ਵਿੱਚ ਕਿਰਤੀਆਂ ਦੀਆਂ ਘੱਟੋ-ਘੱਟ ਉਜਰਤਾਂ ਦੀ ਰਵੀਜ਼ਨ ਕਰਨ ਦੀ ਤਜਵੀਜ਼ ਪੇਸ਼ ਕਰਦਾ ਹੈ ਅਤੇ ਸਦਨ ਸਿਫਾਰਸ਼ ਕਰਦਾ ਹੈ ਕਿ ਕਿਰਤੀਆਂ ਦੀਆਂ ਘੱਟੋ-ਘੱਟ ਉਜਰਤਾਂ ਵਿੱਚ ਵਾਧਾ ਕੀਤਾ ਜਾਵੇ ਤਾਂ ਜੋ ਕਿਰਤੀਆਂ ਦੇ ਯੋਗਦਾਨ ਨੂੰ ਸਤਿਕਾਰਿਆ ਜਾ ਸਕੇ, ਕਿਰਤੀਆਂ ਦੀ ਸ਼ਲਾਘਾ ਕੀਤੀ ਜਾ ਸਕੇ ਅਤੇ ਕਿਰਤੀਆਂ ਦੇ ਯੋਗਦਾਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਜਾ ਸਕੇ।"

**ਕਿਰਤ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ)** : ਮਾਣਯੋਗ ਸਪੀਕਰ ਸਾਹਿਬ, ਸੰਨ 1957 ਅਤੇ 1962 ਤੋਂ 69 ਸਾਲ ਬਾਅਦ ਤੱਕ ਜੇ ਗਿਣਿਆ ਜਾਵੇ ਤਾਂ 14 ਸਰਕਾਰਾਂ ਗੁਜ਼ਰ ਗਈਆਂ ਹਨ। ਕਿਸੇ ਨੇ ਸਾਡੇ ਕਿਰਤੀਆਂ ਅਤੇ ਕਾਮਿਆਂ ਦੀ ਬਾਂਹ ਨਹੀਂ ਫੜ੍ਹੀ ਪਰ ਮੈਂ ਅੱਜ ਸਾਰੇ ਦਾ ਸਾਰਾ ਸ਼੍ਰੇਅ ਪੰਜਾਬ ਦੇ ਹਰਮਨ ਪਿਆਰੇ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਨੂੰ ਦੇਣਾ ਚਾਹੁੰਦਾ ਹਾਂ ਜਿਨ੍ਹਾਂ ਦੀ ਬਦੌਲਤ 69 ਸਾਲ ਬਾਅਦ ਅੱਜ ਇੱਕ ਮਈ ਨੂੰ ਵਿਸ਼ੇਸ਼ ਸੈਸ਼ਨ ਸੱਦਿਆ ਗਿਆ ਹੈ। (ਥੰਪਿੰਗ) ਮਾਣਯੋਗ ਸਪੀਕਰ ਸਾਹਿਬ, ਇੱਕ ਗੱਲ ਮੈਂ ਇੱਥੇ ਹੋਰ ਵੀ ਸਪੱਸ਼ਟ ਕਰਨਾ ਚਾਹੁੰਦਾ ਹਾਂ। ਅੱਜ ਲੇਬਰ ਡੇਅ ਹੈ, ਲੇਬਰ ਡੇਅ ਸਾਡੇ ਕਿਰਤੀਆਂ, ਕਾਮਿਆਂ, ਮਜ਼ਦੂਰਾਂ ਦਾ ਦਿਨ ਹੈ, ਜਿਹੜੇ ਦਸਾਂ ਨਹੁੰਆਂ ਦੀ ਕਿਰਤ ਕਰਦੇ ਹਨ। ਇਹ ਬਾਬੇ ਨਾਨਕ ਦੇ ਸਿਧਾਂਤ 'ਤੇ ਪਹਿਰਾ ਦਿੰਦੇ ਹਨ। ਇੱਕ ਗੱਲ ਇੱਥੇ ਹੋਰ ਵੀ ਵਰਣਨਯੋਗ ਹੈ ਕਿ ਜੇਕਰ ਰਾਜਨੀਤਕ ਪਾਰਟੀਆਂ ਦੀ ਗੱਲ ਕੀਤੀ ਜਾਵੇ ਤਾਂ ਪੂਰੇ ਸਿਸਟਮ ਵਿੱਚ ਇਹ ਦੱਸਣ

ਵਿੱਚ ਮੈਨੂੰ ਮਾਣ ਮਹਿਸੂਸ ਹੋ ਰਿਹਾ ਹੈ ਕਿ ਇਕੱਲੀ ਆਮ ਆਦਮੀ ਪਾਰਟੀ ਅਜਿਹੀ ਪਾਰਟੀ ਹੈ, ਜਿਸ ਨੇ ਜ਼ਿਆਦਾਤਰ ਵਿਧਾਨ ਸਭਾ ਦੀਆਂ ਸੀਟਾਂ ਅਤੇ ਟਿਕਟਾਂ ਸਾਡੇ ਕਿਰਤੀ ਕਾਮਿਆਂ ਦੇ ਧੀਆਂ-ਪੁੱਤਰਾਂ ਨੂੰ ਦਿੱਤੀਆਂ ਹਨ ਜਾਂ ਕਿਰਤੀ ਕਾਮਿਆਂ ਦੇ ਹੱਥੀਂ ਕੰਮ ਕਰਨ ਵਾਲਿਆਂ ਨੂੰ ਦਿੱਤੀਆਂ ਹਨ। (ਥੰਪਿੰਗ) ਸੋ, ਰਾਜਨੀਤੀ ਨੂੰ ਅਮੀਰ ਘਰਾਂ ਵਿੱਚੋਂ ਕੱਢ ਕੇ ਆਮ ਕਿਰਤੀ ਕਾਮਿਆਂ ਦੇ ਹੱਥਾਂ ਵਿੱਚ ਦੇਣ ਲਈ, ਇਸ ਸਬੰਧੀ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ, ਸ਼੍ਰੀ ਅਰਵਿੰਦ ਕੇਜਰੀਵਾਲ ਜੀ ਦਾ ਧੰਨਵਾਦ ਕਰਨਾ ਬਣਦਾ ਹੈ। ਮਾਣਯੋਗ ਮੁੱਖ ਮੰਤਰੀ ਸਾਹਿਬ ਕਿੰਨਾ-ਕੁ ਕਿਰਤੀ ਕਾਮਿਆਂ ਨੂੰ ਪਿਆਰ ਕਰਦੇ ਹਨ, ਇਸ ਗੱਲ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਦੋਂ ਅਸੀਂ ਅਕਸਰ ਮੁੱਖ ਮੰਤਰੀ ਸਾਹਿਬ ਨੂੰ ਪੰਜਾਬ ਦੇ ਵੱਖ-ਵੱਖ ਮੰਚਾਂ ਤੋਂ ਦੇਖਦੇ ਹਾਂ ਤਾਂ ਮੁੱਖ ਮੰਤਰੀ ਸਾਹਿਬ ਸਾਡੇ ਪੰਜਾਬ ਦੇ ਪ੍ਰਸਿੱਧ ਲੇਖਕ ਸ਼੍ਰੀ ਸੰਤ ਰਾਮ ਉਦਾਸੀ ਜੀ ਦੀਆਂ ਸਤਰਾਂ ਗਾਉਂਦੇ ਹਨ। ਮੇਰਾ ਮੰਨਣਾ ਹੈ ਕਿ ਸ਼੍ਰੀ ਸੰਤ ਰਾਮ ਉਦਾਸੀ ਜੀ ਆਪਣੀ ਜੋ ਕਲਮ ਕਿਰਤੀਆਂ-ਕਾਮਿਆਂ ਦੀ ਅਸਲ ਜ਼ਿੰਦਗੀ ਦਾ ਵਰਣਨ ਕਰਨ ਲਈ ਚਲਾ ਗਏ ਹਨ, ਉਨ੍ਹਾਂ ਨੇ ਅਸਲੀਅਤ ਵਿੱਚ ਜੋ ਵਰਣਨ ਚਿਤਰਿਆ ਹੈ, ਉਹ ਆਪਣੇ-ਆਪ ਵਿੱਚ ਇੱਕ ਮਿਸਾਲ ਹੈ। ਮੈਂ ਤੁਹਾਡੀ ਇਜਾਜ਼ਤ ਨਾਲ ਉਨ੍ਹਾਂ ਦੀ ਲਿਖਤ ਨੂੰ ਸਦਨ ਵਿੱਚ ਪੜ੍ਹ ਕੇ ਸੁਣਾਉਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਤੁਹਾਡੀ ਇਜਾਜ਼ਤ ਹੈ ਜੀ?

**ਮਾਣਯੋਗ ਸਪੀਕਰ**: ਜੀ।

**ਕਿਰਤ ਮੰਤਰੀ**: ਮਾਣਯੋਗ ਮੁੱਖ ਮੰਤਰੀ ਸਾਹਿਬ, ਇਹ ਅਸੀਂ ਤੁਹਾਡੇ ਤੋਂ ਸਿੱਖਿਆ ਅਤੇ ਦੇਖਿਆ ਹੈ ਤਾਂ ਹੀ ਮੈਂ 'ਕੰਮੀਆਂ ਦਾ ਵਿਹੜਾ' ਕਵਿਤਾ ਪੜ੍ਹਨ ਲੱਗਾ ਹਾਂ।

**ਕੰਮੀਆਂ ਦਾ ਵਿਹੜਾ**

ਮਾਂ ਧਰਤੀਏ ! ਤੇਰੀ ਗੋਦ ਨੂੰ ਚੰਨ ਹੋਰ ਬਥੇਰੇ,
ਤੂੰ ਮੱਘਦਾ ਰਹੀਂ ਵੇ ਸੂਰਜਾ, ਕੰਮੀਆਂ ਦੇ ਵੇਹੜੇ।
ਜਿੱਥੇ ਤੰਗ ਨਾ ਸਮਝਣ ਤੰਗੀਆਂ ਨੂੰ,
ਜਿੱਥੇ ਮਿਲਣ ਅੰਗੂਠੇ ਸੰਘੀਆਂ ਨੂੰ,
ਜਿੱਥੇ ਵਾਲ ਤਰਸਦੇ ਕੰਘੀਆਂ ਨੂੰ,
ਨੱਕ ਵਗਦੇ, ਅੱਖਾਂ ਚੁੰਨ੍ਹੀਆਂ, ਤੇ ਦੰਦ ਕਰੇੜੇ,
ਤੂੰ ਮਘਦਾ ਰਹੀਂ ਵੇ ਸੂਰਜਾ, ਕੰਮੀਆਂ ਦੇ ਵੇਹੜੇ।
ਜਿੱਥੇ ਰੂਹ ਬਣ ਗਈ ਇੱਕ ਹਾਵਾ ਹੈ,
ਜਿੱਥੇ ਜ਼ਿੰਦਗੀ ਇੱਕ ਪਛਤਾਵਾ ਹੈ,
ਜਿੱਥੇ ਕੈਦ ਅਣਖ ਦਾ ਲਾਵਾ ਹੈ,
ਜਿੱਥੇ ਅਕਲ ਮਸੋਸੀ ਮੁੜ ਪਈ ਖਾ ਰੋਜ਼ ਥਪੇੜੇ,
ਤੂੰ ਮਘਦਾ ਰਹੀਂ ਵੇ ਸੂਰਜਾ, ਕੰਮੀਆਂ ਦੇ ਵੇਹੜੇ।
ਜਿੱਥੇ ਲੋਕ ਬੜੇ ਮਜਬੂਰ ਜਿਹੇ,
ਦਿੱਲੀ ਦੇ ਦਿਲ ਤੋਂ ਦੂਰ ਜਿਹੇ,

ਤੇ ਭੁੱਖਾਂ ਵਿੱਚ ਮਸ਼ਹੂਰ ਜਿਹੇ,
ਜਿੱਥੇ ਮਰ ਕੇ ਚਾਂਭਲ ਜਾਂਵਦੇ ਹਨ ਭੂਤ ਜਠੇਰੇ,
ਤੂੰ ਮਘਦਾ ਰਹੀਂ ਵੇ ਸੂਰਜਾ, ਕੰਮੀਆਂ ਦੇ ਵੇਹੜੇ।
ਜਿੱਥੇ ਬੰਦਾ ਜੰਮਦਾ ਸੀਰੀ ਹੈ,
ਟਕਿਆਂ ਦੀ ਮੀਰੀ-ਪੀਰੀ ਹੈ,
ਜਿੱਥੇ ਕਰਜ਼ੇ ਹੇਠ ਪੰਜੀਰੀ ਹੈ,
ਬਾਪੂ ਦੇ ਕਰਜ਼ ਦਾ ਸੂਦ ਨੇ ਪੁੱਤ ਜੰਮਦੇ ਜਿਹੜੇ,
ਤੂੰ ਮਘਦਾ ਰਹੀਂ ਵੇ ਸੂਰਜਾ, ਕੰਮੀਆਂ ਦੇ ਵੇਹੜੇ।
ਜੇ ਸੋਕਾ ਇਹ ਹੀ ਸੜਦੇ ਨੇ,
ਜੇ ਡੋਬਾ ਇਹੀ ਮਰਦੇ ਨੇ,
ਸਭ ਕਹਿਰ ਇਨ੍ਹਾਂ ਸਿਰ ਵਰ੍ਹਦੇ ਨੇ,
ਜਿੱਥੇ ਫ਼ਸਲਾਂ ਨੇ ਛੱਡ ਜਾਂਦੀਆਂ ਅਰਮਾਨ ਤ੍ਰੇੜੇ,
ਤੂੰ ਮਘਦਾ ਰਹੀਂ ਵੇ ਸੂਰਜਾ, ਕੰਮੀਆਂ ਦੇ ਵੇਹੜੇ।
ਜਿੱਥੇ ਹਾਰ ਮੰਨ ਲਈ ਚਾਵਾਂ ਨੇ,
ਜਿੱਥੇ ਕੂੰਜ ਘੇਰ ਲਈ ਕਾਵਾਂ ਨੇ,
ਜਿੱਥੇ ਅਣਵਿਆਹੀਆਂ ਹੀ ਮਾਵਾਂ ਨੇ,
ਜਿੱਥੇ ਧੀਆਂ ਹੌਕੇ ਲੈਂਦੀਆਂ ਅਸਮਾਨ ਜਡੇਰੇ,
ਤੂੰ ਮਘਦਾ ਰਹੀਂ ਵੇ ਸੂਰਜਾ, ਕੰਮੀਆਂ ਦੇ ਵੇਹੜੇ।
ਜਿੱਥੇ ਰੋਟੀ ਵਿੱਚ ਮਨ ਘੁੱਟਿਆ ਹੈ,
ਜਿੱਥੇ ਨ੍ਹੇਰਾ ਦੱਬ ਕੇ ਜੁੱਟਿਆ ਹੈ,
ਜਿੱਥੇ ਗ਼ੈਰਤ ਦਾ ਤਗ ਟੁੱਟਿਆ ਹੈ,
ਜਿੱਥੇ ਆ ਕੇ ਵੋਟਾਂ ਵਾਲਿਆਂ ਟਟਵੈਰ ਸਹੇੜੇ
ਤੂੰ ਮਘਦਾ ਰਹੀਂ ਵੇ ਸੂਰਜਾ, ਕੰਮੀਆਂ ਦੇ ਵੇਹੜੇ।
ਤੂੰ ਆਪਣਾ ਆਪ ਮਚਾਂਦਾ ਹੈਂ,
ਪਰ ਆਪਾ ਹੀ ਰੁਸ਼ਨਾਂਦਾ ਹੈਂ,
ਕਿਉਂ ਕੰਮੀਆਂ ਤੋਂ ਸ਼ਰਮਾਂਦਾ ਹੈਂ
ਇਹ ਸਦਾ ਸਦਾ ਨਾ ਰਹਿਣਗੇ ਮੰਦਹਾਲ ਮਰੇੜੇ
ਤੂੰ ਮਘਦਾ ਰਹੀਂ ਵੇ ਸੂਰਜਾ, ਕੰਮੀਆਂ ਦੇ ਵੇਹੜੇ। (ਥੰਪਿੰਗ)

ਸੋ, ਮਾਣਯੋਗ ਸਪੀਕਰ ਸਾਹਿਬ, ਇਹ ਬਹੁਤ ਵੱਡੀ ਗੱਲ ਹੈ ਕਿ ਜਿਹੜਾ ਅੱਜ ਵਿਧਾਨ ਸਭਾ ਵਿੱਚ ਮਤਾ ਆਇਆ ਹੈ, ਇਹ ਕਿਰਤੀਆਂ ਦੇ ਹੱਕ ਵਿੱਚ ਆਇਆ ਹੈ। ਸਰ, ਸਾਲ 2022 ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ। ਇਸ ਵਿੱਚ ਇੱਕ ਟਰਮ ਸ਼੍ਰੋਮਣੀ ਅਕਾਲੀ ਦਲ ਦੀ ਰਹੀ ਹੈ ਅਤੇ ਇੱਕ ਟਰਮ ਕਾਂਗਰਸ ਪਾਰਟੀ ਦੀ

ਰਹੀ। ਸਰ, ਇੱਕ ਵੱਡਾ ਸਵਾਲ ਇੱਥੇ ਉਠਦਾ ਹੈ ਕਿ ਵੱਖ-ਵੱਖ ਪਾਰਟੀਆਂ, ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਦਸ ਸਾਲ ਪੰਜਾਬ ਵਿੱਚ ਰਾਜ ਕਰਕੇ ਚਲੀਆਂ ਗਈਆਂ ਪਰ ਇਨ੍ਹਾਂ ਨੇ ਦਸ ਸਾਲਾਂ ਵਿੱਚ ਦਿਹਾੜੀ ਦਾ ਬੇਸ ਰੇਟ ਨਹੀਂ ਵਧਾਇਆ। ਅੱਜ ਪੂਰਾ ਸਦਨ ਇਨ੍ਹਾਂ ਪਾਰਟੀਆਂ ਨੂੰ ਇਹੀ ਸਵਾਲ ਪੁੱਛਦਾ ਹੈ। ਸਰ, ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਨੇ ਬੇਸ ਰੇਟ ਕਿਉਂ ਨਹੀਂ ਵਧਾਇਆ? ਸਰ, ਇਹ ਸਾਰੇ ਜਾਣਦੇ ਹਨ ਕਿ ਜਦੋਂ ਵੀ ਕੋਈ ਸਰਕਾਰ ਬਣਦੀ ਹੈ ਤਾਂ ਉਸ ਨੇ ਆਪਣੇ ਕੀਤੇ ਵਾਅਦੇ ਪੰਜ ਸਾਲ ਵਿੱਚ ਪੂਰੇ ਕਰਨੇ ਹੁੰਦੇ ਹਨ। ਸਾਲ 2022 ਵਿੱਚ ਲੋਕਾਂ ਨੇ ਬੜੇ ਚਾਵਾਂ ਨਾਲ ਆਮ ਆਦਮੀ ਪਾਰਟੀ ਨੂੰ ਵੋਟਾਂ ਪਾਈਆਂ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ। ਸਪੀਕਰ ਸਾਹਿਬ, ਸ਼੍ਰੀ ਅਰਵਿੰਦ ਕੇਜਰੀਵਾਲ ਅਤੇ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਜੋ ਇੱਕ-ਇੱਕ ਵਾਅਦਾ ਪੰਜਾਬ ਦੇ ਤਿੰਨ ਕਰੋੜ ਲੋਕਾਂ ਨਾਲ ਕੀਤਾ ਸੀ, ਅਸੀਂ ਆਪਣਾ ਉਹ ਇੱਕ-ਇੱਕ ਵਾਅਦਾ ਪੂਰਾ ਕਰਦੇ ਜਾ ਰਹੇ ਹਾਂ। ਇਹ ਇਤਿਹਾਸ ਦੇ ਅੰਦਰ ਪਹਿਲੀ ਸਰਕਾਰ ਹੋਵੇਗੀ, ਜਿਸ ਨੇ ਆਪਣੇ ਸਾਰੇ ਵਾਅਦੇ ਪੂਰੇ ਕੀਤੇ ਹਨ। ਸਾਨੂੰ ਇਸ ਗੱਲ ਦਾ ਮਾਣ ਹੈ ਕਿ ਅਸੀਂ ਇਸ ਸਰਕਾਰ ਦਾ ਹਿੱਸਾ ਹਾਂ। ਇਹ ਇਤਿਹਾਸ ਦੇ ਅੰਦਰ ਪਹਿਲੀ ਸਰਕਾਰ ਹੋਵੇਗੀ, ਜਿਹੜੀ ਕਥਨੀ ਅਤੇ ਕਰਨੀ ਦੀ ਪੂਰੀ ਨਿਕਲੀ। ਜੋ ਵੀ ਮੂੰਹੋਂ ਕਿਹਾ, ਉਹ ਕਰਕੇ ਦਿਖਾਇਆ। (ਥੰਪਿੰਗ) ਅਸੀਂ ਕੋਈ ਵੀ ਵਾਅਦਾ ਪੰਜ ਸਾਲ ਵਿੱਚ ਪੂਰਾ ਕਰਨਾ ਹੁੰਦਾ ਹੈ। ਸਰ, ਅਸੀਂ ਉਸੇ ਲੜੀ ਦੇ ਤਹਿਤ ਇਹ ਬਹੁਤ ਵੱਡਾ ਮਤਾ ਪੰਜਾਬ ਦੀ ਪਵਿੱਤਰ ਵਿਧਾਨ ਸਭਾ ਵਿੱਚ ਡਿਸਕਸ਼ਨ ਲਈ ਲੈ ਕੇ ਆਏ ਹਾਂ। ਸੋ, ਮੈਂ ਤੁਹਾਡੇ ਮਾਧਿਅਮ ਰਾਹੀਂ ਆਪਣੇ ਇਸ ਸਦਨ ਨੂੰ ਅਤੇ ਸਭ ਨੂੰ ਬੇਨਤੀ ਕਰਾਂਗਾ ਕਿ ਆਪੋ ਆਪਣੇ ਵਿਚਾਰ ਅੱਜ ਇਸ ਮਤੇ ਤੇ ਜ਼ਰੂਰ ਰੱਖਣ। ਧੰਨਵਾਦ ਜੀ।

**ਮਾਣਯੋਗ ਸਪੀਕਰ** : ਧੰਨਵਾਦ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਮੈਂ ਕੁਝ ਕਹਿਣਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ** : ਹੁਣ ਬਾਜਵਾ ਸਾਹਿਬ ਨੇ ਬੋਲਣਾ ਹੈ। ਉਨ੍ਹਾਂ ਨੂੰ ਬੋਲ ਲੈਣ ਦੇਈਏ।

**ਸਰਦਾਰ ਸੁਖਪਾਲ ਸਿੰਘ ਖਹਿਰਾ**: ਸਿਰਫ ਇੱਕ ਮਿੰਟ ਲਈ ਬੋਲਣਾ ਹੈ।

**ਮਾਣਯੋਗ ਸਪੀਕਰ** : ਤੁਸੀਂ ਬੈਠੋ। ਹੁਣ ਮਤੇ ਤੇ ਚੱਲਦੇ ਹਾਂ।

**Sardar Sukhpal Singh Khaira :** Sir, it is about my self respect.

**ਮਾਣਯੋਗ ਸਪੀਕਰ**: ਆਪਾਂ ਕਰ ਲੈਂਦੇ ਹਾਂ ਜੀ।

**Sardar Sukhpal Singh Khaira:** Sir, its about so many words spoken against me.

**Mr. Speaker:** I am guardian of your self respect. Don't worry, I am there. I will listen to you.

**ਸਰਦਾਰ ਸੁਖਪਾਲ ਸਿੰਘ ਖਹਿਰਾ**: ਮੈਨੂੰ ਇੱਕ ਕਲੈਰੀਫਿਕੇਸ਼ਨ ਚਾਹੀਦੀ ਹੈ। ਤੁਸੀਂ ਮੇਰੀ ਇੱਜ਼ਤ ਦੇ ਵੀ ਕਸਟੋਡੀਅਨ ਹੋ?

**ਮਾਣਯੋਗ ਸਪੀਕਰ**: ਬਿਲਕੁਲ ਜੀ। ਮੈਂ ਤੁਹਾਡੀ ਇੱਜ਼ਤ ਦਾ ਕਸਟੋਡੀਅਨ ਹਾਂ।

**ਸਰਦਾਰ ਸੁਖਪਾਲ ਸਿੰਘ ਖਹਿਰਾ**: ਸਪੀਕਰ ਸਾਹਿਬ, ਮੈਨੂੰ ਇੱਕ ਮਿੰਟ ਬੋਲ ਲੈਣ ਦਿਓ। ਤੁਸੀਂ ਸਾਰੇ ਵਰਡ ਐਕਸਪੰਜ ਕਰੋ ਜੀ।

**ਮਾਣਯੋਗ ਸਪੀਕਰ** : ਤੁਸੀਂ ਬੈਠੋ ਜੀ। ਪਲੀਜ਼, ਤੁਸੀਂ ਚੇਅਰ ਨੂੰ ਡਿਕਟੇਟ ਨਾ ਕਰੋ। ਪਲੀਜ਼ ਬੈਠੋ, ਮੈਂ ਤੁਹਾਨੂੰ ਬੋਲਣ ਦਾ ਮੌਕਾ ਦੇਵਾਂਗਾ। ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)**: ਸਤਿਕਾਰਯੋਗ ਸਪੀਕਰ ਸਾਹਿਬ, ਗੌਰਮਿੰਟ ਨੇ ਚੰਗਾ ਕੀਤਾ ਹੈ ਕਿ ਪਹਿਲੀ ਮਈ ਨੂੰ ਆਪਣੇ ਕਿਰਤੀਆਂ ਵਾਸਤੇ ਸੈਸ਼ਨ ਬੁਲਾਇਆ ਹੈ।

**ਮਾਣਯੋਗ ਸਪੀਕਰ**: ਇੱਕ ਮਿੰਟ ਜੀ।

---

**WELCOME ANNOUNCEMENT BY THE HON'BLE SPEAKER**

**ਮਾਣਯੋਗ ਸਪੀਕਰ** : ਸੁਤੰਤਰਤਾ ਸੰਗਰਾਮੀ ਹਰਭਜਨ ਸਿੰਘ ਸਕੂਲ ਆਫ ਐਮੀਨੈਂਸ, ਪਿੰਡ ਘੱਗਾ, ਜ਼ਿਲ੍ਹਾ ਪਟਿਆਲਾ ਦੇ ਵਿਦਿਆਰਥੀ ਅੱਜ ਇਸ ਅਜ਼ੀਮ ਸਦਨ ਦੀ ਕਾਰਵਾਈ ਦੇਖਣ ਲਈ ਆਏ ਹਨ। ਆਓ, ਉਨ੍ਹਾਂ ਦਾ ਸਵਾਗਤ ਕਰੀਏ। (ਥੰਪਿੰਗ)।

---

**OFFICIAL RESOLUTION REGARDING HONOURING LABOUR WORK FORCE BY INCREASING THEIR MINIMUM WAGES ON THE OCCASION OF MAY DAY (LABOUR DAY) TO APPRECIATE THEIR CONTRIBUTION TO THE SOCIETY *(Resumption)***

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਰ, ਮੇਰੀ ਇਹੀ ਬੇਨਤੀ ਸੀ ਕਿ ਠੀਕ ਹੈ, ਮਨਿਸਟਰ ਸਾਹਿਬ ਨੇ ਮਤਾ ਵੀ ਪੜ੍ਹਿਆ ਹੈ। ਸਾਰਾ ਕੁਝ ਪੁਰਾਣਾ quote ਵੀ ਕੀਤਾ ਹੈ। ਪੰਜਵੇਂ ਸਾਲ ਵਿੱਚ ਇਹ ਗੌਰਮਿੰਟ ਵੀ ਆਈ ਹੈ। ਚੀਫ ਮਨਿਸਟਰ ਸਾਹਿਬ ਵੀ ਇੱਥੇ ਬੈਠੇ ਹਨ। ਮੇਰੀ ਇੱਕ ਮੰਗ ਹੋਵੇਗੀ। ਚੀਫ ਮਨਿਸਟਰ ਵੀ ਤੁਸੀਂ ਹੋ ਅਤੇ ਹਾਊਸ ਵੀ ਤੁਹਾਡਾ ਹੈ। ਹਰ ਚੀਜ਼ ਤੁਹਾਡੇ ਕੋਲ ਹੈ। ਪੰਜਾਬ ਵਿੱਚ ਲੇਬਰ ਦੇ ਵੀਰਾਂ ਅਤੇ ਕਿਰਤੀਆਂ ਨੂੰ ਬੇਸੀਕਲੀ ਤਕਰੀਬਨ 400 ਰੁਪਿਆ ਦਿਹਾੜੀ ਮਿਲਦੀ ਹੈ। ਸਾਡਾ ਐਡਜੁਆਇਨਿੰਗ ਸੂਬਾ ਹਰਿਆਣਾ ਹੈ। ਉਹ 18,500 ਰੁਪਿਆ ਮਹੀਨਾ ਦਿੰਦੇ ਹਨ ਅਤੇ ਅਸੀਂ 12,000 ਤੋਂ 13,000 ਹਜ਼ਾਰ ਰੁਪਿਆ ਮਹੀਨਾ ਦਿੰਦੇ ਹਾਂ। ਮੇਰੀ ਤੁਹਾਡੇ ਕੋਲੋਂ ਇੱਕ ਤਾਂ ਇਹ ਮੰਗ ਹੈ ਕਿ ਅੱਜ ਤੁਸੀਂ ਮਿਨੀਮਮ 500 ਰੁਪਿਆ ਦਿਹਾੜੀ ਕਰ ਦਿਉ, ਹਰਿਆਣੇ ਨਾਲੋਂ ਦਿਹਾੜੀ ਵੱਧ ਕਰਕੇ 19,000 ਰੁਪਿਆ ਪ੍ਰਤੀ ਮਹੀਨਾ ਕਰ ਦਿਓ ਜੋ ਕਿ 400 ਰੁਪਏ ਦੀ ਬਜਾਏ 650 ਰੁਪਿਆ ਦਿਹਾੜੀ ਦਾ ਬਣਦਾ ਹੈ। ਇਸ ਬਾਰੇ ਅੱਜ ਹਾਊਸ ਵਿੱਚ ਜ਼ਰੂਰ ਅਨਾਊਂਸ ਕੀਤਾ ਜਾਵੇ। ਦੂਜੀ ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਤੁਹਾਡੇ ਕੋਲ, ਗੌਰਮਿੰਟ ਕੋਲ ਇੱਕ ਫੰਡ ਹੈ, ਜਿਹੜਾ ਫੰਡ ਮਜ਼ਦੂਰਾਂ ਤੋਂ ਕੁਲੈਕਟ ਕਰਦੇ ਹਨ, ਉਸ ਦਾ ਨਾਮ ਬਿਲਡਿੰਗ ਐਂਡ ਅਦਰ ਕੰਸਟਰੱਕਸ਼ਨ ਵਰਕਰਜ਼ ਵੈਲਫੇਅਰ ਫੰਡ ਹੈ। ਚੀਫ਼ ਮਨਿਸਟਰ ਸਾਹਿਬ, ਉਸ ਵਿੱਚ

ਤਕਰੀਬਨ 1200 ਕਰੋੜ ਰੁਪਿਆ ਤੁਹਾਡੀ ਗੌਰਮਿੰਟ ਨੇ ਕੋਲ ਰੱਖਿਆ ਹੋਇਆ ਹੈ। ਇਹ ਫੰਡ ਗੌਰਮਿੰਟ ਦਾ ਨਹੀਂ ਹੈ, ਇਹ ਵਰਕਰਜ਼ ਦਾ ਫੰਡ ਹੈ। ਜੇ ਕਿਸੇ ਵਰਕਰ ਦੀ ਮੌਤ ਹੋ ਜਾਵੇ, ਫੈਮਿਲੀ ਵਿੱਚ ਕੋਈ ਬਿਮਾਰ ਹੋ ਜਾਵੇ, ਬੱਚਿਆਂ ਦੀ ਐਜੂਕੇਸ਼ਨ ਜਾਂ ਮੈਰਿਜ ਵਾਸਤੇ ਚਾਹੀਦਾ ਹੋਵੇ, ਇਹ ਫੰਡ ਉਨ੍ਹਾਂ ਨੂੰ financial assistance ਦੇ ਤੌਰ 'ਤੇ ਉਦੋਂ ਦਿੱਤਾ ਜਾਂਦਾ ਹੈ।

**ਮੁੱਖ ਮੰਤਰੀ (ਬੈਠੇ-ਬੈਠੇ)** : ਲੋਕ ਰਜਿਸਟਰਡ ਹੀ ਨਹੀਂ ਕਰਵਾਉਂਦੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਜਿਹੜਾ ਰਜਿਸਟਰਡ ਵਰਕਰਜ਼ ਦਾ ਪੈਸਾ ਤੁਹਾਡੇ ਕੋਲ ਪਿਆ ਹੈ।

**ਮੁੱਖ ਮੰਤਰੀ** : ਬਾਜਵਾ ਸਾਹਿਬ, ਤੁਹਾਡਾ ਬਹੁਤ ਵਾਜਿਬ ਸਵਾਲ ਵੀ ਹੈ ਅਤੇ ਬਹੁਤ ਵਾਜਿਬ ਸੁਝਾਅ ਵੀ ਹੈ। ਰਜਿਸਟ੍ਰੇਸ਼ਨ ਬਹੁਤ ਹੀ ਜ਼ਿਆਦਾ ਘੱਟ ਹੈ। ਅਸੀਂ ਦੇਣਾ ਚਾਹੁੰਦੇ ਹਾਂ ਕਿ ਉਹ ਪੈਸਾ ਵਰਤੀਏ। ਜੇਕਰ ਤੁਸੀਂ ਇਸ ਵਿੱਚ ਸਾਨੂੰ ਅਸਿਸਟ ਕਰ ਦੇਵੋਗੇ, ਕਿਉਂਕਿ ਤੁਸੀਂ ਬਹੁਤ ਸੀਨੀਅਰ ਹੋ। ਇੱਥੇ ਵੀ ਹਾਊਸ ਵਿੱਚ ਤੁਸੀਂ ਸੀਨੀਅਰ ਹੋ। ਤੁਸੀਂ ਰਾਜ ਸਭਾ, ਲੋਕ ਸਭਾ ਵਿੱਚ ਵੀ ਰਹੇ ਹੋ। ਕਿਰਪਾ ਕਰਕੇ ਜੇ ਕਿਤੇ ਤੁਸੀਂ ਸਾਨੂੰ ਅਸਿਸਟ ਕਰ ਦੇਵੋ। ਉਸ ਵਿੱਚ ਇਕੱਲੇ ਕੰਸਟਰੱਕਸ਼ਨ ਵਰਕਰ ਲੈ ਲਏ ਜਾਂਦੇ ਹਨ। ਕੰਸਟਰੱਕਸ਼ਨ ਵਰਕਰ ਅਕਸਰ ਬਿਹਾਰ ਤੋਂ ਆਉਂਦੇ ਹਨ ਜਾਂ ਫਿਰ ਯੂ.ਪੀ. ਤੋਂ ਆਉਂਦੇ ਹਨ। ਉਹ ਆਪਣਾ ਓਨਾ ਕੁ ਕੰਮ ਕਰਕੇ ਚਲੇ ਜਾਂਦੇ ਹਨ। ਆਪਣੇ ਪੰਜਾਬ ਦੀ ਲੇਬਰ ਨੂੰ ਰਜਿਸਟਰਡ ਕਰਵਾਉਣ ਦੀ ਆਦਤ ਨਹੀਂ ਹੈ। ਆਪਾਂ ਸਟਿਗਮਾ ਤਾਂ ਨਹੀਂ ਕਹਿ ਸਕਦੇ ਪਰ ਜੇਕਰ ਤੁਸੀਂ ਇਸ ਵਿੱਚ ਹੈਲਪ ਕਰ ਸਕਦੇ ਹੋ ਤਾਂ ਮੈਨੂੰ ਬਹੁਤ ਖੁਸ਼ੀ ਹੋਵੇਗੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਰ, ਸਾਰਾ ਕੁਝ ਬੇਸੀਕਲੀ ਗੌਰਮਿੰਟ ਕੋਲ ਹੀ ਹੈ। ਅਸੀਂ ਜਿੰਨੀ ਮਦਦ ਕਰਨ ਦੀ ਪੁਜ਼ੀਸ਼ਨ ਵਿੱਚ ਹੋਵਾਂਗੇ, ਜ਼ਰੂਰ ਕਰਕੇ ਦੇਵਾਂਗੇ ਪਰ ਮੇਰੀ ਇਹ ਗੁਜ਼ਾਰਿਸ਼ ਜ਼ਰੂਰ ਹੈ ਕਿ ਉਹ ਜਿਹੜਾ ਫੰਡ ਹੈ, ਜਿਹੜਾ ਕਿ ਕਾਫੀ ਦੇਰ ਦਾ ਪਿਆ ਹੈ, ਉਸ ਨੂੰ ਕਿਸੇ ਵਰਤੋਂ ਵਿੱਚ ਲੈ ਕੇ ਆਇਆ ਜਾ ਸਕੇ। ਉਹ ਉਨ੍ਹਾਂ ਦੀ ਹਾਊਸਿੰਗ ਵਿੱਚ ਕੰਮ ਆ ਜਾਵੇਗਾ, ਉਨ੍ਹਾਂ ਦੇ ਬਿਮਾਰੀ ਦੇ ਸਮੇਂ ਵਿੱਚ ਕੰਮ ਆ ਜਾਵੇਗਾ, ਨੌਜਵਾਨ ਬੱਚਿਆਂ ਦੀ ਐਜੂਕੇਸ਼ਨ ਵਿੱਚ ਕੰਮ ਆ ਜਾਵੇਗਾ, injury ਵਿੱਚ ਕੰਮ ਆ ਜਾਵੇਗਾ। ਸੋ, ਇੱਕ ਤਾਂ ਮੇਰੀ ਇਨ੍ਹਾਂ ਨੂੰ ਇਹ ਰਾਇ ਸੀ ਕਿ ਅੱਜ ਦੇ ਦਿਨ ਉਹ ਦੋ ਚੀਜ਼ਾਂ ਦੀ ਮੰਗ ਕਰਦੇ ਹਨ ਅਤੇ ਇਸ ਨਾਲ ਪ੍ਰੈਕਟੀਕਲ ਗੱਲ ਹੈ।

**ਮਾਣਯੋਗ ਸਪੀਕਰ** : ਤੁਹਾਡੀ ਗੱਲ 'ਤੇ ਮੰਤਰੀ ਜੀ ਕੁਝ ਕਹਿਣਾ ਚਾਹੁੰਦੇ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਰ, ਦੋ ਮਿੰਟ ਮੇਰੀ ਗੱਲ ਮੁਕੰਮਲ ਹੋ ਲੈਣ ਦਿਓ, ਮੰਤਰੀ ਜੀ ਬਾਅਦ ਵਿੱਚ ਗੱਲ ਕਰ ਲੈਣਗੇ।

**ਮਾਣਯੋਗ ਸਪੀਕਰ**: ਚਲੋ, let you complete.

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਰ, ਘੱਗਰ ਦਰਿਆ, ਜਿਹੜੀ ਹਰਿਆਣਾ ਅਤੇ ਪੰਜਾਬ ਦੀ ਬਾਊਂਡਰੀ ਹੈ, ਜੇ ਸਾਡੇ ਕੋਈ ਵੀ ਮਜ਼ਦੂਰ ਘੱਗਰ ਦਰਿਆ ਟੱਪ ਕੇ ਹਰਿਆਣੇ ਵਿੱਚ ਚਲੇ ਜਾਂਦੇ ਹਨ ਤਾਂ ਤਕਰੀਬਨ ਪੰਜ ਕੁ ਹਜ਼ਾਰ ਰੁਪਏ ਮਹੀਨੇ ਦਾ ਉਨ੍ਹਾਂ ਨੂੰ ਫਰਕ ਪਵੇਗਾ। ਮੇਰੀ ਬੇਨਤੀ ਹੈ ਕਿ ਪੰਜਾਬ ਵਿੱਚ ਜਿਹੜੀ ਮਿਨੀਮਮ ਵੇਜ਼ ਹੈ, ਜੇ ਅੱਜ

ਹਰਿਆਣੇ ਨਾਲੋਂ ਤਕਰੀਬਨ 50 ਰੁਪਏ ਪ੍ਰਤੀ ਦਿਨ ਦੇ ਵੱਧ ਕਰ ਲਈਏ ਤਾਂ ਬਹੁਤ ਸਾਰੀਆਂ ਸਮੱਸਿਆਵਾਂ ਜਿਹੜੀਆਂ ਅੱਜ ਇੰਡਸਟਰੀ ਨੂੰ ਵੀ ਆ ਰਹੀਆਂ ਹਨ, ਕੰਸਟ੍ਰਕਸ਼ਨ ਇੰਡਸਟਰੀ ਨੂੰ ਵੀ ਆ ਰਹੀਆਂ ਹਨ, ਰੈਗੂਲਰ ਇੰਡਸਟਰੀ ਨੂੰ ਵੀ ਆ ਰਹੀਆਂ ਹਨ, ਉਹ ਵੀ ਬਹੁਤ ਹੱਦ ਤੱਕ ਦੂਰ ਹੋ ਸਕਦੀਆਂ ਹਨ। ਮੇਰੀ ਇਨ੍ਹਾਂ ਨੂੰ ਇੱਕ ਤਾਂ ਇਹ ਰਾਇ ਹੈ।

ਇਸ ਦੇ ਨਾਲ ਹੀ ਅੱਜ ਦੇ ਦਿਨ ਚੀਫ ਮਨਿਸਟਰ ਸਾਹਿਬ, ਮੈਂ ਤੁਹਾਨੂੰ ਇਹ ਵੀ ਬੇਨਤੀ ਕਰਾਂਗਾ, ਭਾਵੇਂ ਉਹ ਲੇਬਰ ਵਿੱਚ ਤਾਂ ਨਹੀਂ ਆਉਂਦੇ ਪਰ ਕਿਰਤੀ ਹਨ। ਕੰਮ ਕਰਨ ਵਾਲਾ ਜਿਹੜਾ ਸਾਡਾ ਸਰਕਾਰੀ ਮੁਲਾਜ਼ਮ ਹੈ, ਤਕਰੀਬਨ ਸਾਢੇ ਸੱਤ ਲੱਖ ਸਰਕਾਰੀ ਮੁਲਾਜ਼ਮ, ਪੈਨਸ਼ਨਰਜ਼, ਜਿਹੜੀਆਂ ਸਾਡੀਆਂ ਕਾਰਪੋਰੇਸ਼ਨਜ਼ ਹਨ, ਉਨ੍ਹਾਂ ਵਿੱਚ ਕੰਮ ਕਰਨ ਵਾਲੇ ਜਿਹੜੇ ਮੁਲਾਜ਼ਮ ਹਨ, ਉਨ੍ਹਾਂ ਦਾ ਬਕਾਇਆ ਵੀ ਕਾਫੀ ਦੇਰ ਦਾ ਪਿਆ ਹੈ। ਉਸ ਦੀ ਅੱਜ ਸਟੇਟਮੈਂਟ ਜ਼ਰੂਰ ਦੇਵੋ। ਉਹ ਕਚਹਿਰੀਆਂ ਵਿੱਚ ਜਾ ਚੁੱਕੇ ਹਨ। ਕਚਹਿਰੀਆਂ ਵੱਲੋਂ ਵੀ ਗੌਰਮਿੰਟ ਨੂੰ ਡਾਇਰੈਕਸ਼ਨਜ਼ ਹੋ ਚੁੱਕੀਆਂ ਹਨ। ਮੈਂ ਤਾਂ ਅੱਜ ਤੁਹਾਨੂੰ ਇੱਕ ਸੁਜੈਸ਼ਨ ਦੇਵਾਂਗਾ ਕਿ ਜਿੰਨੀ ਦੇਰ ਆਪਾਂ ਸਰਕਾਰੀ ਮੁਲਾਜ਼ਮਾਂ ਦੇ ਡੀ.ਏ. ਨਹੀਂ ਦਿੰਦੇ, ਤੁਸੀਂ ਆਪਣੀ ਤਨਖਾਹ, ਮੇਰੀ ਤਨਖਾਹ, ਕੈਬਨਿਟ ਦੀ ਤਨਖਾਹ, ਸਾਰੇ ਐਮ.ਐਲ.ਏਜ਼ ਦੀ ਤਨਖਾਹ, ਆਈ.ਏ.ਐਸ. ਅਤੇ ਆਈ.ਪੀ.ਐਸ, ਇਨ੍ਹਾਂ ਸਾਰਿਆਂ ਦੀ ਤਨਖਾਹ ਰੋਕੋ। ਪਹਿਲਾਂ ਆਪਾਂ ਉਨ੍ਹਾਂ ਮੁਲਾਜ਼ਮਾਂ ਦੇ ਡੀ.ਏ. ਦੀਆਂ ਕਿਸ਼ਤਾਂ ਪੂਰੀਆਂ ਕਰੀਏ। (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਥੰਪਿੰਗ) Let us put in something good. ਅੱਜ ਦਾ ਦਿਨ ਤੁਸੀਂ ਚੰਗਾ ਸੈਸ਼ਨ ਬੁਲਾਇਆ ਹੈ, ਬਹੁਤ well meaning ਹੈ ਪਰ ਉਸ ਵਿੱਚ ਮੁਲਾਜ਼ਮਾਂ ਲਈ ਵੀ, ਜਿਹੜੇ ਕਿਰਤੀ ਅਤੇ ਕਾਮੇ ਹਨ, ਉਨ੍ਹਾਂ ਨਾਲ ਇਹ ਵੀ ਚੀਜ਼ ਜੇ ਅੱਜ ਅਸੀਂ ਕਰ ਸਕੀਏ, it will send a very good message. ਉਹ ਉਡੀਕ ਰਹੇ ਹਨ, ਇੰਤਜ਼ਾਰ ਕਰ ਰਹੇ ਹਨ। ਮੈਨੂੰ ਵੀ ਕਈਆਂ ਨੇ ਬੇਨਤੀ ਕੀਤੀ ਹੈ ਕਿ ਬਾਜਵਾ ਸਾਹਿਬ ਅਸੀਂ ਆਮ ਆਦਮੀ ਪਾਰਟੀ ਨੂੰ ਲਿਆਉਣ ਵਿੱਚ ਜ਼ਿੰਮੇਵਾਰ ਹਾਂ। ਤੁਹਾਡੇ ਤੇ ਉਹ faith ਕਰਦੇ ਸੀ। ਮੈਨੂੰ ਯਾਦ ਹੈ, ਜਿਸ ਦਿਨ ਸਰਕਾਰ ਦਾ ਪਹਿਲਾ ਦਿਨ ਹੀ ਸੀ, ਹਜ਼ਾਰਾਂ ਦੀ ਤਦਾਦ ਵਿੱਚ ਇੰਪਲਾਈਜ਼, ਸਾਰੇ Secretariat ਵਿੱਚ ਬਾਹਰ ਨਿਕਲੇ, ਫੁੱਲਾਂ ਦੀ ਵਰਖਾ ਕੀਤੀ ਗਈ ਸੀ। So, they are expecting ਕਿ ਤੁਸੀਂ ਉਨ੍ਹਾਂ ਵੱਲ ਧਿਆਨ ਕਰੋਗੇ ਅਤੇ ਮੈਂ ਵੀ ਤੁਹਾਨੂੰ ਬੇਨਤੀ ਕਰਾਂਗਾ ਕਿ ਇਹ ਸਾਰੀਆਂ ਚੀਜ਼ਾਂ ਕਾਈਂਡਲੀ ਅੱਜ ਅਨਾਊਂਸ ਕੀਤੀਆਂ ਜਾਣ।

**Mr. Speaker:** Thank You.

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਜੇ ਅੱਜ ਆਪਾਂ ਸੈਸ਼ਨ ਬੁਲਾਇਆ ਹੈ, ਇਸ ਦੀ ਸਪੈਸ਼ਲ ਮਹੱਤਤਾ ਉਦੋਂ ਬਣੇਗੀ ਜੇ ਇਸ ਵਿੱਚੋਂ ਕੁਝ ਰਿਜ਼ਲਟ ਨਿਕਲੇਗਾ। ਸੋ, ਇੰਨਾ ਹੀ ਕਹਿੰਦਾ ਹੋਇਆ ਮੈਂ ਆਪਣੀ ਗੱਲ ਖਤਮ ਕਰਦਾ ਹਾਂ।

**Mr. Speaker:** Thank You. ਸੋ, ਇਸ ਮਤੇ ਤੇ ਬਹਿਸ ਲਈ ਇੱਕ ਘੰਟੇ ਦਾ ਟਾਈਮ ਰੱਖਿਆ ਗਿਆ ਹੈ। ਇਹ ਮੈਂਬਰਸ਼ਿਪ ਦੇ ਹਿਸਾਬ ਨਾਲ proportional ਹੁੰਦਾ ਹੈ। ਆਮ ਆਦਮੀ ਪਾਰਟੀ ਦੇ 47 ਮਿੰਟ ਬਣਦੇ ਹਨ ਔਰ ਇੰਡੀਅਨ ਨੈਸ਼ਨਲ ਕਾਂਗਰਸ ਦੇ 8 ਮਿੰਟ ਬਣਦੇ ਹਨ, ਸ਼੍ਰੋਮਣੀ ਅਕਾਲੀ ਦਲ ਦੇ 2 ਮਿੰਟ ਹਨ, ਭਾਰਤੀ ਜਨਤਾ ਪਾਰਟੀ ਦੇ 2 ਮਿੰਟ, others ਦੇ ਇੱਕ ਮਿੰਟ ਬਣਦੇ ਹਨ। ਸੋ, 60 ਮਿੰਟ ਹਨ। ਹਾਂ ਜੀ, ਸੀ.ਐਮ. ਸਾਹਿਬ ਕੁਝ ਕਹਿਣਾ ਚਾਹੁੰਦੇ ਹਨ।

**ਮੁੱਖ ਮੰਤਰੀ**: ਮੈਂ ਇਹ ਕਹਿੰਦਾ ਹਾਂ ਕਿ ਕਾਂਗਰਸ ਪਾਰਟੀ ਨੇ ਦੇਸ਼ 'ਤੇ ਸਭ ਤੋਂ ਵੱਧ ਰਾਜ ਕੀਤਾ ਹੈ।

**ਮਾਣਯੋਗ ਸਪੀਕਰ**: ਜੀ।

**ਮੁੱਖ ਮੰਤਰੀ**: ਮਜ਼ਦੂਰਾਂ ਦੀ ਸਮੱਸਿਆ ਬਾਰੇ ਮੇਰੇ ਖਿਆਲ ਵਿੱਚ ਸੱਤਾ ਤੋਂ ਬਾਹਰ ਰਹਿ ਕੇ ਜ਼ਿਆਦਾ ਦੱਸਿਆ ਜਾ ਸਕਦਾ ਹੈ। ਸੋ, 8 ਮਿੰਟ ਕਿਉਂ ਜੀ, ਜੇ ਹੋ ਸਕੇ ਤਾਂ ਇਨ੍ਹਾਂ ਨੂੰ 16 ਮਿੰਟ ਦੇ ਦੇਵੋ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਮਾਣਯੋਗ ਸਪੀਕਰ**: ਠੀਕ ਹੈ ਜੀ। ਤੁਸੀਂ ਮਾਲਕ ਹੋ, ਹਾਊਸ ਦੇ ਲੀਡਰ ਹੋ। ਹਾਂ ਜੀ, ਬਾਜਵਾ ਸਾਹਿਬ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸੀ.ਐਮ. ਸਾਹਿਬ ਦੀ ਤਾਂ ਤੁਸੀਂ ਮੰਨ ਹੀ ਲਵੋਗੇ, ਸਾਡੀ ਤਾਂ ਮੰਨਦੇ ਨਹੀਂ।

**ਮਾਣਯੋਗ ਸਪੀਕਰ**: ਨਹੀਂ, ਤੁਹਾਡੀ ਵੀ ਮੰਨਦੇ ਹਾਂ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਅਕਸਰ ਸਾਡੀ ਮੰਨਦੇ ਨਹੀਂ।

**ਮਾਣਯੋਗ ਸਪੀਕਰ**: ਅਕਸਰ ਤੁਹਾਡੀ ਮੰਨਦੇ ਹਾਂ ਪਰ ਤੁਸੀਂ ਰੱਜਦੇ ਨਹੀਂ।

**ਮੁੱਖ ਮੰਤਰੀ (ਬੈਠੇ ਬੈਠੇ)**: ਇਹ ਵੀ ਟਾਈਮ ਗਿਣਿਆ ਜਾਵੇਗਾ। (ਹਾਸਾ)

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਚਲੋ ਠੀਕ ਹੈ ਜੀ। ਸੋ, ਸਾਨੂੰ ਐਡੀਸ਼ਨਲ ਟਾਈਮ ਵੀ ਦਿੱਤਾ ਜਾਵੇ ਅਤੇ ਸੀ.ਐਮ. ਸਾਹਿਬ, ਮੈਂ ਯਾਦ ਵੀ ਕਰਵਾਉਣਾ ਚਾਹਾਂਗਾ ਕਿ ਡਾਕਟਰ ਮਨਮੋਹਨ ਸਿੰਘ ਜੀ ਦੀ ਸਰਕਾਰ ਸੀ, ਜਿਹੜੀ ਮਗਨਰੇਗਾ ਲੈ ਕੇ ਆਈ ਸੀ। ਮਜ਼ਦੂਰਾਂ ਦਾ ਹੱਕ ਹਮੇਸ਼ਾ ਕਾਂਗਰਸ ਨੇ ਦਿੱਤਾ ਹੈ, ਸਾਡੀ ਪਾਰਟੀ ਗਰੀਬਾਂ ਦੇ ਨਾਲ ਹੈ। ਸਾਡੀ ਕਾਂਗਰਸ ਦਾ ਹੱਥ ਅਮੀਰ ਨਾਲ ਨਹੀਂ, ਹਮੇਸ਼ਾ ਗਰੀਬ ਨਾਲ ਰਿਹਾ ਹੈ।

**ਮਾਣਯੋਗ ਸਪੀਕਰ**: ਹਾਂ ਜੀ, ਸੀ.ਐਮ. ਸਾਹਿਬ।

**ਮੁੱਖ ਮੰਤਰੀ**: ਸਪੀਕਰ ਸਾਹਿਬ, ਜਿਸ ਵੇਲੇ ਨਰੇਗਾ 'ਤੇ ਆਪਾਂ ਸਪੈਸ਼ਲ ਸੈਸ਼ਨ ਕੀਤਾ ਸੀ, ਮੈਂ ਉਸ ਵਿੱਚ ਡਾਕਟਰ ਮਨਮੋਹਨ ਸਿੰਘ ਦੀ ਇਸ ਗੱਲ ਤੋਂ ਤਾਰੀਫ ਕੀਤੀ ਸੀ। ਮੈਂ ਅੱਜ ਵੀ ਤਾਰੀਫ ਕਰਦਾ ਹਾਂ ਕਿ ਜਿਹੜੀ ਨਰੇਗਾ ਹੈ, ਉਨ੍ਹਾਂ ਕਰਕੇ ਹੈ। ਮੈਂ ਉਸ ਵੇਲੇ ਪਾਰਲੀਮੈਂਟ ਵਿੱਚ ਸੀ, ਮੈਂ ਸਾਲ 2014 ਵਿੱਚ ਨਵਾਂ-ਨਵਾਂ ਚੁਣ ਕੇ ਗਿਆ ਸੀ, ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਨੇ ਕਿਹਾ ਸੀ ਕਿ मैं नरेगा ख़तम नहीं करूँगा यह कांग्रेस की असफलता की कहानी है ਪਰ ਬਾਅਦ ਵਿੱਚ ਉਸ ਨੂੰ ਖਤਮ ਕਰਨੀ ਪੈ ਗਈ ਕਿਉਂਕਿ ਉਹ ਸਫਲਤਾ ਦੀ ਕਹਾਣੀ ਸੀ। ਮੈਂ ਇਸ ਗੱਲ ਵਿੱਚ ਬਿਲਕੁਲ ਤੁਹਾਡੇ ਨਾਲ ਹਾਂ ਕਿ ਨਰੇਗਾ ਦਾ ਜਿਹੜਾ ਮਜ਼ਦੂਰ ਹੈ, ਉਹ ਆਮ ਗਰੀਬ ਲੋਕ ਹਨ ਜੀ। ਇੱਧਰੋਂ ਬੱਠਲ ਚੁੱਕ ਕੇ ਉੱਧਰ ਰੱਖ ਦਿੱਤਾ, ਉਧਰੋਂ ਬੱਠਲ ਚੁੱਕ ਕੇ ਇੱਧਰ ਰੱਖ ਦਿੱਤਾ। ਸੋ, ਮੇਰੇ ਖ਼ਿਆਲ ਵਿੱਚ ਅੱਠ ਮਿੰਟ ਨਹੀਂ, ਇਨ੍ਹਾਂ ਨੂੰ ਵੀਹ ਮਿੰਟ ਦਿਓ ਜੀ।

**ਮਾਣਯੋਗ ਸਪੀਕਰ** : ਤੁਸੀਂ ਲੀਡਰ ਆਫ ਦਿ ਹਾਊਸ ਹੋ, ਤੁਹਾਡੇ ਹਿਸਾਬ ਨਾਲ ਦੇ ਦੇਵਾਂਗੇ। ਬਾਜਵਾ ਸਾਹਿਬ, ਤੁਹਾਡੇ ਬੰਦਿਆਂ ਨੂੰ ਪਹਾੜੇ ਬੜੇ ਪੜ੍ਹਨੇ ਆਉਂਦੇ ਹਨ, ਧਿਆਨ ਰੱਖਿਓ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਬਿਨਾਂ ਮਾਈਕ ਤੋਂ)** : ਪਹਾੜੇ ਪੜ੍ਹਨ ਵਾਲੇ ਤੁਹਾਡੇ ਵਿੱਚ ਵੀ ਹਨ।

**ਮਾਣਯੋਗ ਸਪੀਕਰ** : ਵਾਹਿਗੁਰੂ ਜੀ। ਚੱਲੋ, ਅਸੀਂ ਡਿਸਕਸ਼ਨ ਅੱਗੇ ਤੋਰ ਲਈਏ। ਹਾਂ ਜੀ, ਮੰਤਰੀ ਜੀ।

**ਮੁੱਖ ਮੰਤਰੀ (ਬੈਠੇ-ਬੈਠੇ)** : ਸਰ, ਇਨ੍ਹਾਂ ਨੂੰ ਖੁੱਲ੍ਹਾ ਟਾਈਮ ਦੇ ਦਿਓ।

**ਮਾਣਯੋਗ ਸਪੀਕਰ** : ਠੀਕ ਹੈ ਜੀ।

**ਕਿਰਤ ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਲੀਡਰ ਆਫ ਦਿ ਆਪੋਜ਼ੀਸ਼ਨ ਸਾਹਿਬ ਨੇ ਬਹੁਤ ਪੋਲ੍ਹੇ ਪੋਲ੍ਹੇ ਜਿਹੇ ਇਹ ਗੱਲ ਕਹੀ ਹੈ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਜੇ ਕਿਤੇ ਇਸ ਤਰ੍ਹਾਂ ਦੇ ਮਾਹੌਲ ਵਿੱਚ ਆਪਣੀ ਵਿਧਾਨ ਸਭਾ ਚੱਲਿਆ ਕਰੇ, ਮੈਂ ਤਾਂ 20-20, 25-25 ਦਿਨ ਸੈਸ਼ਨ ਬੁਲਾ ਲਿਆ ਕਰਾਂਗਾ, ਜੇਕਰ ਇਸ ਤਰ੍ਹਾਂ ਹੀ ਪਿਆਰ ਨਾਲ ਸਾਰਾ ਕੁਝ ਚੱਲੇ । (ਥੰਪਿੰਗ) ਲੋਕਾਂ ਨੂੰ ਵੀ ਸਕੂਨ ਮਿਲਦਾ ਹੈ ਕਿਉਂਕਿ ਲੋਕ ਕੋਈ ਬਹੁਤਾ ਲੜਾਈ ਵੇਖ ਕੇ ਖੁਸ਼ ਨਹੀਂ ਹੁੰਦੇ ਕਿ ਉਸ ਨੇ ਇਹ ਕਰ ਦਿੱਤਾ, ਇਸ ਨੇ ਇਹ ਕਰ ਦਿੱਤਾ। ਸਰ, ਡਿਸਕਸ਼ਨ ਵਿੱਚ ਸਭ ਨੂੰ ਹੱਕ ਹੈ, all the elected people are sitting here, ਕਿਸੇ ਨੂੰ 10 ਲੱਖ ਲੋਕਾਂ ਨੇ ਚੁਣਿਆ ਹੈ, ਕਿਸੇ ਨੂੰ 5 ਲੱਖ ਲੋਕਾਂ ਨੇ ਚੁਣਿਆ ਹੈ, ਸਾਰੇ ਹੀ ਲੋਕਾਂ ਵੱਲੋਂ ਚੁਣੇ ਹੋਏ ਨੁਮਾਇੰਦੇ ਹਨ, ਨੁਮਾਇੰਦਿਆਂ ਦੀ ਜਿਹੜੀ ਡੈਮੋਕਰੇਸੀ ਜਮਾਤ ਹੈ। ਅਦਰਵਾਈਜ਼ ਦੇਸ਼ ਦੀ ਡੈਮੋਕਰੇਸੀ ਖਤਰੇ ਵਿੱਚ ਪਈ ਰਹੀ ਹੈ, ਜਿਸ ਤਰੀਕੇ ਦਾ ਮਾਹੌਲ ਚੱਲ ਰਿਹਾ ਹੈ। ਸੋ, ਮੈਨੂੰ ਲੱਗਦਾ ਹੈ ਕਿ ਕਾਂਗਰਸ ਇਸ ਮਾਮਲੇ ਵਿੱਚ ਸਾਡੇ ਨਾਲ ਹੋਵੇ, ਅਸੀਂ ਇਸ ਮਾਮਲੇ ਵਿੱਚ ਕਾਂਗਰਸ ਦੇ ਨਾਲ ਹਾਂ। ਇਹ ਜੋ ਦੇਸ਼ ਵਿੱਚ ਡੈਮੋਕਰੇਸੀ ਦਾ ਘਾਣ ਹੋ ਰਿਹਾ ਹੈ, ਅਸੀਂ ਬਹੁਤ ਵਾਰੀ ਇਨ੍ਹਾਂ ਨੂੰ ਕਿਹਾ ਹੈ ਕਿ ਆ ਜਾਓ, ਇਕੱਠੇ ਰਲ਼ ਕੇ ਲੜੀਏ ਪਰ ਫਿਰ ਪਤਾ ਨਹੀਂ ਕਿਉਂ ਸਾਡੇ ਨਾਲ ਹੀ ਲੜਨ ਲੱਗ ਜਾਂਦੇ ਹਨ। ਸਪੀਕਰ ਸਾਹਿਬ, ਜਿੰਨਾ ਤੁਹਾਡੇ ਕੋਲ ਖੁੱਲ੍ਹਾ ਟਾਈਮ ਹੋ ਸਕਦਾ ਹੈ, ਸਭ ਨੂੰ ਦੇ ਦਿਓ।

**ਮਾਣਯੋਗ ਸਪੀਕਰ**: ਜੀ, done. ਸੀ.ਐਮ. ਸਾਹਿਬ ਨੇ ਬਿਲਕੁਲ ਸਹੀ ਗੱਲ ਕਹੀ ਹੈ। ਇਸ ਤਰ੍ਹਾਂ ਦੇ ਮਾਹੌਲ ਵਿੱਚ ਡਿਸਕਸ਼ਨ ਵੀ ਵਧੀਆ ਹੋਵੇਗੀ ਅਤੇ ਹੱਲ ਵੀ ਵਧੀਆ ਹੋਵੇਗਾ। ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ

*ਜਬ ਲਗੁ ਦੁਨੀਆਂ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ।।*

ਅਤੇ ਅੱਗੇ ਹੁਕਮ ਹੈ, ਰੋਸੁ ਨਾ ਕੀਜੈ ਉਤਰੁ ਦੀਜੈ। ਸੋ, ਗੱਲਬਾਤ ਵਧੀਆ ਚੱਲੇ। ਜੀ ਮੰਤਰੀ ਜੀ, ਕਨਕਲੂਡ ਕਰ ਦਿਉ ਜੀ।

**ਕਿਰਤ ਮੰਤਰੀ** : ਸਰ, ਆਪਾਂ ਰੋਸ ਨਹੀਂ ਕਰਨਾ ਪਰ ਅਸੀਂ ਇਨ੍ਹਾਂ ਦੀ ਗੱਲ ਦਾ ਉੱਤਰ ਦੇਣਾ ਹੈ। ਸਰ, ਇਨ੍ਹਾਂ ਨੇ ਬੜਾ ਪੋਲ੍ਹਾ ਜਿਹਾ ਸਵਾਲ ਕਿਹਾ ਹੈ ਕਿ ਸਾਡੇ ਕੋਲ ਬੀ.ਓ.ਸੀ.ਡਬਲਿਊ.ਬੋਰਡ ਵਿੱਚ 1200 ਕਰੋੜ ਰੁਪਿਆ ਪਿਆ ਹੈ ਅਤੇ ਅਸੀਂ ਉਸ ਨੂੰ ਖਰਚ ਕਿਉਂ ਨਹੀਂ ਕਰ ਰਹੇ। ਸਰ, ਮੈਂ within second ਗੱਲ ਖਤਮ ਕਰ ਦੇਵਾਂਗਾ ਜੀ।

**ਮਾਣਯੋਗ ਸਪੀਕਰ**: ਬਿਲਕੁਲ ਜੀ, ਤੁਸੀਂ ਆਪਣੀ ਗੱਲ ਕਹਿ ਲੈਣਾ। ਮੇਰੀ ਇੱਕ ਸੁਜੈਸ਼ਨ ਸੁਣ ਲਓ ਕਿ ਕਾਫੀ ਮੈਂਬਰ ਦੇ ਸਵਾਲ ਆਉਣਗੇ, ਤੁਸੀਂ ਨੋਟ ਕਰ ਲਓ, ਇਨ੍ਹਾਂ ਨੂੰ ਲਿਖ ਲਵੋ ਅਤੇ ਅਖੀਰ ਵਿੱਚ ਜਵਾਬ ਦੇ ਦਿਓ।

**ਮੁੱਖ ਮੰਤਰੀ (ਬੈਠੇ-ਬੈਠੇ)**: ਸਪੀਕਰ ਸਾਹਿਬ ਬਿਲਕੁਲ ਠੀਕ ਕਹਿ ਰਹੇ ਹਨ। ਇਕੱਲਾ-ਇਕੱਲਾ ਜਵਾਬ ਦੇਣ ਦੀ ਬਜਾਏ ਲਿਖ ਲਵੋ।

**ਕਿਰਤ ਮੰਤਰੀ**: ਠੀਕ ਹੈ ਜੀ। ਸਰ, ਲਾਸਟ ਗੱਲ ਕਹਿ ਕੇ ਕਨਕਲੂਡ ਕਰ ਲਈਏ ਜੀ।

**ਮਾਣਯੋਗ ਸਪੀਕਰ**: ਠੀਕ ਹੈ ਜੀ।

**ਕਿਰਤ ਮੰਤਰੀ**: ਸਰ, ਜਦੋਂ ਮਾਣਯੋਗ ਐਲ.ਓ.ਪੀ. ਸਾਹਿਬ ਹੁਰਾਂ ਦੀ ਸਰਕਾਰ ਸੀ, ਉਦੋਂ ਇਹ ਪੰਜ ਸਾਲ ਦੇ ਅੰਦਰ ਬੀ.ਓ.ਸੀ.ਡਬਲਿਊ. ਬੋਰਡ ਤੋਂ ਕੁੱਲ 150 ਕਰੋੜ ਰੁਪਏ ਬੈਨੀਫਿਸ਼ਰੀਜ ਦੇ ਅਕਾਊਂਟਸ ਵਿੱਚ ਡਿਸਬਰਸ ਕਰ ਸਕੇ ਸਨ। ਸਰ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਆਈ, ਅਜੇ ਸਾਡਾ ਇੱਕ ਸਾਲ ਪਿਆ ਹੈ, ਅਸੀਂ ਚਾਰ ਸਾਲਾਂ ਵਿੱਚ 350 ਕਰੋੜ ਰੁਪਏ ਦੇ ਚੁੱਕੇ ਹਾਂ। (ਥੰਪਿੰਗ) ਸਰ, ਇਹ ਇਨ੍ਹਾਂ ਨਾਲੋਂ ਤਕਰੀਬਨ ਤਿੰਨ ਗੁਣਾ ਬਣਦਾ ਹੈ, ਅਜੇ ਇਹ ਸਾਨੂੰ ਪੁੱਛ ਰਹੇ ਹਨ? ਸਰ, ਪਹਿਲਾਂ ਬੈਨੀਫਿਸ਼ਰੀਜ ਦੀ ਐਪਲੀਕੇਸ਼ਨ ਲਈ 165 ਦਿਨ ਲੱਗਦੇ ਸਨ, ਅੱਜ ਅਸੀਂ 165 ਦਿਨ ਦੀ ਬਜਾਏ ਕੱਟ ਸ਼ਾਰਟ ਕਰਕੇ ਕੁੱਲ 65 ਦਿਨਾਂ 'ਤੇ ਲੈ ਆਏ ਹਾਂ। ਸਰ, ਇਹੋ ਫਰਕ ਸਰਕਾਰ ਸਰਕਾਰ ਦਾ ਹੈ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਧੰਨਵਾਦ ਜੀ।

**ਸ੍ਰੀ ਸੁਖਵਿੰਦਰ ਸਿੰਘ ਕੋਟਲੀ (ਆਦਮਪੁਰ, ਐਸ.ਸੀ.)** : ਸਪੀਕਰ ਸਾਹਿਬ ਬਹੁਤ-ਬਹੁਤ ਧੰਨਵਾਦ ਕਿ ਅੱਜ ਦੇ ਮਜ਼ਦੂਰ ਦਿਵਸ ਦੇ ਉਪਰ ਜਿਹੜਾ ਮਾਣਯੋਗ ਮੰਤਰੀ ਸਾਹਿਬ ਮਤਾ ਲੈ ਕੇ ਆਏ ਹਨ, ਬਹੁਤ ਚੰਗੀ ਗੱਲ ਹੈ, ਮੈਂ ਉਸ ਦੀ ਸ਼ਲਾਘਾ ਕਰਦਾ ਹਾਂ। ਮਾਣਯੋਗ ਸਪੀਕਰ ਸਾਹਿਬ, ਮੇਰੇ ਤੁਹਾਡੇ ਰਾਹੀਂ ਸਰਕਾਰ ਦੇ ਲਈ ਕੁਝ ਸੁਝਾਅ ਹਨ। ਮਾਣਯੋਗ ਮੁੱਖ ਮੰਤਰੀ ਸਾਹਿਬ ਬੈਠੇ ਹਨ, ਉਨ੍ਹਾਂ ਦਾ ਵੀ ਬਹੁਤ-ਬਹੁਤ ਧੰਨਵਾਦ ਤੇ ਸ਼ੁਕਰੀਆ। ਅੱਜ ਪੂਰੇ ਦੇਸ਼ ਦੇ ਅੰਦਰ, ਪੂਰੀ ਦੁਨੀਆ ਦੇ ਅੰਦਰ ਲੇਬਰ ਡੇਅ ਮਜ਼ਦੂਰਾਂ ਨੂੰ ਸਮਰਪਿਤ ਦਿਵਸ ਮਨਾਇਆ ਜਾ ਰਿਹਾ ਹੈ ਔਰ ਇਸ ਦੇਸ਼ ਦੇ ਅੰਦਰ ਮਜ਼ਦੂਰਾਂ ਦੇ ਖਿਲਾਫ ਬਹੁਤ ਸਾਰੇ ਕਾਨੂੰਨ ਬਣਾਏ ਗਏ ਹਨ ਕਿ ਜਿਹੜੇ ਮਜ਼ਦੂਰ ਅੱਠ ਘੰਟੇ ਦਾ ਕੰਮ ਕਰਦੇ ਸੀ, ਉਨ੍ਹਾਂ ਦੀ ਦਿਹਾੜੀ ਦਾ ਸਮਾਂ ਵਧਾ ਕੇ 12 ਘੰਟੇ ਕਰ ਦਿੱਤਾ ਗਿਆ ਔਰ ਪੰਜਾਬ ਸਰਕਾਰ ਵੱਲੋਂ ਇਸ ਬਾਬਤ ਨੋਟੀਫ਼ਿਕੇਸ਼ਨ ਵੀ ਜਾਰੀ ਹੋਇਆ ਹੈ। ਮੈਂ ਬੇਨਤੀ ਕਰਨੀ ਚਾਹਾਂਗਾ ਕਿ ਮਜ਼ਦੂਰ ਨੂੰ ਅੱਠ ਘੰਟੇ ਦੀ ਉਜਰਤ, 12 ਘੰਟੇ ਦੇ ਅੰਦਰ ਤਬਦੀਲ ਕੀਤੀ ਗਈ ਹੈ, ਜਿਹੜੀ ਕਿ ਮਜ਼ਦੂਰਾਂ ਦੇ ਨਾਲ ਬਹੁਤ ਵੱਡੀ ਬੇਇਨਸਾਫ਼ੀ ਹੈ। ਮਾਣਯੋਗ ਮੰਤਰੀ ਸਾਹਿਬ ਜੀ ਨੇ ਕਿਹਾ ਹੈ ਕਿ ਪੰਜਾਬ ਦੇ ਅੰਦਰ ਸਾਡੀ ਸਰਕਾਰ ਨੇ ਜਾਂ ਪਾਰਟੀ ਨੇ ਹਰੇਕ ਮਜ਼ਦੂਰ ਵਰਗ ਨੂੰ ਟਿਕਟਾਂ ਦਿੱਤੀਆਂ ਹਨ ਪਰ ਸੀ.ਐਮ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਮਜ਼ਦੂਰਾਂ ਨਾਲ ਬੜਾ ਧੱਕਾ ਹੋਇਆ ਹੈ ਕਿ ਇੱਕ ਵੀ ਮਜ਼ਦੂਰ, ਕਿਰਤੀ-ਕਾਮੇ ਨੂੰ ਰਾਜ ਸਭਾ ਅੰਦਰ ਨਹੀਂ ਭੇਜਿਆ ਗਿਆ। ਮੈਂ ਇਸ ਸਬੰਧ ਵਿੱਚ ਬੇਨਤੀ ਕਰਾਂਗਾ ਕਿ ਕਿਰਤੀ-ਕਾਮੇ ਉੱਥੇ ਵੀ ਜਾਣੇ ਚਾਹੀਦੇ ਸੀ, ਜਿਸ ਤਰ੍ਹਾਂ ਅੱਜ 94 ਬੈਠੇ ਹਨ।

**ਮੁੱਖ ਮੰਤਰੀ (ਬੈਠੇ-ਬੈਠੇ)** : ਭੇਜੇ ਸੀ।

**ਸ਼੍ਰੀ ਸੁਖਵਿੰਦਰ ਸਿੰਘ ਕੋਟਲੀ** : ਠੀਕ ਹੈ ਜੀ। ਜਿਸ ਤਰ੍ਹਾਂ ਅੱਜ ਇੱਥੇ 94 ਬੈਠੇ ਹਨ, ਖੁਸ਼ੀ ਹੈ। ਜਿਹੜਾ ਤੁਸੀਂ ਇੱਕ ਸਵਾਲ ਕੀਤਾ ਹੈ ਕਿ ਦੇਸ਼ ਵਾਲੇ ਸਾਨੂੰ ਪੈ ਜਾਂਦੇ ਹਨ, ਅਸੀਂ ਕਾਂਗਰਸ ਪਾਰਟੀ ਵੱਲੋਂ ਇਹ ਚਾਹੁੰਦੇ ਹਾਂ ਕਿ ਇਹ ਸਰਕਾਰ ਪੰਜ ਸਾਲ ਪੂਰੇ ਕਰੇ ਅਤੇ ਦੇਸ਼ ਅੰਦਰ ਕਾਨੂੰਨ ਦੀਆਂ ਜਿਹੜੀਆਂ ਧੱਜੀਆਂ ਉਡਾਈਆਂ ਜਾਂਦੀਆਂ ਹਨ, ਉਹ ਕਦਾਚਿਤ ਨਾ ਹੋਣ। ਜੇ ਅਸੀਂ ਦੇਸ਼ ਅੰਦਰ ਡੈਮੋਕ੍ਰੇਸੀ ਦਾ ਘਾਣ ਕਰਨ ਵਾਲੇ ਲੋਕਾਂ ਦੀ ਹਮਾਇਤ ਕਰਾਂਗੇ, ਫੇਰ ਇਹ ਦੇਸ਼ ਕਦੇ ਵੀ ਉੱਨਤੀ ਦੇ ਰਾਹ 'ਤੇ ਨਹੀਂ ਜਾ ਸਕਦਾ। ਦੂਸਰਾ, ਮਿਨੀਮਮ ਵਰਕਰਜ਼ ਉਜਰਤ ਵਾਸਤੇ ਆਲ ਇੰਡੀਆ ਲੇਬਰਜ਼ ਕੌਂਸਲ ਦੀਆਂ ਗਾਈਡਲਾਈਨਜ਼ ਹਨ ਕਿ ਹਰੇਕ ਮਜ਼ਦੂਰ ਦੀ ਦਿਹਾੜੀ 1000 ਰੁਪਿਆ ਹੋਣੀ ਚਾਹੀਦੀ ਹੈ। ਮੈਂ ਪਹਿਲਾਂ ਵੀ ਵਿਧਾਨ ਸਭਾ ਅੰਦਰ ਬੋਲਿਆ ਸੀ ਕਿ ਜਦੋਂ ਪੰਜਾਬ ਅੰਦਰ ਸ਼ਗਨ ਸਕੀਮ ਦਾ ਫਾਰਮ ਭਰਿਆ ਜਾਂਦਾ ਹੈ ਤਾਂ ਉਸ ਵਾਸਤੇ ਸਾਲਾਨਾ ਆਮਦਨ ਹੱਦ ਸਿਰਫ 32,000 ਰੁਪਿਆ ਹੈ। ਬਾਜਵਾ ਸਾਹਿਬ, ਇਸ ਹਿਸਾਬ ਨਾਲ ਮਜ਼ਦੂਰ ਦੀ ਦਿਹਾੜੀ 2600 ਰੁਪਿਆ ਪ੍ਰਤੀ ਮਹੀਨਾ ਬਣਦੀ ਹੈ। ਕੀ ਸਾਡੇ ਗਰੀਬਾਂ ਵਾਸਤੇ ਇਹ ਵਾਜਬ ਹੈ ਕਿ 2600 ਰੁਪਿਆ ਮਹੀਨਾ ਉਜਰਤ ਵਾਲਾ ਵਿਅਕਤੀ ਹੀ ਉਸ ਸ਼ਗਨ ਸਕੀਮ ਵਿੱਚ ਆ ਸਕਦਾ ਹੈ, ਇਸ ਤੋਂ ਵੱਧ ਵਾਲਾ ਨਹੀਂ? ਮਾਣਯੋਗ ਵਿੱਤ ਮੰਤਰੀ ਸਾਹਿਬ ਚਲੇ ਗਏ ਹਨ। ਮਾਣਯੋਗ ਪ੍ਰਿੰਸੀਪਲ ਬੁੱਧ ਰਾਮ ਜੀ ਬੈਠੇ ਹਨ, ਅਸੀਂ ਮੰਤਰੀ ਸਾਹਿਬ ਨੂੰ ਵਿਧਾਨ ਸਭਾ ਦੀ ਇੱਕ ਕਮੇਟੀ ਦਾ ਰੈਜ਼ੋਲਿਊਸ਼ਨ ਵੀ ਭੇਜਿਆ ਸੀ। ਕਿਰਪਾ ਕਰਕੇ ਉਸ ਨੂੰ ਪ੍ਰਵਾਨਗੀ ਦਿੱਤੀ ਜਾਵੇ, ਉਸ ਅੰਦਰ ਗਰੀਬ ਦੀ ਆਮਦਨ ਹੱਦ ਘੱਟੋ-ਘੱਟ ਢਾਈ ਲੱਖ ਰੁਪਿਆ ਸਲਾਨਾ ਤੱਕ ਹੋਣੀ ਚਾਹੀਦੀ ਹੈ। ਪੰਜਾਬ ਸਰਕਾਰ ਦੀ ਸ਼ਗਨ ਸਕੀਮ ਵਾਲੇ ਇਸ ਮੈਟਰ ਵੱਲ ਵੀ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿਉਂਕਿ ਇਸ ਵਜ੍ਹਾ ਕਰਕੇ ਹਜ਼ਾਰਾਂ ਮਜ਼ਦੂਰ ਸ਼ਗਨ ਸਕੀਮ ਦਾ ਫਾਰਮ ਭਰਨ ਤੋਂ ਵਾਂਝੇ ਰਹਿ ਜਾਂਦੇ ਹਨ।

ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਖੇਤ ਮਜ਼ਦੂਰ ਖੇਤਾਂ ਅੰਦਰ ਅਤੇ ਮੰਡੀਆਂ ਦੇ ਨਾਲ ਰਿਲੇਟਿਡ ਕੰਮ ਕਰਦੇ ਹਨ। ਜਦੋਂ ਕੋਈ ਵੀ ਹੋਰ ਰਾਹਤ ਪੰਜਾਬ ਸਰਕਾਰ ਵੱਲੋਂ ਦੇਣੀ ਬਣਦੀ ਹੈ ਜਾਂ ਦਿੱਤੀ ਜਾਂਦੀ ਹੈ, ਜੇਕਰ ਸਾਡੇ ਕਿਸਾਨ ਭਰਾਵਾਂ ਦਾ ਨੁਕਸਾਨ ਹੁੰਦਾ ਹੈ, ਅਸੀਂ ਉਨ੍ਹਾਂ ਨੂੰ ਰਾਹਤ ਦਿੰਦੇ ਹਾਂ ਕਿਉਂਕਿ ਉਨ੍ਹਾਂ ਦਾ ਕੰਮ ਬਹੁਤ ਮਿਹਨਤ ਵਾਲਾ ਹੈ। ਜੇਕਰ ਇੱਕ ਕਿਸਾਨ ਦੀ ਰੋਜ਼ ਦੀ ਜ਼ਿੰਦਗੀ ਦਾ ਕੰਮ ਦੇਖਿਆ ਜਾਵੇ ਤਾਂ ਕਿਸਾਨ ਵੀ ਪੰਜਾਬ ਅਤੇ ਦੇਸ਼ ਅੰਦਰ ਰੁਲ ਰਿਹਾ ਹੈ ਕਿਉਂਕਿ ਉਸ ਦੀ ਮਿਹਨਤ ਮੰਡੀਆਂ ਵਿੱਚ ਜਾ ਕੇ ਵੀ ਵਾਜਿਬ ਨਹੀਂ ਮਿਲਦੀ ਪਰ ਇੱਕ ਮਜ਼ਦੂਰ ਦਾ ਕੀ ਕਸੂਰ ਹੈ? ਜੇ ਮਜ਼ਦੂਰ 'ਤੇ ਕੋਈ happening ਹੋ ਜਾਵੇ ਤਾਂ ਮਜ਼ਦੂਰ ਨੂੰ ਉਸ ਅੰਦਰ count ਨਹੀਂ ਕੀਤਾ ਜਾਂਦਾ, ਮਜ਼ਦੂਰ ਨੂੰ ਵੀ ਉਸ ਰਾਹਤ ਅੰਦਰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।

ਮਾਣਯੋਗ ਸੀ.ਐਮ ਸਾਹਿਬ, ਜਿਹੜੇ ਸਾਡੇ ਆਸ਼ਾ ਵਰਕਰ ਹਨ, ਉਨ੍ਹਾਂ ਦੀ 11 ਮਹੀਨੇ ਦੀ ਸਰਵਿਸ ਨੂੰ ਗਿਣਿਆ ਜਾਂਦਾ ਹੈ। ਬਾਜਵਾ ਸਾਹਿਬ, ਉਨ੍ਹਾਂ ਦੀ ਸਿਰਫ 2500 ਰੁਪਿਆ ਪ੍ਰਤੀ ਮਹੀਨਾ ਤਨਖਾਹ ਹੈ ਅਤੇ ਮਿਡ ਡੇਅ ਮੀਲ ਵਾਲਿਆਂ ਦਾ 3000 ਰੁਪਿਆ ਹੈ। ਇਹ ਕਿੰਨੀ ਵੱਡੀ ਬੇਇਨਸਾਫੀ ਹੈ? ਇਸ ਵਾਸਤੇ ਤਾਂ ਪੰਜਾਬ ਸਰਕਾਰ ਕੁਝ ਕਰ ਸਕਦੀ ਹੈ ਕਿ ਮਜ਼ਦੂਰਾਂ ਮੁਤਾਬਿਕ, ਘੱਟੋ-ਘੱਟ ਡੇਅਲੀ ਵੇਜਿਜ਼ ਮੁਤਾਬਿਕ ਜਾਂ ਡੀ.ਸੀ. ਰੇਟਸ ਮੁਤਾਬਿਕ ਉਨ੍ਹਾਂ ਨੂੰ ਬਣਦਾ ਰਾਈਟ ਜ਼ਰੂਰ ਦਿੱਤਾ ਜਾਣਾ ਚਾਹੀਦਾ ਹੈ।

**ਮਾਣਯੋਗ ਸਪੀਕਰ**: ਠੀਕ ਹੈ ਜੀ।

**ਸ਼੍ਰੀ ਸੁਖਵਿੰਦਰ ਸਿੰਘ ਕੋਟਲੀ** : ਸਰ, ਮੈਂ ਵਾਈਂਡ-ਅੱਪ ਕਰ ਰਿਹਾ ਹਾਂ।

**ਮਾਣਯੋਗ ਸਪੀਕਰ**: ਹਾਂ ਜੀ, ਵਾਈਂਡ-ਅੱਪ ਕਰੋ ਜੀ।

**ਸ਼੍ਰੀ ਸੁਖਵਿੰਦਰ ਸਿੰਘ ਕੋਟਲੀ** : ਕੇਂਦਰ ਦੀ ਸਰਕਾਰ ਅਜਿਹੇ ਕਾਨੂੰਨ ਲੈ ਕੇ ਆਈ ਹੈ ਕਿ ਮਜ਼ਦੂਰ ਕੋਈ ਯੂਨੀਅਨ ਨਹੀਂ ਬਣਾ ਸਕਦੇ, ਹੜਤਾਲਾਂ ਨਹੀਂ ਕਰ ਸਕਦੇ। ਮੈਂ ਸਮਝਦਾ ਹਾਂ ਕਿ ਇਸ ਸਬੰਧੀ ਵੀ ਇੱਕ ਰੈਜ਼ੋਲਿਊਸ਼ਨ ਪੰਜਾਬ ਵਿਧਾਨ ਸਭਾ ਅੰਦਰ ਆਉਣਾ ਚਾਹੀਦਾ ਹੈ ਤਾਂ ਕਿ ਕਿਰਤੀ ਅਤੇ ਕਾਮਿਆਂ ਨੂੰ ਉਸ ਸਥੱਲ ਉੱਤੇ, ਜ਼ਮੀਨ 'ਤੇ, ਗਲੀਆਂ ਅੰਦਰ ਆਪਣੀ ਗੱਲ ਕਰਨ ਦਾ ਹੱਕ ਜ਼ਰੂਰ ਮਿਲਣਾ ਚਾਹੀਦਾ ਹੈ। ਮੈਂ ਲਾਸਟ ਵਿੱਚ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੋ ਮਾਣਯੋਗ ਮੰਤਰੀ ਸਾਹਿਬ ਨੇ ਗੁਰੂ ਸਾਹਿਬ ਦਾ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦਾ ਸਿਧਾਂਤ ਸਾਹਮਣੇ ਰੱਖਿਆ ਹੈ, ਚਾਹੇ ਕਿਰਤ ਹੱਥਾਂ ਨਾਲ, ਚਾਹੇ ਕਹੀ ਨਾਲ ਕੀਤੀ ਜਾਵੇ, ਚਾਹੇ ਦਾਤਰੀ ਨਾਲ ਕੀਤੀ ਜਾਵੇ, ਚਾਹੇ ਕਲਮ ਨਾਲ ਕੀਤੀ ਜਾਵੇ, ਕਿਰਤ ਦਾ ਪੂਰਾ ਪੈਸਾ ਮਿਲਣਾ ਚਾਹੀਦਾ ਹੈ। ਅੱਜ ਹਜ਼ਾਰਾਂ ਮੁਲਾਜ਼ਮ, ਜਿਨ੍ਹਾਂ ਦਾ ਡੀ.ਏ. ਦਾ 18% ਬਕਾਇਆ ਦੇਣਾ ਬਣਦਾ ਹੈ, ਚਾਹੇ ਉਹ ਰਿਟਾਇਰ ਹਨ ਜਾਂ ਮੌਜੂਦਾ ਹਨ, ਉਹ ਲੋਕ ਵੀ ਆਏ ਹਨ।

**ਮਾਣਯੋਗ ਸਪੀਕਰ**: ਠੀਕ ਹੈ ਜੀ।

**ਸ਼੍ਰੀ ਸੁਖਵਿੰਦਰ ਸਿੰਘ ਕੋਟਲੀ**: ਪੰਜਾਬ ਸਰਕਾਰ ਨੂੰ ਕਾਨੂੰਨ ਰਾਹੀਂ ਉਨ੍ਹਾਂ ਦਾ ਬਣਦਾ ਬਕਾਇਆ ਅੱਜ ਦੇਣਾ ਚਾਹੀਦਾ ਹੈ। ਅੱਜ ਇਸ ਹਾਊਸ ਅੰਦਰ ਮਾਣਯੋਗ ਮੁੱਖ ਮੰਤਰੀ ਸਾਹਿਬ ਬੈਠੇ ਹਨ, ਇਹ ਵੀ ਇਨਸ਼ਿਓਰ ਕੀਤਾ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਬਣਦੀ ਰਕਮ ਜ਼ਰੂਰ ਲਾਗੂ ਕੀਤੀ ਜਾਵੇਗੀ। ਤੀਸਰਾ, ਪੰਜਾਬ ਸਰਕਾਰ ਜੋ ਕਰ ਸਕਦੀ ਹੈ, ਮਜ਼ਦੂਰ ਦੀ ਦਿਹਾੜੀ ਕਮ-ਜ਼-ਕਮ 800/- ਰੁਪਿਆ ਕਾਨੂੰਨੀ ਤੌਰ 'ਤੇ ਗਰੀਬਾਂ ਦੀ ਕਰ ਦਿੱਤੀ ਜਾਵੇ ਤਾਂ ਕਿ ਉਹ ਆਪਣਾ ਪੇਟ ਪਾਲ ਸਕਣ ਅਤੇ ਪਰਿਵਾਰ ਨੂੰ ਚਲਾ ਸਕਣ। ਸੋ, ਮੈਂ ਤੁਹਾਡਾ ਧੰਨਵਾਦ ਕਰਨਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ**: ਧੰਨਵਾਦ ਜੀ।

**ਸ਼੍ਰੀ ਸੁਖਵਿੰਦਰ ਸਿੰਘ ਕੋਟਲੀ**: ਔਰ ਮੈਂ ਮਾਣਯੋਗ ਮੁੱਖ ਮੰਤਰੀ ਸਾਹਿਬ ਦਾ ਵੀ ਧੰਨਵਾਦ ਕਰਦਾ ਹਾਂ। ਸਰ, ਦੇਖੋ, ਤੁਸੀਂ ਇਹ ਕਿਹਾ ਹੈ।

**ਮਾਣਯੋਗ ਸਪੀਕਰ** : ਹੋ ਗਿਆ ਜੀ। ਬੈਠੋ। ਹੋ ਗਿਆ ਹੈ ਜੀ, ਬੈਠੋ ਜੀ ਬੈਠੋ।

**ਮੁੱਖ ਮੰਤਰੀ (ਬੈਠੇ-ਬੈਠੇ)** : ਦੇਖੋ, 20 ਮਿੰਟ 20 ਸਕਿੰਟ ਹੋ ਗਏ ਹਨ। 14 ਮਿੰਟ ਰਹਿ ਗਏ ਹਨ।

**ਮਾਣਯੋਗ ਸਪੀਕਰ** : ਮੈਂ ਮਾਣਯੋਗ ਮੁੱਖ ਮੰਤਰੀ ਸਾਹਿਬ ਦਾ ਧੰਨਵਾਦੀ ਹਾਂ। ਮੁੱਖ ਮੰਤਰੀ ਸਾਹਿਬ, ਜਿਹੜਾ ਪਹਿਲਾਂ ਇੱਥੇ ਕੰਮ ਹੁੰਦਾ ਸੀ, ਉਹ ਇਵੇਂ ਹੁੰਦਾ ਸੀ ਜਿਵੇਂ ਬੁੱਕਲ ਵਿੱਚ ਗੁੜ ਭੰਨ ਲਿਆ ਜਾਵੇ।

---

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ**: ਤੁਸੀਂ ਅੱਜ ਜਿਨ੍ਹਾਂ ਖਾਤਰ ਸਪੈਸ਼ਲ ਸੈਸ਼ਨ ਬੁਲਾਇਆ, ਤੁਸੀਂ ਉਨ੍ਹਾਂ ਲੋਕਾਂ ਨੂੰ ਅੱਜ ਇੱਥੇ ਬੁਲਾਇਆ ਹੈ। ਉਨ੍ਹਾਂ ਵਾਸਤੇ ਆਪਾਂ ਇੱਥੇ ਹਾਂ। ਆਓ, ਆਪਾਂ ਉਨ੍ਹਾਂ ਸਾਰਿਆਂ ਨੂੰ ਇੱਥੇ ਆਉਣ ਤੇ 'ਜੀ ਆਇਆਂ' ਕਹੀਏ। (ਥੰਪਿੰਗ) ਅੱਜ ਇਸ ਅਜ਼ੀਮ ਸਦਨ ਨੂੰ ਦੇਖਣ ਵਾਸਤੇ ਬਹੁਤ ਸਾਰੇ ਮਜ਼ਦੂਰ, ਕਿਰਤੀ ਤੇ ਕਾਮੇ ਵੀ ਇੱਥੇ ਆਏ ਹਨ। ਸੋ, ਮੁੱਖ ਮੰਤਰੀ ਸਾਹਿਬ, ਇਸ ਵਾਸਤੇ ਤੁਹਾਡਾ ਧੰਨਵਾਦ ਹੈ ਜੀ।

---

**OFFICIAL RESOLUTION REGARDING HONOURING LABOUR WORK FORCE BY INCREASING THEIR MINIMUM WAGES ON THE OCCASION OF MAY DAY (LABOUR DAY) TO APPRECIATE THEIR CONTRIBUTION TO THE SOCIETY *(RESUMPTION)***

**ਸ੍ਰੀ ਸੁਖਵਿੰਦਰ ਸਿੰਘ ਕੋਟਲੀ (ਬਿਨਾਂ ਮਾਈਕ ਤੋਂ ਬੋਲਦੇ ਹੋਏ):** ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਦੋਂ ਇਹ ਮਜ਼ਦੂਰ ਧਰਨਾ ਪ੍ਰਦਰਸ਼ਨ ਅਤੇ ਮੁਜ਼ਾਹਰਾ ਕਰਦੇ ਹਨ ਤਾਂ ਉਨ੍ਹਾਂ ਮਜ਼ਦੂਰਾਂ ਨੂੰ ਕੁੱਟਿਆ ਜਾਂਦਾ ਹੈ।

**ਮਾਣਯੋਗ ਸਪੀਕਰ:** ਕੋਟਲੀ ਸਾਹਿਬ, ਤੁਸੀਂ ਬੈਠੋ।

**ਸ੍ਰੀ ਸੁਖਵਿੰਦਰ ਸਿੰਘ ਕੋਟਲੀ:** ਸਰ, ਇੱਕ ਮਿੰਟ ਜੀ। ਸਿਰਫ ਇੱਕ ਮਿੰਟ ਜੀ। ਮੌਜੂਦਾ ਸਮੇਂ ਵੀ ਉਨ੍ਹਾਂ ਮਜ਼ਦੂਰਾਂ ਨੂੰ ਕੁੱਟਿਆ ਜਾ ਰਿਹਾ ਹੈ। ਮੇਰੇ ਆਦਮਪੁਰ ਹਲਕੇ ਦੇ ਅੰਦਰ ਮਾਣਯੋਗ ਮੁੱਖ ਮੰਤਰੀ ਸਾਹਿਬ ਗਏ। ਮੈਂ ਵੀ ਮਾਣਯੋਗ ਡਿਪਟੀ ਕਮਿਸ਼ਨਰ ਸਾਹਿਬ ਨੂੰ ਕਿਹਾ ਕਿ ਮੈਂ ਖੁਦ ਉਨ੍ਹਾਂ ਨੂੰ ਮਿਲਣ ਜਾਣਾ ਚਾਹੁੰਦਾ ਹਾਂ। ਮੁੱਖ ਮੰਤਰੀ ਸਾਹਿਬ ਦੁਆਰਾ ਸੰਗਿਆਨ ਲਿਆ ਜਾਵੇ। ਉਥੇ ਮਜ਼ਦੂਰਾਂ ਨੂੰ, ਵਿਕਲਾਂਗਾਂ ਨੂੰ ਸੜਕ ਉੱਤੇ ਕੁੱਟਿਆ ਗਿਆ, ਘੜੀਸਿਆ ਗਿਆ। (ਵਿਘਨ) ਮੈਂ ਚਾਹੁੰਦਾ ਹਾਂ ਕਿ ਕਮ-ਜ਼-ਕਮ ਜਿਨ੍ਹਾਂ ਅਫ਼ਸਰਾਂ ਨੇ ਮਜ਼ਦੂਰਾਂ ਨੂੰ ਕੁੱਟਿਆ ਹੈ, ਉਨ੍ਹਾਂ 'ਤੇ ਜ਼ਰੂਰ ਕਾਰਵਾਈ ਹੋਣੀ ਚਾਹੀਦੀ ਹੈ। ਬਹੁਤ-ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ:** ਸ੍ਰੀ ਲਾਲ ਚੰਦ ਕਟਾਰੂਚੱਕ, ਮੰਤਰੀ ਸਾਹਿਬ ਜੀ।

**ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ (ਸ੍ਰੀ ਲਾਲ ਚੰਦ) :** ਮਾਣਯੋਗ ਸਪੀਕਰ ਸਾਹਿਬ, ਤੁਸੀਂ ਅੱਜ ਬਹੁਤ ਹੀ ਇਤਿਹਾਸਕ ਦਿਨ ਦੇ ਉੱਤੇ ਉਸ ਅੰਦੋਲਨ ਸਬੰਧੀ, ਜਿਹੜਾ ਮਜ਼ਦੂਰ ਵਰਗ ਦਾ ਬਹੁਤ ਹੀ ਸ਼ਾਨਾਮੱਤਾ ਅੰਦੋਲਨ ਸੀ, ਉਸ ਸੰਦਰਭ ਦੇ ਵਿੱਚ ਅੱਜ ਇੱਥੇ ਜਿਹੜਾ ਮੰਤਰੀ ਸਾਹਿਬ ਵੱਲੋਂ ਮਤਾ ਆਇਆ ਹੈ, ਮੈਨੂੰ ਉਸ ਉੱਤੇ ਬੋਲਣ ਦੇ ਲਈ ਤੁਸੀਂ ਸਮਾਂ ਦਿੱਤਾ ਹੈ, ਤੁਹਾਡਾ ਧੰਨਵਾਦ ਜੀ। ਸਪੀਕਰ ਸਾਹਿਬ, ਸਾਲ 1886 ਦਾ ਸਮਾਂ, ਇਹ ਉਹ ਦੌਰ ਸੀ, ਜੇ ਦੁਨੀਆ ਦੀ ਹਿਸਟਰੀ ਪੜ੍ਹੀਏ ਤਾਂ ਪਤਾ ਚੱਲਦਾ ਹੈ ਕਿ ਸਾਡੇ ਦੇਸ਼ ਦੇ ਸਮੇਤ ਬਹੁਤ ਸਾਰੇ ਮੁਲਕਾਂ ਦੇ ਵਿੱਚ ਮਜ਼ਦੂਰ ਆਪਣੇ ਜੀਵਨ ਹਾਲਾਤਾਂ ਦੀ ਬਿਹਤਰੀ ਦੇ ਲਈ ਅੰਦੋਲਨ ਕਰ ਰਹੇ ਸਨ। ਖਾਸ ਕਰਕੇ ਯੂਰਪ ਦੇ ਅੰਦਰ ਅੰਦੋਲਨ ਚੱਲ ਰਿਹਾ ਸੀ। ਅਮਰੀਕਾ ਦੇ ਸ਼ਿਕਾਗੋ ਸ਼ਹਿਰ ਦੀ ਹੇਅ ਮਾਰਕੀਟ ਦੇ ਅੰਦਰ ਮਜ਼ਦੂਰ ਬਿਹਤਰ ਜੀਵਨ ਹਾਲਾਤਾਂ ਲਈ ਕੇਵਲ ਇੱਕ ਮੰਗ ਉੱਤੇ ਅੰਦੋਲਨ ਕਰ ਰਹੇ ਸਨ।

(ਇਸ ਸਮੇਂ ਮੁੱਖ ਮੰਤਰੀ, ਸ੍ਰੀ ਭਗਵੰਤ ਮਾਨ ਆਪਣੀ ਸੀਟ ਤੋਂ ਉੱਠ ਕੇ ਸਦਨ ਤੋਂ ਜਾ ਰਹੇ ਸੀ ਤਾਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲੱਗ ਪਏ।)

**ਮਾਣਯੋਗ ਸਪੀਕਰ :** ਮੰਤਰੀ ਸਾਹਿਬ ਨੂੰ ਗੱਲ ਪੂਰੀ ਕਰ ਲੈਣ ਦਿਉ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਇੱਕ ਮਿੰਟ ਜੀ, ਚੀਫ਼ ਮਨਿਸਟਰ ਸਾਹਿਬ ਜਾ ਰਹੇ ਹਨ। ਇੱਕ ਮਿੰਟ ਮੇਰੀ ਗੱਲ ਸੁਣ ਲਵੋ।

**ਮੁੱਖ ਮੰਤਰੀ (ਬਿਨਾਂ ਮਾਈਕ ਤੋਂ) :** ਕਿਉਂ? ਤੈਨੂੰ ਪੁੱਛ ਕੇ ਜਾਣਾ ਮੈਂ? (ਵਿਘਨ)(ਸ਼ੋਰ)

**ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ:** ਸੋ, ਜਿਹੜਾ ਅਮਰੀਕਾ ਦਾ ਸ਼ਹਿਰ ਸ਼ਿਕਾਗੋ ਹੈ, ਉਸ ਦੀ ਹੇਅ ਮਾਰਕੀਟ ਦੇ ਅੰਦਰ ਜਦੋਂ ਮਜ਼ਦੂਰ ਅੰਦੋਲਨ ਕਰ ਰਹੇ ਸਨ ਕਿ ਸਾਡੀਆਂ ਜੀਵਨ ਹਾਲਤਾਂ, ਸਾਡੇ ਕੰਮ ਦੀਆਂ ਹਾਲਤਾਂ, ਸਾਡੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਦੇ ਲਈ ਸਹੀ ਮਾਹੌਲ ਹੋਣਾ ਚਾਹੀਦਾ ਹੈ, ਉਸ ਲਈ ਉਨ੍ਹਾਂ ਨੇ ਜੱਦੋ-ਜਹਿਦ ਆਰੰਭ ਕੀਤੀ। (ਵਿਘਨ)(ਸ਼ੋਰ)

**ਮਾਣਯੋਗ ਸਪੀਕਰ :** ਮੰਤਰੀ ਜੀ ਨੂੰ ਗੱਲ ਪੂਰੀ ਕਰ ਲੈਣ ਦਿਉ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ :** **

(ਇਸ ਸਮੇਂ ਲੀਡਰ ਆਫ ਦਿ ਆਪੋਜੀਸ਼ਨ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ ਅਤੇ ਟਰੇਜ਼ਰੀ ਬੈਂਚਿਜ਼ ਤੋਂ ਕਈ ਮੰਤਰੀ ਅਤੇ ਮੈਂਬਰ ਸਾਹਿਬਾਨ ਵੀ ਆਪਣੀਆਂ ਆਪਣੀਆਂ ਸੀਟਾਂ ਤੋਂ ਉੱਠ ਕੇ ਥੋੜ੍ਹਾ ਅੱਗੇ ਆ ਕੇ ਬੋਲਣ ਲੱਗ ਪਏ। ਇਸ ਬਹਿਸਬਾਜ਼ੀ ਕਾਰਨ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ ਅਤੇ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

**ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ :** ਉਸ ਜੱਦੋ-ਜਹਿਦ ਨੂੰ ਕੁਚਲਿਆ ਗਿਆ। (ਵਿਘਨ)(ਸ਼ੋਰ) ਉਸ ਵੇਲੇ ਦੇ ਹਾਕਮਾਂ ਨੇ ਮਜ਼ਦੂਰਾਂ ਦੀ ਅਵਾਜ਼ ਸੁਣਨ ਦੇ ਬਜਾਏ ਸਗੋਂ ਮਜ਼ਦੂਰਾਂ ਦੀ ਉਸ ਅਵਾਜ਼ ਨੂੰ ਕੁਚਲਣ ਦੇ ਲਈ ਉਨ੍ਹਾਂ ਉੱਤੇ ਅੰਧਾਧੁੰਦ ਲਾਠੀਚਾਰਜ ਕੀਤਾ, ਗੋਲ਼ੀਆਂ ਚਲਾਈਆਂ। ਉਸ ਜ਼ਬਰ ਦੇ ਵਿੱਚ ਸਾਡੇ ਦੋ ਯੋਧੇ, ਅੰਦੋਲਨਕਾਰੀਆਂ ਦੇ ਦੋ ਸਾਥੀ ਸ਼ਹਾਦਤ ਦਾ ਜਾਮ ਪੀ ਗਏ ਸੀ। (ਵਿਘਨ)(ਸ਼ੋਰ)

**ਸਰਦਾਰ ਸੁਖਪਾਲ ਸਿੰਘ ਖਹਿਰਾ:** **

**ਮਾਣਯੋਗ ਸਪੀਕਰ:** ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਸਾਰੇ ਬੈਠੋ ਜੀ।

(ਇਸ ਸਮੇਂ ਲੀਡਰ ਆਫ ਦਿ ਆਪੋਜੀਸ਼ਨ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਸਮੇਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਹੋਰ ਮੈਂਬਰਜ਼ ਵੀ ਆਪਣੀ ਸੀਟ 'ਤੇ ਖੜ੍ਹੇ ਹੋ ਕੇ ਲਗਾਤਾਰ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ ਅਤੇ ਟਰੈਜ਼ਰੀ ਬੈਂਚਿਜ ਤੋਂ ਕਈ ਮੰਤਰੀ ਅਤੇ ਮੈਂਬਰ ਸਾਹਿਬਾਨ ਵੀ ਆਪਣੀਆਂ ਸੀਟਾਂ ਤੋਂ ਉੱਠ ਕੇ ਥੋੜ੍ਹਾ ਅੱਗੇ ਆ ਕੇ ਬਹਿਸ ਕਰ ਰਹੇ ਸਨ। ਇਸ ਸਮੇਂ ਮਾਣਯੋਗ ਮੁੱਖ ਮੰਤਰੀ ਵੀ ਆਪਣੀ ਸੀਟ ਤੋਂ ਅੱਗੇ ਜਾਂਦੇ ਜਾਂਦੇ ਪਿੱਛੇ ਮੁੜ ਕੇ ਉਨ੍ਹਾਂ ਦੀਆਂ ਗੱਲਾਂ ਦਾ

** Not recorded as ordered by the Chair

ਮੋੜਵਾਂ ਜਵਾਬ ਦੇਣ ਉਪਰੰਤ ਸਦਨ ਵਿੱਚੋਂ ਚਲੇ ਗਏ। ਸਦਨ ਵਿੱਚ ਬੇਹੱਦ ਸ਼ੋਰ ਹੋਣ ਕਾਰਨ ਕੁਝ ਵੀ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

**ਸਰਦਾਰ ਸੁਖਪਾਲ ਸਿੰਘ ਖਹਿਰਾ** : **

**ਮਾਣਯੋਗ ਸਪੀਕਰ:** ਬੈਠੋ ਜੀ ਬੈਠੋ, ਸਾਰੇ ਬੈਠੋ। (ਟਰੇਜ਼ਰੀ ਬੈਂਚਿਜ ਵੱਲ ਇਸ਼ਾਰਾ ਕਰਦੇ ਹੋਏ) ਤੁਸੀਂ ਵੀ ਬੈਠੋ।

**ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ :** ਸਮੇਂ ਦੇ ਹਾਕਮਾਂ ਨੇ ਮਜ਼ਦੂਰ ਆਗੂਆਂ ਦੇ ਉੱਤੇ ਮੁੱਕਦਮਾ ਦਰਜ ਕਰਕੇ ਗ੍ਰਿਫਤਾਰ ਕਰ ਲਿਆ। ਜਿਹੜੇ ਪੰਜ ਮਜ਼ਦੂਰ ਆਗੂ ਗ੍ਰਿਫਤਾਰ ਕੀਤੇ, ਉਨ੍ਹਾਂ ਖਿਲਾਫ ਡੇਢ ਸਾਲ ਤੱਕ ਮੁਕਦਮਾ ਚਲਾਇਆ ਗਿਆ।

**ਸਰਦਾਰ ਸੁਖਪਾਲ ਸਿੰਘ ਖਹਿਰਾ:** **

**ਮਾਣਯੋਗ ਸਪੀਕਰ:** ਬੈਠੋ ਜੀ। ਇੱਕ ਮਿੰਟ ਜੀ। ਮੈਂ ਟਰੈਜ਼ਰੀ ਬੈਂਚਿਜ ਦੇ ਸਾਰੇ ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਆਪਣੀਆਂ ਸੀਟਾਂ ਉੱਤੇ ਬੈਠੋ। ਬਾਜਵਾ ਸਾਹਿਬ, ਤੁਸੀਂ ਵੀ ਬੈਠੋ। ਖਹਿਰਾ ਸਾਹਿਬ, ਤੁਸੀਂ ਵੀ ਬੈਠੋ। (ਵਿਘਨ)(ਸ਼ੋਰ) ਮੈਂ ਲਾਸਟ ਵਾਰਨਿੰਗ ਦੇ ਰਿਹਾ ਹਾਂ। (ਵਿਘਨ) ਮੈਂ ਲਾਸਟ ਵਾਰਨਿੰਗ ਦੇ ਰਿਹਾ ਹਾਂ ਕਿ ਜਿਹੜੇ ਮਾਣਯੋਗ ਮੈਂਬਰ ਚੇਅਰ ਦੀ ਅਵੱਗਿਆ ਕਰਨਗੇ, ਮੈਨੂੰ ਉਨ੍ਹਾਂ ਨੂੰ ਨੇਮ ਕਰਨਾ ਪਵੇਗਾ। (ਵਿਘਨ) ਪਲੀਜ਼, ਬੈਠੋ। ਹਾਂ ਜੀ, ਬਾਜਵਾ ਸਾਹਿਬ, ਤੁਸੀਂ ਕੀ ਕਹਿਣਾ ਚਾਹੁੰਦੇ ਹੋ?

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਰ, ਅੱਜ ਇੱਕ ਆਨਰੇਬਲ ਮੈਂਬਰ ਵੱਲੋਂ ਬਹੁਤ ਸੀਰੀਅਸ ਚਾਰਜ ਲਗਾਇਆ ਗਿਆ ਹੈ, and that is on the Head of the State. If it is true, ਫਿਰ ਇਸ ਤੋਂ ਮਾੜਾ ਦਿਨ ਕੋਈ ਨਹੀਂ ਹੋ ਸਕਦਾ। It is the black day in Democracy.

**ਮਾਣਯੋਗ ਸਪੀਕਰ:** ਬੈਠੋ ਜੀ, ਬੈਠੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਇੱਕ ਮਿੰਟ ਜੀ। ਮੇਰੀ ਬੇਨਤੀ ਹੈ। Sir, you are the custodian of the House. ਮੇਰੀ ਗੁਜ਼ਾਰਿਸ਼ ਹੈ ਕਿ ਐਲਕੋਮੀਟਰ ਦਾ ਟੈਸਟ ਕਰਵਾਉ, ਕਾਰਵਾਈ ਬੰਦ ਕਰੋ। ਇਹ ਸਾਰੇ ਇੱਥੇ ਹੀ ਹਨ, ਸਾਰਿਆਂ ਦਾ ਐਲਕੋਮੀਟਰ ਦਾ ਟੈੱਸਟ ਕਰਵਾਇਆ ਜਾਵੇ। ਜਿੰਨੇ ਵੀ ਮੈਂਬਰ ਸਾਹਿਬਾਨ ਇੱਥੇ ਹਾਜ਼ਰ ਹਨ, ਸਭ ਦਾ ਟੈਸਟ ਕਰਵਾਇਆ ਜਾਵੇ। (ਵਿਘਨ)(ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਸਮੇਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਐਲਕੋਮੀਟਰ ਟੈਸਟ ਕਰਵਾਉਣ ਲਈ ਮਾਣਯੋਗ ਸਪੀਕਰ ਸਾਹਿਬ ਨੂੰ ਬੇਨਤੀ ਕਰ ਰਹੇ ਸਨ। ਇਸ ਸਮੇਂ ਟਰੈਜ਼ਰੀ ਬੈਂਚਿਜ਼ ਦੇ

** Not recorded as ordered by the Chair.

ਵੀ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੋਂ ਥੋੜ੍ਹਾ ਅੱਗੇ ਆ ਕੇ ਵਿਰੋਧੀ ਧਿਰ ਦੇ ਮੈਂਬਰਾਂ ਨਾਲ ਉੱਚੀ ਉੱਚੀ ਬਹਿਸ ਰਹੇ ਸਨ, ਜਿਸ ਕਾਰਨ ਸਦਨ ਵਿਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ** : ਸਾਰੇ ਬੈਠੋ ਜੀ। ਹਾਂ ਜੀ, ਮੰਤਰੀ ਜੀ।

**ਖੁਰਾਕ**, **ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ** : ਸੋ, ਸਪੀਕਰ ਸਾਹਿਬ, ਮੈਂ ਇਹ ਗੱਲ ਕਹਿ ਰਿਹਾ ਸੀ ਕਿ ਉਨ੍ਹਾਂ ਵਿੱਚੋਂ ਚਾਰ ਸਾਥੀਆਂ ਨੂੰ ਫਾਂਸੀ ਲਗਾ ਦਿੱਤੀ ਗਈ ਸੀ। ਉਨ੍ਹਾਂ ਦਾ ਇੱਕ ਸਾਥੀ ਬੈਰਕ ਦੇ ਅੰਦਰ ਖੁਦਕੁਸ਼ੀ ਕਰ ਗਿਆ ਸੀ। ਉਹ ਇਸ ਕਰਕੇ ਖੁਦਕੁਸ਼ੀ ਕਰ ਗਿਆ ਸੀ ਕਿਉਂਕਿ ਉਸ ਨੂੰ ਅਦਾਲਤ ਅਤੇ ਹਾਕਮਾਂ ਦੀ ਕਚਹਿਰੀ 'ਤੇ ਭਰੋਸਾ ਨਹੀਂ ਸੀ ਕਿ ਉਹ ਮਜ਼ਦੂਰਾਂ ਨਾਲ ਇਨਸਾਫ਼ ਕਰਨਗੇ। ਸੋ, ਮੈਂ ਕਹਿ ਸਕਦਾ ਹਾਂ ਕਿ ਉਹ ਅੰਦੋਲਨ ਕੁਚਲਣ ਦੀ ਕੋਸ਼ਿਸ਼ ਕੀਤੀ ਗਈ, ਲੋਕਾਂ ਦੀਆਂ ਵਾਜਬ ਮੰਗਾਂ ਮੰਨਣ ਦੀ ਬਜਾਏ ਜਿਸ ਦਮਨਕਾਰੀ ਤਰੀਕੇ ਨਾਲ ਕੁਚਲਣ ਦਾ ਯਤਨ ਕੀਤਾ ਗਿਆ, ਉਸ ਕਾਰਨ ਸਾਰੀ ਦੁਨੀਆ ਦੇ ਅੰਦਰ ਉਸ ਅੰਦੋਲਨ ਨੂੰ ਲੈ ਕੇ ਮਜ਼ਦੂਰਾਂ ਵਿੱਚ ਭਾਰੀ ਗੁੱਸਾ ਅਤੇ ਰੋਸ ਸੀ। ਉਸ ਦਿਨ ਤੋਂ ਬਾਅਦ ਵੱਖ ਵੱਖ ਦੇਸ਼ਾਂ ਦੇ ਅੰਦਰ ਮਜ਼ਦੂਰ ਸੰਗਠਿਤ ਹੋਏ, ਘੋਲ ਹੋਏ, ਲੜਾਈਆਂ ਹੋਈਆਂ ਅਤੇ ਉਸ ਦਾ ਸਿੱਟਾ ਇਹ ਨਿਕਲਿਆ ਕਿ ਪੂਰੀ ਦੁਨੀਆ ਦੇ ਅੰਦਰ ਇੱਕ ਮਈ ਨੂੰ ਮਜ਼ਦੂਰ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਮੈਂ ਕਹਿ ਸਕਦਾ ਹਾਂ ਕਿ ਵੱਖ ਵੱਖ ਦੇਸ਼ਾਂ ਦੇ ਅੰਦਰ ਮਜ਼ਦੂਰਾਂ ਦੀ ਲੜਾਈ ਹਾਲੇ ਵੀ ਜਾਰੀ ਹੈ। (ਵਿਘਨ)(ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਐਲਕੋਮੀਟਰ ਟੈਸਟ ਕਰਵਾਉਣ ਲਈ ਮਾਣਯੋਗ ਸਪੀਕਰ ਸਾਹਿਬ ਨੂੰ ਬੇਨਤੀ ਕਰਦਿਆਂ ਉੱਚੀ ਉੱਚੀ ਬੋਲਦੇ ਹੋਏ ਵੈੱਲ ਆਫ਼ ਦਿ ਹਾਊਸ ਵਿੱਚ ਆ ਗਏ।)

**ਮਾਣਯੋਗ ਸਪੀਕਰ:** ਇੱਕ ਮਿੰਟ ਜੀ, ਜਿਹੜੇ ਮਾਣਯੋਗ ਮੈਂਬਰ ਸੀਟਾਂ 'ਤੇ ਖੜ੍ਹੇ ਹਨ, ਮੈਂ ਉਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਲਾਲ ਚੰਦ ਕਟਾਰੂਚੱਕ ਸਤਿਕਾਰਯੋਗ ਮੰਤਰੀ ਜੀ ਬੋਲ ਰਹੇ ਹਨ ਔਰ ਮਜ਼ਦੂਰ ਦਿਵਸ ਦੇ ਉੱਪਰ ਮਜ਼ਦੂਰਾਂ ਬਾਰੇ ਬੋਲ ਰਹੇ ਹਨ। ਇਨ੍ਹਾਂ ਦਾ ਸਾਰੀ ਜ਼ਿੰਦਗੀ ਦਾ ਤਜਰਬਾ ਹੈ। ਕ੍ਰਿਪਾ ਕਰਕੇ ਆਪਾਂ ਇਨ੍ਹਾਂ ਨੂੰ ਸੀਰੀਅਸਲੀ ਸੁਣ ਲਈਏ। ਮੁੱਦੇ ਨੂੰ ਨਾ ਭਟਕਾਈਏ। ਤੁਸੀਂ ਸਾਰੇ ਬੈਠੋ ਪਲੀਜ਼। ਪੰਜਾਬ ਦੇ ਲੋਕ ਵੇਖ ਰਹੇ ਹਨ। ਬਹੁਤ ਗੰਭੀਰ ਮੁੱਦਾ ਹੈ। ਆਪਾਂ ਹਲਕੀਆਂ ਗੱਲਾਂ ਕਰਕੇ ਕੰਮ ਖਰਾਬ ਨਾ ਕਰੀਏ, ਤੁਸੀਂ ਸਾਰੇ ਬੈਠੋ। ਸ੍ਰੀ ਲਾਲ ਚੰਦ ਕਟਾਰੂਚੱਕ ਜੀ, ਤੁਸੀਂ ਬੋਲੋ। Let him complete.

**ਖੁਰਾਕ**, **ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ** : ਸਪੀਕਰ ਸਾਹਿਬ, ਸਦਨ ਦੇ ਅੰਦਰ ਮਜ਼ਦੂਰਾਂ ਦੇ ਪੱਖ ਵਿੱਚ ਬਹਿਸ ਚੱਲ ਰਹੀ ਹੈ ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਕਾਂਗਰਸ ਪਾਰਟੀ ਇਸ ਬਹਿਸ ਨੂੰ, ਇਸ ਸੰਵੇਦਨਸ਼ੀਲ ਪੀੜਾ ਝੱਲਣ ਵਾਲੇ ਲੋਕਾਂ ਦੇ ਮੁੱਦਿਆਂ ਤੋਂ ਧਿਆਨ ਭਟਕਾ ਰਹੀ ਹੈ। ਸੋ, ਮੈਂ ਕਹਿ ਸਕਦਾ ਹਾਂ ਕਿ ਵੱਖ ਵੱਖ ਦੇਸ਼ਾਂ ਵਿੱਚ ਮਜ਼ਦੂਰਾਂ ਨੇ ਅੰਦੋਲਨ ਕਰਕੇ, ਲੜਾਈਆਂ ਲੜ ਕੇ ਆਪਣੀਆਂ ਮੰਗਾਂ ਮਨਵਾਈਆਂ। ਇਨ੍ਹਾਂ ਅੰਦੋਲਨਾਂ ਵਿੱਚੋਂ ਮਜ਼ਦੂਰਾਂ ਨੇ ਆਪਣੀਆਂ ਪਾਰਟੀਆਂ ਵੀ ਬਣਾਈਆਂ ਅਤੇ ਉਨ੍ਹਾਂ ਪਾਰਟੀਆਂ ਨੇ ਸੱਤਾ ਵੀ ਹਾਸਲ ਕੀਤੀ। ਉਨ੍ਹਾਂ ਸੱਤਾ ਵਿੱਚ ਆਈਆਂ ਪਾਰਟੀਆਂ ਨੇ ਬਹੁਤ ਸਾਰੇ ਕੰਮ ਮਜ਼ਦੂਰਾਂ ਦੇ ਪੱਖ ਵਿੱਚ ਕੀਤੇ। ਸਾਰੀ ਦੁਨੀਆ ਦੇ ਅੰਦਰ ਇਸ ਗੱਲ ਦਾ ਇਤਿਹਾਸ ਹੈ। ਸੰਨ 1919 ਦੇ ਅੰਦਰ ਜਿਹੜੀ ਮਜ਼ਦੂਰ ਸੰਗਠਨ ਦੀ ਸਥਾਪਨਾ ਹੋਈ, ਉਸ ਵਿੱਚ ਜਿਹੜੇ ਵੱਖ-ਵੱਖ ਦੇਸ਼ਾਂ ਦੇ ਨੁਮਾਇੰਦੇ ਸ਼ਾਮਲ ਸਨ, ਉਨ੍ਹਾਂ ਨੇ ਆਪਣੇ ਆਪਣੇ ਦੇਸ਼ਾਂ ਵਿੱਚ ਇੱਕ ਮਈ ਦੇ ਦਿਨ ਨੂੰ ਯਾਦ

ਕਰਦਿਆਂ ਫੈਸਲਾ ਕੀਤਾ ਕਿ ਅਸੀਂ ਆਪਣੇ ਦੇਸ਼ ਅੰਦਰ ਅੱਠ ਘੰਟੇ ਕੰਮ ਕਰਨ ਵਾਲੀ ਮੰਗ ਨੂੰ ਲਾਗੂ ਕਰਾਂਗੇ। ਸੋ, ਮੈਂ ਕਹਿ ਸਕਦਾ ਹਾਂ ਕਿ 1917 ਵਿੱਚ ਜਿਹੜੀ ਰਸ਼ੀਆ ਵਿੱਚ ਕ੍ਰਾਂਤੀ ਹੁੰਦੀ ਹੈ, ਉਹ ਕ੍ਰਾਂਤੀ ਮਜ਼ਦੂਰਾਂ ਦੇ ਸੰਘਰਸ਼ਾਂ ਤੋਂ ਬਾਅਦ ਆਈ। ਉਸ ਤੋਂ ਬਾਅਦ ਜਿਹੜਾ ਰਾਜ ਭਾਗ ਸਥਾਪਿਤ ਹੋਇਆ, ਉਸ ਦੀਆਂ ਬਰਕਤਾਂ ਵੀ ਸਾਰੀ ਦੁਨੀਆ ਜਾਣਦੀ ਹੈ, ਕਿਰਤ ਕਰਨ ਵਾਲੇ ਲੋਕਾਂ ਦੇ ਹੱਕ ਵਿੱਚ ਬਹੁਤ ਵੱਡੇ ਵੱਡੇ ਫੈਸਲੇ ਲਏ ਗਏ। ਸਾਡੇ ਦੇਸ਼ ਅੰਦਰ ਉਸ ਅੰਦੋਲਨ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਟਰੇਡ ਯੂਨੀਅਨ ਦੇ ਲੀਡਰਾਂ ਜਿਵੇਂ ਸ੍ਰੀ ਬੀ.ਟੀ. ਰਨੀਵੇ, ਜਿਨ੍ਹਾਂ ਨੇ ਬੰਬਈ ਦੇ ਵਿੱਚ ਮਜ਼ਦੂਰਾਂ ਦੀ ਅਗਵਾਈ ਕੀਤੀ ਅਤੇ ਸਾਡੇ ਪੰਜਾਬ ਦੇ ਅੰਦਰ ਕਾਮਰੇਡ ਸੱਤਪਾਲ ਡਾਂਗ ਜੀ ਅਤੇ ਉਨ੍ਹਾਂ ਦੀ ਪਤਨੀ ਨੇ ਕਿਰਤੀਆਂ ਦੇ ਨੁਮਾਇੰਦੇ ਹੋਣ ਦੇ ਨਾਤੇ ਵੱਡੀਆਂ ਲੜਾਈਆਂ ਲੜੀਆਂ। ਸੋ, ਸਪੀਕਰ ਸਾਹਿਬ, ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ 1942 ਦੇ ਅੰਦਰ ਬਾਬਾ ਸਾਹਿਬ ਡਾ. ਅੰਬੇਦਕਰ ਜੀ, ਜਿਹੜੇ ਉਸ ਵੇਲੇ ਵਾਇਸਰਾਏ ਕਮੇਟੀ ਦੇ ਮੈਂਬਰ ਸਨ, ਉਨ੍ਹਾਂ ਨੇ ਵੀ ਉਸ ਕਮੇਟੀ ਦੇ ਅੰਦਰ ਇਹ ਮੁੱਦਾ ਉਠਾਇਆ ਕਿ ਸਾਡੇ ਦੇਸ਼ ਅੰਦਰ ਮਜ਼ਦੂਰਾਂ ਦੀ ਦਿਹਾੜੀ 8 ਘੰਟੇ ਕਰ ਦਿੱਤੀ ਜਾਵੇ। ਸੋ, ਇਸ ਤਰ੍ਹਾਂ ਲੰਬੀਆਂ ਜੱਦੋ-ਜਹਿਦਾਂ ਤੋਂ ਬਾਅਦ 8 ਘੰਟੇ ਦੇ ਨਾਅਰੇ ਦੀ ਮੰਗ ਪ੍ਰਵਾਨ ਚੜ੍ਹੀ ਸੀ ਕਿ ਅਸੀਂ 8 ਘੰਟੇ ਕੰਮ ਕਰਾਂਗੇ, 8 ਘੰਟੇ ਅਰਾਮ ਕਰਾਂਗੇ ਅਤੇ 8 ਘੰਟੇ ਆਪਣੀ ਜ਼ਿੰਦਗੀ ਦਾ ਮਨੋਰੰਜਨ ਅਤੇ ਹੋਰ ਸਮਾਜਿਕ ਕੰਮ ਕਰਾਂਗੇ। ਸੋ, ਅੱਜ ਇਤਿਹਾਸਕ ਦਿਨ ਹੈ ਅਤੇ ਮੈਂ ਸਾਡੇ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਹਮੇਸ਼ਾ ਹੀ ਪੰਜਾਬ ਦੇ ਮਜ਼ਦੂਰਾਂ ਦੇ ਪੱਖ ਵਿੱਚ ਹਾਅ ਦਾ ਨਾਅਰਾ ਮਾਰਿਆ, ਚਾਹੇ ਉਹ ਪਾਰਲੀਮੈਂਟ ਦੇ ਵਿੱਚ ਸਨ, ਚਾਹੇ ਪੰਜਾਬ ਦੇ ਵਿੱਚ ਹਨ। ਸੋ, ਮੈਂ ਕਹਿ ਸਕਦਾ ਹਾਂ ਕਿ ਅੱਜ ਬੜਾ ਸ਼ਾਨਾਮੱਤਾ ਦਿਨ ਹੈ। ਅੱਜ ਬੜਾ ਇਤਿਹਾਸਕ ਮਤਾ ਆਇਆ ਹੈ। ਸੋ, ਇਹ ਜਿਹੜਾ ਮਿਨੀਮਮ ਵੇਜਿਜ਼ ਰਿਵਾਈਜ਼ ਕਰਨ ਦਾ ਮੰਤਰੀ ਸਾਹਿਬ ਵੱਲੋਂ ਮਤਾ ਆਇਆ ਹੈ, ਮੈਂ ਇਸ ਮਤੇ ਦੀ ਹਮਾਇਤ ਕਰਦਾ ਹਾਂ ਅਤੇ ਨਾਲ ਇਹ ਵੀ ਕਹਿੰਦਾ ਹਾਂ ਕਿ ਵਰਤਮਾਨ ਸਮੇਂ ਵਿੱਚ ਜਿੱਥੇ ਮਜ਼ਦੂਰ ਆਪਣੇ ਯੋਧਿਆਂ ਨੂੰ ਯਾਦ ਕਰਦੇ ਹਨ, ਉੱਥੇ ਆਪਣੇ ਭਵਿੱਖ ਦੀਆਂ ਨੀਤੀਆਂ ਤੇ ਨਕਸ਼ਿਆਂ ਅਤੇ ਵਰਤਮਾਨ ਸਵਾਲਾਂ ਦੇ ਉੱਤੇ ਵੀ ਚਰਚਾ ਕਰਦੇ ਹਨ। ਇਸ ਸਬੰਧੀ ਦੇਸ਼ ਦੇ ਅੰਦਰ ਜਿਹੜੇ 29 ਕਾਨੂੰਨ ਹਨ, ਉਹ ਲੋਕਾਂ ਦੇ ਸੰਘਰਸ਼ਾਂ ਤੋਂ ਬਾਅਦ ਬਣੇ ਹਨ। ਉਹ ਕਾਨੂੰਨ ਬੀ.ਜੇ.ਪੀ. ਦੀ ਕਿਰਪਾ ਨਾਲ ਨਹੀਂ ਬਣੇ।

(ਇਸ ਸਮੇਂ ਵੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਵੈੱਲ ਆਫ਼ ਦਿ ਹਾਊਸ ਵਿਚ ਖੜ੍ਹੇ ਹੋ ਕੇ ਉੱਚੀ ਉੱਚੀ ਬੋਲਦਿਆਂ ਐਲਕੋਮੀਟਰ ਟੈਸਟ ਕਰਵਾਉਣ ਲਈ ਮਾਣਯੋਗ ਸਪੀਕਰ ਸਾਹਿਬ ਨੂੰ ਬੇਨਤੀ ਕਰ ਰਹੇ ਸਨ, ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ:** ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਿਨਾ ਕਿਹਾ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

**ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ:** ਉਹ ਕਾਨੂੰਨ ਮੋਦੀ ਸਾਹਿਬ ਦੀ ਕਿਰਪਾ ਨਾਲ ਨਹੀਂ ਬਣੇ। ਅੱਜ ਬੀ.ਜੇ.ਪੀ. ਵਾਲੇ ਇੱਥੇ ਨਹੀਂ ਬੈਠੇ ਹਨ, ਉਨ੍ਹਾਂ ਨੂੰ ਵਿਧਾਨ ਸਭਾ ਵਿੱਚ ਆਉਣਾ ਚਾਹੀਦਾ ਸੀ। ਉਹ ਲੋਕ ਅਸੈਂਬਲੀ ਲਗਾ ਕੇ ਬਾਹਰ ਬੈਠੇ ਹਨ। ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ 29 ਲੇਬਰ ਲਾਅ ਲੋਕਾਂ ਦੇ ਸੰਘਰਸ਼ਾਂ ਤੋਂ ਬਾਅਦ, ਲੋਕਾਂ ਦੇ ਕਠਿਨ ਪਰੀਸ਼ਰਮ ਤੋਂ ਬਾਅਦ ਜੱਦੋ-ਜਹਿਦ ਕਰਕੇ ਬਣਾਏ ਗਏ, ਜਿਹੜੇ ਉਹ 29 ਕਾਨੂੰਨ ਹਨ, ਉਹ ਬੀ.ਜੇ.ਪੀ. ਨੇ ਤੋੜ ਦਿੱਤੇ।

**ਮਾਣਯੋਗ ਸਪੀਕਰ :** ਮੈਂ ਸਾਰੇ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਕਿਸੇ ਵੀ ਸਤਿਕਾਰਯੋਗ ਮੈਂਬਰ ਦੀ ਸ਼ਾਨ ਦੇ ਖਿਲਾਫ ਕੋਈ ਵੀ ਗੱਲ ਨਾ ਕੀਤੀ ਜਾਵੇ। ਜੇਕਰ ਕੀਤੀ ਜਾਵੇਗੀ ਤਾਂ ਇਹ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਮੈਨੂੰ ਮਜਬੂਰਨ ਤੁਹਾਨੂੰ ਨੇਮ ਕਰਨਾ ਪਵੇਗਾ। ਮਜਬੂਰਨ ਤੁਹਾਨੂੰ ਨੇਮ ਕਰਨਾ ਪਵੇਗਾ। ਕਿਰਪਾ ਕਰਕੇ ਕਿਸੇ ਵੀ ਸਤਿਕਾਰਯੋਗ ਮੈਂਬਰ ਦੇ ਖਿਲਾਫ ਇਸ ਤਰਾਂ ਦੀ ਗੱਲ ਨਾ ਕੀਤੀ ਜਾਵੇ। ਮੰਤਰੀ ਜੀ, ਕੰਟੀਨਿਊ ਕਰੋ ਜੀ। (ਵਿਘਨ)(ਸ਼ੋਰ)

**ਖੁਰਾਕ**, **ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ :** ਸਪੀਕਰ ਸਾਹਿਬ, ਮੈਂ ਇਸ ਮਤੇ ਤੇ ਬੋਲਦਿਆਂ ਹੋਇਆਂ ਕਹਿੰਦਾ ਹਾਂ ਕਿ ਕੇਂਦਰ ਦੀ ਸਰਕਾਰ ਨੇ ਜਿਹੜੇ 29 ਲੇਬਰ ਲਾਅ ਬੰਦ ਕੀਤੇ ਹਨ, ਮਜ਼ਦੂਰਾਂ ਦੇ ਲਈ 4 ਕਾਨੂੰਨਾਂ ਵਿੱਚ ਤਬਦੀਲੀ ਕੀਤੀ ਹੈ। ਇਹ ਲੋਕ ਵਿਰੋਧੀ ਫੈਸਲਾ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਉੱਚੀ ਉੱਚੀ ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਣਯੋਗ ਸਪੀਕਰ :** ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਖੁਰਾਕ**, **ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ :** ਸਪੀਕਰ ਸਾਹਿਬ, ਅੱਜ ਦੇ ਦਿਨ ਅਸੀਂ ਯੋਧਿਆਂ ਨੂੰ ਯਾਦ ਕਰਦੇ ਹਾਂ। ਜਿੱਥੇ ਅੱਜ ਸ਼ਹੀਦਾਂ ਨੂੰ ਸ਼ਰਧਾਂਜਲੀ ਹੈ, ਉੱਥੇ ਅੱਜ ਦੇਸ਼ ਦੇ ਅੰਦਰ ਮਜ਼ਦੂਰ ਵੱਧਣ ਫੁੱਲਣ, ਉਨ੍ਹਾਂ ਲਈ ਦੁਆਵਾਂ ਵੀ ਹਨ ਤੇ ਪੰਜਾਬ ਸਰਕਾਰ, ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਾਲੀ ਸਰਕਾਰ ਮਜ਼ਦੂਰਾਂ ਨਾਲ ਖੜ੍ਹੀ ਹੈ, ਅੱਜ ਵੀ ਖੜ੍ਹੀ ਹੈ ਅਤੇ ਅਸੀਂ ਅਗਾਂਹ ਵੀ ਖੜ੍ਹੇ ਰਹਾਂਗੇ। ਇਨ੍ਹਾਂ ਗੱਲਾਂ ਦੇ ਨਾਲ ਮੈਂ ਇਸ ਮਤੇ ਦੀ ਤਾਈਦ ਕਰਦਾ ਹਾਂ। ਇਹ ਬਹੁਤ ਹੀ ਸ਼ਾਨਦਾਰ ਮਤਾ ਤੁਸੀਂ ਇਸ ਇਤਿਹਾਸਕ ਦਿਨ 'ਤੇ ਲੈ ਕੇ ਆਏ ਹੋ। ਤੁਹਾਡਾ ਸਭ ਦਾ ਧੰਨਵਾਦ।

## WALK OUT

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਐਲਕੋਮੀਟਰ ਟੈਸਟ ਕਰਵਾਏ ਜਾਣ ਦੀ ਮੰਗ ਨਾ ਮੰਨੀ ਜਾਣ ਦੇ ਵਿਰੋਧ ਵਿੱਚ ** ਨਾਅਰੇ ਲਗਾਉਂਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ।)

** Not recorded as ordered by the Chair.

** Not recorded as ordered by the Chair.

**OFFICIAL RESOLUTION REGARDING HONOURING LABOUR WORK FORCE BY INCREASING THEIR MINIMUM WAGES ON THE OCCASION OF MAY DAY (LABOUR DAY) TO APPRECIATE THEIR CONTRIBUTION TO THE SOCIETY *(RESUMPTION)***

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਮਾਣਯੋਗ ਸਪੀਕਰ, ਮੈਂ ਸਮਝਦਾ ਹਾਂ ਕਿ ਅੱਜ ਇੱਕ ਬਹੁਤ ਹੀ ਇਤਿਹਾਸਕ ਦਿਹਾੜਾ ਹੈ। ਇਸ ਇਤਿਹਾਸਕ ਦਿਹਾੜੇ ਦੇ ਉੱਤੇ ਪੰਜਾਬ ਸਰਕਾਰ ਨੇ, ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਇਹ ਫੈਸਲਾ ਕੀਤਾ ਕਿ ਸਪੈਸ਼ਲ ਸੈਸ਼ਨ ਬੁਲਾਇਆ ਜਾਵੇ। ਇਸ ਸਪੈਸ਼ਲ ਸੈਸ਼ਨ ਦੇ ਵਿੱਚ ਮਜ਼ਦੂਰਾਂ ਦੀ ਗੱਲ ਕੀਤੀ ਜਾਵੇ, ਦੇਸ਼ ਅਤੇ ਪੰਜਾਬ ਦੇ ਦਲਿਤਾਂ ਦੀ ਗੱਲ ਕੀਤੀ ਜਾਵੇ, ਗਰੀਬ ਲੋਕਾਂ ਦੀ ਗੱਲ ਕੀਤੀ ਜਾਵੇ ਲੇਕਿਨ ਅੱਜ ਕਾਂਗਰਸ ਪਾਰਟੀ ਨੇ ਆਪਣੀ ਮਾੜੀ ਸੋਚ ਦਾ ਪ੍ਰਗਟਾਵਾ ਕੀਤਾ, ਆਪਣੀ ਸੰਵਿਧਾਨ ਵਿਰੋਧੀ ਸੋਚ ਦਾ, ਜਿਹੜੀ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ ਵਿਰੁੱਧ ਸੋਚ ਹੈ, ਉਸ ਦਾ ਪ੍ਰਗਟਾਵਾ ਕੀਤਾ ਹੈ ਕਿਉਂਕਿ ਅੱਜ ਦਾ ਦਿਨ ਇਤਿਹਾਸਕ ਦਿਨ ਹੈ। ਇਸ ਦਿਨ ਦੇ ਉੱਤੇ ਅਸੀਂ ਉਨ੍ਹਾਂ ਲੱਖਾਂ ਕਾਮਿਆਂ ਨੂੰ, ਉਨ੍ਹਾਂ ਕਿਰਤੀਆਂ ਨੂੰ, ਉਨ੍ਹਾਂ ਮਜ਼ਦੂਰਾ ਨੂੰ ਸਲਾਮ ਕਰਦੇ ਹਾਂ, ਜਿਨ੍ਹਾਂ ਨੇ ਇਹ ਬਿਲਡਿੰਗਾਂ, ਜਿਨ੍ਹਾਂ ਵਿੱਚ ਆਪਾਂ ਅੱਜ ਬੈਠੇ ਹਾਂ, ਉਹ ਸਾਰੀਆਂ ਬਣਵਾਈਆਂ। ਪੂਰੀ ਦੁਨੀਆ ਦੇ ਅੰਦਰ ਲੋਕਾਂ ਦੀ ਜਿੰਨੀ ਵੀ ਡਿਵੈਲਪਮੈਂਟ ਹੋਈ ਹੈ, ਚਾਹੇ ਉਹ ਕਿਸੇ ਵੀ ਪ੍ਰਕਾਰ ਦੀ ਹੋਵੇ, ਉਸ ਦੇ ਅੰਦਰ ਸਭ ਤੋਂ ਵੱਧ ਜੇਕਰ ਯੋਗਦਾਨ ਹੈ, ਉਹ ਮਜ਼ਦੂਰਾਂ ਦਾ ਹੁੰਦਾ ਹੈ, ਦਲਿਤ ਭਰਾਵਾਂ ਦਾ ਹੁੰਦਾ ਹੈ।

ਜੇ ਆਪਾਂ ਭਾਰਤ ਦੀ ਗੱਲ ਕਰੀਏ, ਪੰਜਾਬ ਦੀ ਗੱਲ ਕਰੀਏ, ਲੇਕਿਨ ਅੱਜ ਜਿਹੜੀ ਕਾਂਗਰਸ ਪਾਰਟੀ ਹੈ, ਉਹ ਆਪਣੇ ਸੌੜੇ ਸਿਆਸੀ ਹਿੱਤਾਂ ਦੇ ਲਈ ਅੱਜ ਇਸ ਸਦਨ ਦੇ ਵਿੱਚੋਂ ਵਾਕ-ਆਊਟ ਕਰਕੇ ਗਈ ਹੈ, ਮੈਂ ਇਸ ਦੀ ਨਿੰਦਾ ਕਰਦਾ ਹਾਂ। ਇਹ ਘਟੀਆ ਮਾਨਸਿਕਤਾ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਵੱਲੋਂ ਕੀਤਾ ਗਿਆ ਹੈ। ਅੱਜ ਪੰਜਾਬ ਦੇ ਲੱਖਾਂ ਹੀ ਦਲਿਤ ਮਜ਼ਦੂਰ, ਕਿਰਤੀ ਕਾਮੇ ਪੂਰੇ ਪੰਜਾਬ ਵਿੱਚ ਇਕੱਠੇ ਹੋ ਕੇ ਕਿਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ, ਕਿਤੇ ਦੂਸਰੇ ਧਾਰਮਿਕ ਗ੍ਰੰਥਾਂ ਦਾ ਪ੍ਰਕਾਸ਼ ਕਰਕੇ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕਰ ਰਹੇ ਹਨ। ਦੇਸ਼ ਭਰ ਵਿੱਚ ਹਰ ਥਾਂ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਦੇਸ਼ ਭਰ ਵਿੱਚ ਹੀ ਨਹੀਂ ਸਗੋਂ ਪੂਰੀ ਦੁਨੀਆ ਵਿੱਚ ਵੱਖ ਵੱਖ ਤਰ੍ਹਾਂ ਦੇ ਪ੍ਰੋਗਰਾਮ ਕਰਵਾਏ ਜਾ ਰਹੇ ਹਨ ਪਰ ਅੱਜ ਆਪੋਜ਼ੀਸ਼ਨ ਦੇ ਮੈਂਬਰ, ਭਾਵੇਂ ਉਹ ਭਾਰਤੀ ਜਨਤਾ ਪਾਰਟੀ ਹੈ, ਸ਼੍ਰੋਮਣੀ ਅਕਾਲੀ ਦਲ ਹੈ ਜਾਂ ਕਾਂਗਰਸ ਪਾਰਟੀ ਹੈ, ਇਨ੍ਹਾਂ ਨੇ ਵਾਕ-ਆਊਟ ਕਰਕੇ ਪੰਜਾਬ ਦੇ ਸਾਹਮਣੇ, ਦੇਸ਼ ਦੇ ਸਾਹਮਣੇ ਆਪਣਾ ਮਜ਼ਦੂਰ ਵਿਰੋਧੀ ਚਿਹਰਾ ਪੇਸ਼ ਕੀਤਾ ਹੈ।

ਮੈਂ ਹੁਣੇ ਹੀ ਸੁਣ ਰਿਹਾ ਸੀ ਕਿ ਭਾਰਤੀ ਜਨਤਾ ਪਾਰਟੀ ਨੇ ਬਾਹਰ ਮੌਕ ਸੈਸ਼ਨ ਲਗਾਇਆ ਹੈ। ਪੰਜਾਬ ਦੇ ਲੋਕਾਂ ਨੂੰ ਅੱਜ ਭਲੀ ਭਾਂਤ ਪਤਾ ਲੱਗ ਗਿਆ ਹੈ ਕਿ ਭਾਰਤੀ ਜਨਤਾ ਪਾਰਟੀ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ ਸੰਵਿਧਾਨ ਦੇ ਉਲਟ ਹੈ। ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਨੇ ਸੰਵਿਧਾਨ ਬਣਾਇਆ ਅਤੇ ਸਟੇਟਾਂ ਦੀਆਂ ਅਸੈਂਬਲੀਆਂ ਬਣਾਈਆਂ, ਨੈਸ਼ਨਲ ਅਸੈਂਬਲੀ ਬਣਾਈ, ਰਾਜ ਸਭਾ ਬਣਾਈ, ਲੋਕ ਸਭਾ ਬਣਾਈ। ਅੱਜ ਪੰਜਾਬ ਵਿੱਚ ਇਸ ਪਵਿੱਤਰ ਸਦਨ ਦਾ ਵਾਕ ਆਊਟ ਕਰਕੇ ਜੇਕਰ ਭਾਰਤੀ ਜਨਤਾ ਪਾਰਟੀ ਨੇ ਬਾਹਰ ਮੌਕ ਸੈਸ਼ਨ ਲਗਾਇਆ ਹੈ ਤਾਂ ਮੈਂ ਸਮਝਦਾ ਹਾਂ ਕਿ ਇਹ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੀ ਤੌਹੀਨ ਹੈ। ਉਨ੍ਹਾਂ ਖਿਲਾਫ ਜਾ ਕੇ ਇਹ ਮੌਕ ਸੈਸ਼ਨ ਕਰ ਰਹੇ ਹਨ। ਇਨ੍ਹਾਂ ਨੂੰ ਅੱਜ ਇਸ ਸਦਨ ਵਿੱਚ ਬੈਠ ਕੇ ਉਨ੍ਹਾਂ ਸ਼ਹੀਦਾਂ ਨੂੰ ਨਮਨ ਕਰਨਾ ਚਾਹੀਦਾ ਸੀ, ਉਨ੍ਹਾਂ ਲੋਕਾਂ ਨੂੰ ਨਮਨ ਕਰਨਾ ਚਾਹੀਦਾ ਸੀ ਜਿਨ੍ਹਾਂ ਨੇ ਆਪਣੀ ਮਜ਼ਦੂਰੀ ਲਈ, ਆਪਣੀ ਕਿਰਤ ਲਈ ਸੰਘਰਸ਼ ਕੀਤਾ ਕਿ ਕਿਰਤ ਦੇ 8 ਘੰਟੇ ਨਿਸ਼ਚਿਤ ਕੀਤੇ ਜਾਣ, ਕਿਰਤ ਦੇ ਘੰਟੇ ਘਟਾਏ ਜਾਣ, work hours ਘਟਾਏ

ਜਾਣ, ਇਹ ਅੱਜ ਇੱਥੇ ਉਨ੍ਹਾਂ ਦੀ ਗੱਲ ਸੁਣਦੇ ਅਤੇ ਉਨ੍ਹਾਂ ਦੀ ਗੱਲ ਰੱਖ ਕੇ ਜਾਂਦੇ। ਸਾਡੇ ਵਿੱਚ ਜੋ ਵੀ ਕਮੀਆਂ ਹਨ, ਉਹ ਦਰਸਾਉਂਦੇ ਤਾਂ ਕਿ ਉਨ੍ਹਾਂ ਕਮੀਆਂ ਨੂੰ ਦੂਰ ਕਰਕੇ ਅਸੀਂ ਪੰਜਾਬ ਦੇ ਮਜ਼ਦੂਰਾਂ ਦੀ ਗੱਲ ਕਰ ਸਕਦੇ।

*12.31 ਵਜੇ ਬਾਅਦ ਦੁਪਹਿਰ।) (*ਇਸ ਸਮੇਂ ਮਾਣਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਵਿੱਤ ਮੰਤਰੀ** : ਮਾਣਯੋਗ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਹਜ਼ਮ ਨਹੀਂ ਹੋਇਆ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਰਦਾਰ ਭਗਵੰਤ ਸਿੰਘ ਮਾਨ ਨੇ ਪੰਜਾਬ ਦੀ ਹਾਈ ਕੋਰਟ ਅੰਦਰ ਐਡਵੋਕੇਟ ਜਨਰਲ ਦੇ ਦਫ਼ਤਰ ਅੰਦਰ ਕਿਉਂ ਰਿਜ਼ਰਵੇਸ਼ਨ ਦੀ ਵਿਵਸਥਾ ਕੀਤੀ ਹੈ। ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਹਜ਼ਮ ਨਹੀਂ ਹੋ ਰਿਹਾ ਕਿ ਉਥੇ ਅੱਜ ਇੱਕ ਮਜ਼ਦੂਰ ਦਾ ਬੱਚਾ, ਗਰੀਬ ਦਾ ਬੱਚਾ, ਸਫਾਈ ਸੇਵਕ ਦਾ ਬੱਚਾ ਜਿਹੜਾ ਕਿ ਪੜ੍ਹ ਗਿਆ, ਜਿਹੜਾ ਕਿ ਅੱਗੇ ਵੱਧ ਗਿਆ, ਅੱਜ ਉਸ ਨੂੰ ਕਿਉਂ ਪੰਜਾਬ ਦੀ ਹਾਈ ਕੋਰਟ ਵਿੱਚ ਆਪਣੀ ਗੱਲ ਕਰਨ ਦਾ ਮੌਕਾ ਮਿਲ ਰਿਹਾ ਹੈ। ਉਸ ਨੂੰ ਮਾਣ ਸਨਮਾਨ ਕਿਉਂ ਮਿਲਿਆ ਹੈ। ਇਹ ਇਨ੍ਹਾਂ ਲੋਕਾਂ ਨੂੰ ਹਜ਼ਮ ਨਹੀਂ ਹੋ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਇਹ ਗੱਲ ਇਨ੍ਹਾਂ ਲੋਕਾਂ ਨੂੰ ਹਜ਼ਮ ਨਹੀਂ ਹੋ ਰਹੀ ਹੈ ਕਿ ਕਿਉਂ ਪੰਜਾਬ ਦੇ 5000 ਗਰੀਬ ਪਰਿਵਾਰਾਂ ਦਾ ਕਰਜ਼ਾ, ਜੋ ਕਿਸੇ ਬਿਮਾਰੀ ਕਾਰਨ ਜਾਂ ਕਿਸੇ ਦੁਬਿਧਾ ਕਾਰਨ ਕਰਜ਼ਾ ਉਤਾਰਨ ਤੋਂ ਅਸਮਰਥ ਸਨ, ਕਿਸੇ ਪਰਿਵਾਰਕ ਮੈਂਬਰ ਦੇ ਦੁਨੀਆ ਤੋਂ ਚਲੇ ਜਾਣ ਕਾਰਨ ਅਸਮਰਥ ਸਨ, ਉਨ੍ਹਾਂ ਲੋਕਾਂ ਦਾ ਕਰਜ਼ਾ ਕਿਉਂ ਮੁਆਫ ਹੋਇਆ ਹੈ। ਕਾਂਗਰਸ ਪਾਰਟੀ ਨੂੰ ਇਹ ਗੱਲ ਹਜ਼ਮ ਨਹੀਂ ਹੋ ਰਹੀ ਹੈ। ਕਾਂਗਰਸ ਪਾਰਟੀ ਦੇ, ਸ਼੍ਰੋਮਣੀ ਅਕਾਲੀ ਦਲ ਦੇ ਅਤੇ ਭਾਰਤੀ ਜਨਤਾ ਪਾਰਟੀ ਦੇ ਇਹ ਗੱਲ ਡਾਈਜੈਸਟ ਨਹੀਂ ਹੋ ਰਹੀ ਹੈ, ਹਜ਼ਮ ਨਹੀਂ ਹੋ ਰਹੀ ਹੈ ਕਿ ਪੰਜਾਬ ਵਿੱਚ ਸ਼ਡਿਊਲਡ ਕਾਸਟ ਸਕਾਲਰਸ਼ਿਪ ਦੇ ਪੈਸੇ ਵਿਦਿਆਰਥੀਆਂ ਦੇ ਖਾਤਿਆਂ ਵਿੱਚ ਟਾਈਮ ਸਿਰ ਕਿਉਂ ਜਾ ਰਹੇ ਹਨ। ਇਨ੍ਹਾਂ ਦੀਆਂ ਸਰਕਾਰਾਂ ਸਮੇਂ ਵੱਡੇ ਵੱਡੇ ਘਪਲੇ ਹੋਏ ਅਤੇ ਇਹ ਸਕੀਮਾਂ ਘਪਲਿਆਂ ਦਾ ਸ਼ਿਕਾਰ ਹੋ ਕੇ ਰਹਿ ਗਈਆਂ ਸਨ। ਮੇਰੇ ਕੁਲੀਗ ਡਾਕਟਰ ਬਲਜੀਤ ਕੌਰ ਜੀ ਦੱਸ ਸਕਦੇ ਹਨ ਕਿ ਉਨ੍ਹਾਂ ਵਿਦਿਆਰਥੀਆਂ ਦੀ ਸੰਖਿਆ ਪਹਿਲਾਂ ਕਿੰਨੀ ਸੀ ਤੇ ਹੁਣ ਕਿੰਨੀ ਹੋ ਗਈ ਹੈ। ਸਰ, ਕਿਸੇ ਸਮੇਂ ਜਦੋਂ ਇਹ ਸਕੀਮ ਸ਼ੁਰੂ ਹੋਈ ਸੀ ਤਾਂ ਉਨ੍ਹਾਂ ਵਿਦਿਆਰਥੀਆਂ ਦੀ ਸੰਖਿਆ ਢਾਈ ਲੱਖ ਤੱਕ ਪਹੁੰਚ ਗਈ ਸੀ। ਮਜ਼ਦੂਰਾਂ ਦੇ ਬੱਚਿਆਂ ਦੀ, ਦਲਿਤਾਂ ਦੇ ਬੱਚਿਆਂ ਦੀ ਅਤੇ ਗਰੀਬ ਲੋਕਾਂ ਦੇ ਬੱਚਿਆਂ ਦੀ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਸੰਖਿਆ ਢਾਈ ਲੱਖ ਤੱਕ ਪਹੁੰਚ ਗਈ ਸੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਕਾਂਗਰਸ ਦੀ ਸਰਕਾਰ ਆਈ ਸੀ, ਜਿਹੜੇ ਕਿ ਅੱਜ ਵਾਕ ਆਊਟ ਕਰਕੇ ਚਲੇ ਗਏ ਹਨ, ਜਿਹੜੇ ਸੁਣ ਕੇ ਨਹੀਂ ਗਏ ਹਨ, ਉਨ੍ਹਾਂ ਦੇ ਸਮੇਂ ਇਹ ਸੰਖਿਆ ਕਿੰਨੀ ਰਹਿ ਗਈ ਸੀ? ਸਿਰਫ ਡੇਢ ਲੱਖ ਰਹਿ ਗਈ ਸੀ। ਇਹ ਸੰਖਿਆ ਕਿਉਂ ਘੱਟ ਗਈ ਸੀ? ਇਹ ਇਸ ਕਰਕੇ ਘੱਟ ਗਈ ਸੀ ਕਿ ਇਨ੍ਹਾਂ ਨੇ ਸਕਾਲਰਸ਼ਿਪ ਵਿੱਚ ਵੱਡਾ ਘਪਲਾ ਕੀਤਾ ਸੀ। ਜਦੋਂ ਬੱਚਿਆਂ ਨੂੰ ਟਾਈਮ ਸਿਰ ਸਕਾਲਰਸ਼ਿਪ ਨਾ ਮਿਲੀ ਤਾਂ ਉਹ ਮਜ਼ਦੂਰੀ ਕਰਨ ਲਈ ਮਜਬੂਰ ਹੋ ਗਏ ਸਨ। ਉਨ੍ਹਾਂ ਬੱਚਿਆਂ ਨੂੰ ਮਜ਼ਦੂਰੀ ਕਰਨ ਲਈ ਮਜਬੂਰ ਹੋਣਾ ਪਿਆ ਅਤੇ ਕਿਉਂ ਹੋਣਾ ਪਿਆ, ਕਿਉਂਕਿ ਕਾਂਗਰਸ ਪਾਰਟੀ ਨੇ ਆਪਣਾ ਕੁਰੱਪਸ਼ਨ ਦਾ ਸਿਸਟਮ ਸਾਹਮਣੇ ਲਿਆਂਦਾ ਲੇਕਿਨ ਜਦੋਂ ਤੋਂ ਪੰਜਾਬ ਵਿੱਚ ਮਾਰਚ, 2022 ਤੋਂ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਆਈ ਹੈ, ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ, ਮਾਣਯੋਗ ਡਿਪਟੀ ਸਪੀਕਰ ਸਾਹਿਬ, ਉਸ ਸਮੇਂ ਤੋਂ ਲੈ ਕੇ ਲਗਾਤਾਰ ਉਹ ਪੈਸੇ ਅਦਾ ਕੀਤੇ ਜਾ ਰਹੇ ਹਨ ਅਤੇ ਅਸੀਂ ਇੱਕ ਦਿਨ ਲਈ ਵੀ ਉਹ ਪੈਸਾ ਰੋਕਿਆ ਨਹੀਂ ਹੈ। ਮੈਂ ਸਮਝਦਾ ਹਾਂ ਕਿ ਮੇਰੇ ਕੁਲੀਗ ਇਸ ਗੱਲ ਦੀ ਗਵਾਹੀ ਭਰਨਗੇ ਅਤੇ ਦੱਸਣਗੇ ਕਿ ਅੱਜ ਪੰਜਾਬ ਵਿੱਚ ਐਸ.ਸੀ. ਵਿਦਿਆਰਥੀਆਂ ਦੀ ਕਾਲਜਾਂ ਵਿੱਚ ਕਿੰਨੀ ਗਿਣਤੀ ਹੋ ਗਈ ਹੈ। ਅੱਜ ਇਹ ਅੰਕੜਾ 3 ਲੱਖ ਤੋਂ ਪਾਰ ਹੋ ਗਿਆ ਹੈ। ਇਹ ਅੰਕੜਾ 3 ਲੱਖ ਤੋਂ ਪਾਰ ਕਿਉਂ ਹੋ ਗਿਆ ਹੈ, ਕਿਉਂਕਿ ਅਸੀਂ

ਇਮਾਨਦਾਰੀ ਨਾਲ, ਪਾਰਦਰਸ਼ਤਾ ਨਾਲ, ਨੇਕ ਨੀਤੀ ਨਾਲ ਵਿਦਿਆਰਥੀਆਂ ਦੇ ਖਾਤੇ ਵਿੱਚ ਪੈਸੇ ਪਾ ਰਹੇ ਹਾਂ। ਅੱਜ ਅਸੀਂ ਇਹ ਰਾਸ਼ੀ ਟਾਈਮਲੀ ਜਾਰੀ ਕਰ ਰਹੇ ਹਾਂ। ਇਨ੍ਹਾਂ ਸਮੇਂ ਇਹ ਰਾਸ਼ੀ ਟਾਈਮਲੀ ਜਾਰੀ ਨਹੀਂ ਹੁੰਦੀ ਸੀ, ਜੇਕਰ ਹੋਈ ਵੀ ਤਾਂ ਮੈਂ ਸਮਝਦਾ ਹਾਂ ਕਿ ਠੱਗੀ ਦਾ ਜਾਲ ਵਿਛਾਇਆ ਗਿਆ ਸੀ। ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਨੇ ਸਾਨੂੰ ਹੱਕ ਲੈ ਕੇ ਦਿੱਤਾ ਸੀ ਅਤੇ ਪੜ੍ਹੋ, ਜੁੜੋ, ਸੰਘਰਸ਼ ਕਰੋ ਦਾ ਨਾਅਰਾ ਲਗਾਇਆ ਸੀ। ਜੋ ਸੰਵਿਧਾਨ ਵਿੱਚ ਹੱਕ ਲਿਖੇ ਸੀ ਕਿ ਅਸੀਂ ਸਭ ਨੂੰ ਸਮਾਨਤਾ ਦੇਵਾਂਗੇ, ਅਸੀਂ ਬਰਾਬਰ ਦੇ ਮੌਕੇ ਦੇਵਾਂਗੇ, ਉਨ੍ਹਾਂ ਮੌਕਿਆਂ ਵਿੱਚ ਕਾਂਗਰਸ ਪਾਰਟੀ ਨੇ ਵਿਘਨ ਪਾਇਆ, ਉਨ੍ਹਾਂ ਮੌਕਿਆਂ ਵਿੱਚ ਭਾਰਤੀ ਜਨਤਾ ਪਾਰਟੀ ਨੇ ਵਿਘਨ ਪਾਇਆ ਤਾਂ ਹੀ ਦੇਸ਼ ਆਜ਼ਾਦ ਹੋਣ ਤੋਂ 75 ਸਾਲਾਂ ਬਾਅਦ ਵੀ ਪੰਜਾਬ ਦੇ ਗਰੀਬ ਲੋਕ, ਪੰਜਾਬ ਦੇ ਦਲਿਤ ਲੋਕ ਤੇ ਪੰਜਾਬ ਦੀ ਸ਼ਡਿਊਲਡ ਕਾਸਟ ਪਾਪੂਲੇਸ਼ਨ ਨਾਲ ਮੈਂ ਸਮਝਦਾ ਹਾਂ ਕਿ ਅੱਜ ਵੀ ਉਨ੍ਹਾਂ ਨਾਲ ਸਮਾਜਿਕ ਵਿਤਕਰਾ ਇਨ੍ਹਾਂ ਦੇ ਸਮੇਂ ਤੋਂ ਹੁੰਦਾ ਆ ਰਿਹਾ ਹੈ ਪਰ ਉਨ੍ਹਾਂ ਨੂੰ ਸਮਾਜਿਕ ਤੌਰ 'ਤੇ ਉੱਪਰ ਚੁੱਕਣ ਲਈ, ਰਾਜਨੀਤਿਕ ਤੌਰ 'ਤੇ ਉੱਪਰ ਚੁੱਕਣ ਲਈ, ਆਰਥਿਕ ਤੌਰ 'ਤੇ ਉੱਪਰ ਚੁੱਕਣ ਲਈ ਜਦੋਂ ਅਸੀਂ ਬਹੁਤ ਸਾਰੀਆਂ ਸਕੀਮਾਂ ਦੀ ਅਨਾਊਂਸਮੈਂਟ ਕਰਦੇ ਹਾਂ ਤਾਂ ਉਸ ਨਾਲ ਇਨ੍ਹਾਂ ਲੋਕਾਂ ਨੂੰ ਤੜਫਣਾ ਆਉਂਦੀ ਹੈ। ਉਦੋਂ ਇਹ ਲੋਕ ਉਸ ਗੱਲ ਨੂੰ ਸਹਿਣ ਨਹੀਂ ਕਰ ਪਾਉਂਦੇ ਹਨ ਕਿਉਂਕਿ ਇਹ ਲੋਕ ਰਾਜੇ ਰਜਵਾੜਿਆਂ ਤੋਂ ਜਿੱਤ ਕੇ ਆਏ ਹਨ। ਸਾਡੇ ਜਿੰਨੇ ਮੈਂਬਰ ਬੈਠੇ ਹਨ, ਇਨ੍ਹਾਂ ਦੀ ਇਕੱਲੇ ਇਕੱਲੇ ਦੀ ਪ੍ਰੋਫਾਈਲ ਦੇਖ ਲਓ, ਚੈੱਕ ਕਰ ਲਓ, ਸਾਰੇ ਆਮ ਘਰਾਂ ਤੋਂ ਆਏ ਹਨ, ਗਰੀਬ ਘਰਾਂ ਤੋਂ ਆਏ ਹਨ ਅਤੇ ਆਪ ਮਿਹਨਤ ਕਰਕੇ ਉਠੇ ਹਨ। ਸਾਡੇ 90 ਫੀਸਦੀ ਵਿਧਾਇਕ ਉਹ ਹਨ, ਜਿਨ੍ਹਾਂ ਨੂੰ ਸ੍ਰੀ ਅਰਵਿੰਦ ਕੇਜਰੀਵਾਲ ਜੀ ਦੀ ਪਾਰਖੂ ਅੱਖ ਨੇ ਚੁਣਿਆ ਕਿ ਇਹ ਵਿਅਕਤੀ ਪੰਜਾਬ ਵਿੱਚ ਬਿਹਤਰ ਸੇਵਾਵਾਂ ਨਿਭਾਏਗਾ। ਇਹ ਪੰਜਾਬ ਦੀ ਇਕਾਨਮੀ ਨੂੰ ਠੀਕ ਕਰੇਗਾ, ਇਹ ਪੰਜਾਬ ਦੇ ਸਮਾਜਿਕ ਨਿਆਂ ਵਿਭਾਗ ਨੂੰ ਠੀਕ ਕਰੇਗਾ, ਇਹ ਪੰਜਾਬ ਦੇ ਫੂਡ ਐਂਡ ਸਿਵਲ ਸਪਲਾਈ ਸਿਸਟਮ ਨੂੰ ਠੀਕ ਕਰੇਗਾ। ਇਸੇ ਗੱਲ ਕਰਕੇ ਅੱਜ ਪੰਜਾਬ ਦੀ ਵਿਧਾਨ ਸਭਾ ਦੇ ਅੰਦਰ ਛੇ ਮਨਿਸਟਰ ਗਰੀਬ ਪਰਿਵਾਰਾਂ ਤੋਂ ਚੁਣੇ ਗਏ ਹਨ ਤਾਂ ਜੋ ਪੰਜਾਬ ਵਿੱਚ ਉਨ੍ਹਾਂ ਲੋਕਾਂ ਨੂੰ ਇਨਸਾਫ ਮਿਲ ਸਕੇ। ਮਾਣਯੋਗ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੇ ਹਜ਼ਮ ਨਹੀਂ ਹੋ ਰਿਹਾ ਹੈ ਕਿ ਸਾਡੀਆਂ ਦਲਿਤ ਭੈਣਾਂ ਲਈ ਅਸੀਂ 1500 ਰੁਪਏ ਸਨਮਾਨ ਰਾਸ਼ੀ ਰੱਖੀ ਹੈ। ਇਹ ਇਨ੍ਹਾਂ ਦੇ ਹਜ਼ਮ ਨਹੀਂ ਹੋ ਰਿਹਾ ਹੈ ਕਿਉਂਕਿ ਅੱਜ ਮਜ਼ਦੂਰ ਦਿਹਾੜਾ ਹੈ। ਅੱਜ ਗੱਲਾਂ ਤਾਂ ਇਹ ਕਰਨੀਆਂ ਬਣਦੀਆਂ ਸੀ ਕਿ ਹੁਣ ਔਰਤ ਦਾ ਆਰਥਿਕ, ਸਮਾਜਿਕ, ਸਰੀਰਕ ਸ਼ੋਸ਼ਣ ਖਤਮ ਹੋ ਜਾਵੇਗਾ ਔਰ ਗਰੀਬ ਘਰ ਦੀ ਔਰਤ, ਅਖੀਰ ਵਿੱਚ ਖੜ੍ਹੀ ਔਰਤ ਵੀ ਬਰਾਬਰ 'ਤੇ ਆ ਕੇ ਖੜ੍ਹ ਜਾਵੇਗੀ ਅਤੇ ਉਸ ਨੂੰ ਵੀ ਮਾਣ ਤੇ ਸਨਮਾਨ ਮਿਲੇਗਾ। ਇਹ ਫੈਸਲਾ ਕਿਸ ਨੇ ਕੀਤਾ ਹੈ, ਇਹ ਫੈਸਲਾ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਕੀਤਾ ਹੈ। ਇਹ ਫੈਸਲਾ ਕਿਸ ਨੇ ਕੀਤਾ ਹੈ, ਇਹ ਫੈਸਲਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕੀਤਾ ਹੈ, ਇਹ ਫੈਸਲਾ ਸ੍ਰੀ ਅਰਵਿੰਦ ਕੇਜਰੀਵਾਲ ਜੀ ਦੀ ਸੋਚ ਨੇ ਕੀਤਾ ਹੈ। ਇਸੇ ਗੱਲ ਕਰਕੇ ਇਹ ਅੱਜ ਵਾਕ-ਆਊਟ ਕਰਕੇ ਭੱਜ ਗਏ ਹਨ। ਇਹ ਜਾਅਲੀ, ਫਰਜ਼ੀ ਐਲੀਗੇਸ਼ਨ ਲਗਾ ਕੇ ਭੱਜ ਗਏ ਹਨ। ਮੈਂ ਸਮਝਦਾ ਹਾਂ ਕਿ ਜਿਹੜਾ ਵੀ ਕੰਮ ਆਮ ਆਦਮੀ ਪਾਰਟੀ ਕਰ ਰਹੀ ਹੈ, ਇਨ੍ਹਾਂ ਨੂੰ ਉਹ ਹਜ਼ਮ ਨਹੀਂ ਹੋ ਰਿਹਾ ਹੈ। ਅੱਜ ਜੇਕਰ ਸਾਡੇ ਮਨਿਸਟਰ ਸਰਦਾਰ ਤਰੁਨਪ੍ਰੀਤ ਸਿੰਘ ਸੌਂਦ ਜੀ ਨੇ ਗੱਲ ਕੀਤੀ ਹੈ ਕਿ ਉਜਰਤਾਂ ਵਿੱਚ ਵਾਧਾ ਕਿਵੇਂ ਹੋਣਾ ਚਾਹੀਦਾ ਹੈ, ਇਸ ਮੁੱਦੇ 'ਤੇ ਗੱਲ ਚਲੀ ਹੈ ਤਾਂ ਮੈਂ ਸਮਝਦਾ ਹਾਂ ਕਿ ਇਹ ਇਨ੍ਹਾਂ ਦੇ ਹਜ਼ਮ ਨਹੀਂ ਹੋ ਰਿਹਾ ਹੈ ਕਿਉਂਕਿ ਇਹ ਨਹੀਂ ਚਾਹੁੰਦੇ ਹਨ ਕਿ ਆਮ ਘਰਾਂ ਦੇ ਗਰੀਬ ਬੱਚਿਆਂ ਦੀ, ਗਰੀਬ ਮਜ਼ਦੂਰਾਂ ਦੀ ਆਮਦਨ ਵਧੇ। ਇਸੇ ਕਰਕੇ ਭਾਰਤੀ ਜਨਤਾ ਪਾਰਟੀ ਨੇ ਦੇਸ਼ ਦੀ ਮਗਨਰੇਗਾ ਸਕੀਮ ਨੂੰ ਖਤਮ ਕੀਤਾ। ਇਸ ਦਾ ਵਿਰੋਧ ਨਾ ਹੋ ਸਕੇ ਤਾਂ ਉਸ ਦਾ ਨਾਮ "ਜੀ ਰਾਮ ਜੀ" ਰੱਖ ਦਿੱਤਾ ਗਿਆ। ਮਗਨਰੇਗਾ ਦਾ ਨਾਮ "ਜੀ ਰਾਮ ਜੀ" ਰੱਖ ਦਿੱਤਾ ਗਿਆ ਤਾਂ ਜੋ ਕੋਈ ਵਿਅਕਤੀ ਇਸ ਦਾ ਵਿਰੋਧ ਨਾ ਕਰ ਸਕੇ। ਧਰਮ ਦੀ ਆੜ ਵਿੱਚ, ਧਰਮ ਨੂੰ ਅੱਗੇ ਕਰਕੇ

ਅਤੇ ਆਪ ਪਿੱਛੇ ਖੜ੍ਹੇ ਹੋ ਕੇ ਇਸ ਸਕੀਮ ਦਾ ਨਾਮ ਬਦਲ ਦਿੱਤਾ ਤਾਂ ਕਿ ਗਰੀਬ ਦੀ ਪਿੱਠ 'ਤੇ ਛੁਰਾ ਮਾਰਿਆ ਜਾ ਸਕੇ, ਮਜ਼ਦੂਰ ਨੂੰ ਕਿਵੇਂ ਮਾਰਿਆ ਜਾਵੇ, ਇਸ ਦਾ ਯਤਨ ਭਾਰਤੀ ਜਨਤਾ ਪਾਰਟੀ ਨੇ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਨਾਮ ਦੇ ਵਿਰੋਧੀ ਨਹੀਂ ਹਾਂ ਪ੍ਰੰਤੂ ਜਿਹੜੀਆਂ ਬਹੁਤ ਸਾਰੀਆਂ ਅਮੈਂਡਮੈਂਟਾਂ ਕਰਕੇ, ਬਹੁਤ ਸਾਰੀਆਂ ਸਕੀਮਾਂ ਖਤਮ ਕਰ ਦਿੱਤੀਆਂ ਗਈਆਂ ਹਨ, ਉਨ੍ਹਾਂ ਨਾਲ ਸਾਡੇ ਸਮਾਜ ਦੀ ਔਰਤ ਦੀ ਕੀ ਦਸ਼ਾ ਹੋਵੇਗੀ?

ਡਿਪਟੀ ਸਪੀਕਰ ਸਾਹਿਬ, ਤੁਹਾਡਾ ਕੰਢੀ ਦਾ ਏਰੀਆ ਹੈ। ਤੁਸੀਂ ਖੁਦ ਉਸ ਇਲਾਕੇ ਨੂੰ ਰਿਪ੍ਰੈਜ਼ੈਂਟ ਕਰਦੇ ਹੋ ਜਿੱਥੇ ਬਹੁਤ ਸਾਰੇ ਗਰੀਬ ਲੋਕ ਰਹਿੰਦੇ ਹਨ, ਤੁਹਾਡੇ ਇਲਾਕੇ ਦੀ ਬਹੁਤ ਸਾਰੀ ਪਾਪੂਲੇਸ਼ਨ ਇਸ ਸਕੀਮ ਅਧੀਨ ਆਉਂਦੀ ਹੈ, ਉਹ ਔਰਤਾਂ ਹਰ ਰੋਜ਼ 300 ਰੁਪਏ ਦਿਹਾੜੀ ਕਮਾਉਂਦੀਆਂ ਸੀ ਤੇ ਆਪਣੇ ਬੱਚਿਆਂ ਦਾ ਪੇਟ ਪਾਲਦੀਆਂ ਸੀ। ਬਜ਼ੁਰਗ 300 ਰੁਪਏ ਦਿਹਾੜੀ ਕਮਾ ਕੇ ਆਪਣੇ ਬੱਚਿਆਂ ਦਾ ਪੇਟ ਪਾਲਦੇ ਸਨ ਪਰ ਭਾਰਤੀ ਜਨਤਾ ਪਾਰਟੀ ਨੇ ਉਸ ਸਕੀਮ ਵਿੱਚ ਵੱਡੀਆਂ ਤਬਦੀਲੀਆਂ ਕਰਕੇ ਮੈਂ ਸਮਝਦਾ ਹਾਂ ਕਿ ਉਨ੍ਹਾਂ ਦਾ ਮਜ਼ਦੂਰ ਵਿਰੋਧੀ ਚਿਹਰਾ ਅੱਜ ਦੇਸ਼ ਦੇ ਸਾਹਮਣੇ ਨੰਗਾ ਹੋ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਇਹ ਭਾਰਤੀ ਜਨਤਾ ਪਾਰਟੀ ਤੋਂ ਜਿੱਥੇ ਦੇਸ਼ ਦੀ ਡੈਮੋਕ੍ਰੇਸੀ ਨੂੰ ਖਤਰਾ ਹੈ, ਮੈਂ ਸਮਝਦਾ ਹਾਂ ਕਿ ਇਸ ਦੇ ਨਾਲ ਹੀ ਦੇਸ਼ ਦੇ ਸੰਵਿਧਾਨ ਨੂੰ ਵੀ ਬਹੁਤ ਵੱਡਾ ਖਤਰਾ ਹੈ। ਇਹ ਸੰਵਿਧਾਨ ਲਈ ਬਹੁਤ ਵੱਡਾ ਚੈਲੰਜ ਬਣੇ ਹੋਏ ਹਨ। ਇੱਕ ਇੱਕ ਕਰਕੇ ਇੰਸਟੀਚਿਊਸ਼ਨ ਨੂੰ ਤਬਾਹ ਕੀਤਾ ਜਾ ਰਿਹਾ ਹੈ, ਇੱਕ ਇੱਕ ਟਾਰਗੈਟ ਕਰਕੇ ਇੰਸਟੀਚਿਊਸ਼ਨ ਤਬਾਹ ਕੀਤੇ ਜਾ ਰਹੇ ਹਨ, ਜਿਹੜੇ ਇੰਸਟੀਚਿਊਸ਼ਨ ਰਾਹੀਂ ਇਹ ਸੰਵਿਧਾਨ ਖੜ੍ਹਾ ਹੈ, ਜਿਹੜੇ ਇੰਸਟੀਚਿਊਸ਼ਨ ਰਾਹੀਂ ਇਸ ਦੇਸ਼ ਦਾ ਲੋਕਤੰਤਰ ਖੜ੍ਹਾ ਹੈ, ਉਸ ਲੋਕਤੰਤਰ ਨੂੰ ਅੱਜ ਖਤਰਾ ਬਣਿਆ ਹੋਇਆ ਹੈ। ਤੁਹਾਡੇ ਯਾਦ ਹੋਣਾ ਹੈ ਕਿ ਸਾਡੇ ਗੁਆਂਢੀ ਸੂਬਾ ਹਰਿਆਣਾ ਦੀ ਵਿਧਾਨ ਸਭਾ ਦੇ ਅੰਦਰ ਕਿਸ ਤਰ੍ਹਾਂ ਕਰਾਸ ਵੋਟਿੰਗ ਕਰਵਾ ਕੇ ਰਾਜ ਸਭਾ ਮੈਂਬਰ ਤੋੜਨ ਦੀ ਕੋਸ਼ਿਸ਼ ਕੀਤੀ ਗਈ। ਹਿਮਾਚਲ, ਮਹਾਰਾਸ਼ਟਰ, ਗੋਆ, ਬਿਹਾਰ, ਪੰਜਾਬ, ਪਤਾ ਨਹੀਂ ਇਸ ਦੇਸ਼ ਅੰਦਰ ਕਿੰਨੀਆਂ-ਕੁ ਉਦਾਹਰਣਾਂ ਹਨ, ਜਿੱਥੇ ਭਾਰਤੀ ਜਨਤਾ ਪਾਰਟੀ ਨੇ ਇਸ ਦੇਸ਼ ਦੇ ਸੰਵਿਧਾਨ ਨਾਲ ਖਿਲਵਾੜ ਕੀਤਾ ਹੈ। ਇਸ ਦੇਸ਼ ਦੀ ਡੈਮੋਕਰੇਸੀ ਦਾ ਖਿਲਵਾੜ ਕੀਤਾ ਹੈ। ਦੇਸ਼ ਦੀ ਡੈਮੋਕਰੇਸੀ ਭਾਜਪਾ ਨੇ ਨਹੀਂ ਲੈ ਕੇ ਦਿੱਤੀ ਕਿਉਂਕਿ ਭਾਰਤੀ ਜਨਤਾ ਪਾਰਟੀ ਦੇ ਜਨ ਸੰਘ ਦਾ ਕੋਈ ਵੀ ਵਿਅਕਤੀ ਦੇਸ਼ ਦੀ ਆਜ਼ਾਦੀ ਦੀ ਮੂਵਮੈਂਟ ਵਿੱਚ ਸ਼ਾਮਿਲ ਨਹੀਂ ਸੀ ਬਲਕਿ ਉਹ ਤਾਂ ਅੰਗਰੇਜ਼ਾਂ ਨਾਲ ਖੜ੍ਹੇ ਸੀ, ਉਹ ਸਾਡੇ ਦੇਸ਼ ਵਿਰੋਧੀ ਲੋਕਾਂ ਨਾਲ ਖੜ੍ਹੇ ਸੀ। ਜਿਹੜੇ ਸਾਡੇ ਦੇਸ਼ ਆਜ਼ਾਦ ਕਰਵਾਉਣ ਵਾਲੇ ਲੋਕ ਸਨ, ਅੱਜ ਉਨ੍ਹਾਂ ਦੀ ਆਤਮਾ ਕੀ ਕਹਿੰਦੀ ਹੋਵੇਗੀ। ਉਨ੍ਹਾਂ ਦੀ ਆਤਮਾ ਕਹਿੰਦੀ ਹੋਵੇਗੀ ਕਿ ਜਿਸ ਦੇਸ਼ ਨੂੰ ਅਸੀਂ ਆਜ਼ਾਦ ਕਰਵਾਇਆ ਸੀ, ਅੱਜ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੇਸ਼ ਦੇ ਇੱਕ-ਇੱਕ ਇੰਸਟੀਚਿਊਸ਼ਨ ਨੂੰ ਤਬਾਹ ਕਰ ਰਹੀ ਹੈ। ਇਸ ਦੇਸ਼ ਦੀਆਂ ਡੈਮੋਕਰੇਟਿਕ ਪਰੰਪਰਾਵਾਂ ਨੂੰ ਤਬਾਹ ਕਰ ਰਹੀ ਹੈ। ਸਰ, ਇਹ ਦੇਸ਼ ਬਹੁ-ਭਾਸ਼ਾਈ ਦੇਸ਼ ਹੈ। ਇਸ ਦੇਸ਼ ਅੰਦਰ ਬਹੁਤ ਸਾਰੇ ਧਰਮ ਹਨ। ਇਸ ਦੇਸ਼ ਅੰਦਰ ਬਹੁਤ ਸਾਰੇ ਵਖਰੇਵੇਂ ਹਨ ਪਰ ਫਿਰ ਵੀ ਦੇਸ਼ ਇੱਕ ਹੈ। ਦੇਸ਼ ਦੀ ਏਕਤਾ ਅਤੇ ਅਖੰਡਤਾ ਸਭ ਤੋਂ ਅੱਗੇ ਰੱਖੀ ਗਈ ਹੈ। ਸਰ, ਇਹ ਸੰਵਿਧਾਨ ਦੀ ਆਤਮਾ, ਸੰਵਿਧਾਨ ਦੀ ਪ੍ਰੀਐਂਬਲ ਵਿੱਚ ਲਿਖਿਆ ਗਿਆ ਹੈ ਪਰ ਲੇਕਿਨ ਅੱਜ ਭਾਰਤੀ ਜਨਤਾ ਪਾਰਟੀ ਪੂਰੇ ਦੇਸ਼ ਦੇ ਸੰਵਿਧਾਨ ਨੂੰ ਤਬਾਹ ਕਰਨ ਉੱਤੇ ਲੱਗੀ ਹੋਈ ਹੈ। ਜੇਕਰ ਭਾਰਤੀ ਜਨਤਾ ਪਾਰਟੀ ਨੂੰ ਦੋ-ਤਿਹਾਈ ਬਹੁਮਤ ਆ ਜਾਂਦਾ ਤਾਂ ਹੁਣ ਤੱਕ ਦੇਸ਼ ਦਾ ਸੰਵਿਧਾਨ ਇਨ੍ਹਾਂ ਲੋਕਾਂ ਨੇ ਬਦਲ ਦੇਣਾ ਸੀ। ਸਰ, ਜਿਸ ਸੰਵਿਧਾਨ ਨੂੰ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਨੇ ਬਣਾਇਆ ਹੈ, ਉਸ ਸੰਵਿਧਾਨ ਨੂੰ ਇਨ੍ਹਾਂ ਨੇ ਹੁਣ ਤੱਕ ਲੀਰੋ-ਲੀਰ ਕਰ ਦੇਣਾ ਸੀ, ਉਸ ਸੰਵਿਧਾਨ ਅੰਦਰ ਜੋ ਬੋਲਣ ਦੇ ਅਧਿਕਾਰ, ਪੜ੍ਹਨ ਦੇ ਅਧਿਕਾਰ, ਇਹ ਸਾਰੀਆਂ ਆਜ਼ਾਦੀਆਂ ਲਿਖੀਆਂ ਹੋਈਆਂ ਹਨ, ਹੁਣ ਤੱਕ ਇਨ੍ਹਾਂ ਦੀ ਸਰਕਾਰ ਉਨ੍ਹਾਂ ਸਾਰੀਆਂ

ਆਜ਼ਾਦੀਆਂ ਨੂੰ ਤਹਿਸ-ਨਹਿਸ ਕਰ ਦਿੰਦੀ ਲੇਕਿਨ ਦੇਸ਼ ਦੇ ਲੋਕ ਬੜੇ ਸਿਆਣੇ ਹਨ, ਉਨ੍ਹਾਂ ਨੂੰ ਪਤਾ ਹੈ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਕਿਸ ਤਰ੍ਹਾਂ ਕਾਇਮ ਰੱਖਣਾ ਹੈ। ਇਸੇ ਗੱਲ ਕਰਕੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੋ-ਤਿਹਾਈ ਦਾ ਅੰਕੜਾ ਪਾਰ ਨਹੀਂ ਕਰ ਸਕੀ। ਬੇਸ਼ਕ ਸਭ ਦੀਆਂ ਆਪੋਜ਼ੀਸ਼ਨ ਹੋ ਸਕਦੀਆਂ ਹਨ। ਸਾਡੀਆਂ ਵੀ ਆਪੋਜ਼ੀਸ਼ਨਜ ਹੋ ਸਕਦੀਆਂ ਹਨ, ਜੇਕਰ ਉਨ੍ਹਾਂ ਦੇ ਮੈਂਬਰ ਜਿੱਤ ਕੇ ਆਏ ਹੋਣ ਲੇਕਿਨ ਦੇਸ਼ ਦੇ ਲੋਕਾਂ ਨੇ ਸਬੂਤ ਦਿੱਤਾ ਹੈ। ਮੈਂ ਸਮਝਦਾ ਹਾਂ ਕਿ ਸਾਨੂੰ ਆਉਣ ਵਾਲੇ ਸਮੇਂ ਵਿੱਚ ਦੇਸ਼ ਦਾ ਲੋਕਤੰਤਰ ਬਚਾਉਣ ਵਿੱਚ, ਦੇਸ਼ ਦੀ ਡੈਮੋਕਰੈਸੀ ਨੂੰ ਬਚਾਉਣ ਲਈ, ਇਸ ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਲਈ, ਆਜ਼ਾਦੀ ਦੀ ਦੂਜੀ ਲੜਾਈ ਸ਼ੁਰੂ ਕਰਨੀ ਪੈਣੀ ਹੈ। ਡਿਪਟੀ ਸਪੀਕਰ ਸਾਹਿਬ, ਦੂਜੀ ਲੜਾਈ ਕੀ ਹੋਵੇਗੀ? ਮੈਂ ਸਮਝਦਾ ਹਾਂ ਕਿ ਭਾਰਤੀ ਜਨਤਾ ਪਾਰਟੀ ਨੂੰ ਇਸ ਦੇਸ਼ ਤੋਂ ਛੁਟਕਾਰਾ ਦਿਵਾਉਣਾ ਹੈ। ਇਹ ਲੜਾਈ ਸਾਨੂੰ ਲੜਣੀ ਪੈਣੀ ਹੈ। ਭਾਰਤੀ ਜਨਤਾ ਪਾਰਟੀ ਨੂੰ ਇਸ ਦੇਸ਼ ਵਿੱਚੋਂ ਲਾਂਭੇ ਕਰਨਾ ਹੈ ਕਿਉਂਕਿ ਇਹ ਦੇਸ਼ ਡੈਮੋਕਰੇਸੀ ਤੋਂ ਡਿਕਟੇਟਰਸ਼ਿਪ ਵੱਲ ਵੱਧ ਰਿਹਾ ਹੈ। ਇਹ ਦੇਸ਼ ਲੋਕਤੰਤਰ ਤੋਂ ਤਾਨਾਸ਼ਾਹੀ ਵੱਲ ਵੱਧ ਰਿਹਾ ਹੈ। ਸੋ, ਇਸ ਦੇਸ਼ ਨੂੰ ਬਚਾਉਣ ਦੀ ਲੋੜ ਹੈ। ਮੈਂ ਤਾਂ ਇਸ ਗੱਲ ਕਰਕੇ ਖੜ੍ਹਾ ਹੋਇਆ ਸੀ ਕਿ ਅੱਜ ਜੋ ਵਿਅਕਤੀ ਵਾਕ-ਆਊਟ ਕਰਕੇ ਗਏ ਹਨ, ਇਹ ਸਾਰੇ ਵਿਅਕਤੀ ਸਦਨ ਦੀ ਤੌਹੀਨ ਕਰਕੇ ਗਏ ਹਨ। ਮੈਂ ਸਮਝਦਾ ਹਾਂ ਕਿ ਅੱਜ ਕਾਂਗਰਸ ਪਾਰਟੀ, ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਵਿਅਕਤੀਆਂ ਨੇ ਦੇਸ਼ ਦੇ ਕਿਰਤੀ-ਕਾਮਿਆਂ ਭਾਵ ਮਜ਼ਦੂਰਾਂ ਦਾ ਅਪਮਾਨ ਕੀਤਾ ਹੈ। ਅੱਜ ਲੱਖਾਂ-ਕਰੋੜਾਂ ਦਲਿਤ ਵਿਅਕਤੀਆਂ ਦਾ ਅਪਮਾਨ ਕੀਤਾ ਹੈ। ਮੈਂ ਸਮਝਦਾ ਹਾਂ ਕਿ ਲੱਖ-ਕਰੋੜਾਂ ਕਿਰਤੀ-ਕਾਮਿਆਂ ਦਾ ਅਪਮਾਨ ਕੀਤਾ ਹੈ। ਇਹ ਗੱਲ ਅੱਜ ਪੰਜਾਬ ਦੇ ਲੱਖਾਂ-ਕਰੋੜਾਂ ਲੋਕਾਂ ਦੇ ਸਾਹਮਣੇ ਪੇਸ਼ ਹੋਈ ਹੈ ਕਿ ਕਾਂਗਰਸ ਪਾਰਟੀ ਦੀ ਆਈਡਿਓਲੋਜੀ ਕੀ ਹੈ? ਇਨ੍ਹਾਂ ਦੇ ਕਹਿਣ ਨੂੰ ਕੁਝ ਪੱਲੇ ਨਹੀਂ ਹੈ ਪਰ ਅਲਟੀਮੇਟਲੀ ਮੈਂ ਸਮਝਦਾ ਹਾਂ ਕਿ ਅੱਜ ਉਨ੍ਹਾਂ ਨੇ ਮਜ਼ਦੂਰ ਵਿਰੋਧੀ ਹੋਣ ਦਾ ਸਬੂਤ ਇਸ ਪਵਿੱਤਰ ਸਦਨ ਦੇ ਅੰਦਰ ਪੇਸ਼ ਕੀਤਾ ਹੈ। ਬਹੁਤ-ਬਹੁਤ ਧੰਨਵਾਦ ਜੀ।

**ਮਾਣਯੋਗ ਡਿਪਟੀ ਸਪੀਕਰ** : ਧੰਨਵਾਦ ਜੀ। ਕਿਰਤੀਆਂ ਅਤੇ ਮਜ਼ਦੂਰਾਂ 'ਤੇ ਹਾਊਸ ਵਿੱਚ ਬਹਿਸ ਚੱਲ ਰਹੀ ਹੈ ਪਰ ਮੈਨੂੰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਮਜ਼ਦੂਰਾਂ ਅਤੇ ਕਿਰਤੀਆਂ ਦੀ ਗੱਲ ਕਰਨ ਲਈ ਸਰਦਾਰ ਪਰਗਟ ਸਿੰਘ ਇਸ ਸਮੇਂ ਹਾਊਸ ਵਿੱਚੋਂ ਗੈਰ-ਹਾਜ਼ਰ ਹਨ। ਸਰਦਾਰ ਤ੍ਰਿਪਤ ਰਾਜਿੰਦਰ ਬਾਜਵਾ ਸਾਹਿਬ।

**ਵਿੱਤ ਮੰਤਰੀ** : ਸਰ, ਬੈੱਲ ਮਾਰ ਕੇ ਉਨ੍ਹਾਂ ਦਾ ਨਾਂ ਅਨਾਊਂਸ ਕਰ ਦਿਓ, ਸ਼ਾਇਦ ਉਹ ਆ ਜਾਣ।

**ਮਾਣਯੋਗ ਡਿਪਟੀ ਸਪੀਕਰ** : ਮੈਂ ਅਨਾਊਂਸ ਹੀ ਕਰ ਰਿਹਾ ਹਾਂ ਪਰ ਮੈਨੂੰ ਇਹ ਵੀ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਕਿਰਤੀਆਂ ਅਤੇ ਮਜ਼ਦੂਰਾਂ ਦੀ ਜਦੋਂ ਗੱਲ ਚੱਲਦੀ ਹੋਵੇ ਅਤੇ ਪੰਜਾਬ ਦੀ ਵਿਧਾਨ ਸਭਾ ਵਿੱਚ ਦੋ ਮੈਂਬਰ ਸਾਹਿਬਾਨ ਜਿਨ੍ਹਾਂ ਦਾ ਟਾਈਮ ਲਿਖਿਆ ਹੋਇਆ ਹੈ ਕਿ ਉਹ ਬੋਲਣਾ ਚਾਹੁੰਦੇ ਹਨ ਪਰੰਤੂ ਜਦੋਂ ਅਸੀਂ ਉਨ੍ਹਾਂ ਨੂੰ ਬੋਲਣ ਲਈ ਟਾਈਮ ਦਿੱਤਾ ਹੈ ਤਾਂ ਉਹ ਹਾਊਸ ਵਿੱਚ ਹਾਜ਼ਰ ਨਹੀਂ ਹਨ, ਉਹ ਗੈਰ-ਹਾਜ਼ਰ ਹਨ। ਇਸ ਗੱਲ ਦਾ ਮੈਨੂੰ ਅਫਸੋਸ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਹੁਣ, ਮੈਂ ਸਾਡੇ ਮਾਣਯੋਗ ਮੈਂਬਰ, ਡਾਕਟਰ ਨਛੱਤਰ ਪਾਲ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਆਪਣੀ ਗੱਲ ਰੱਖਣ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ)** : ਮਾਣਯੋਗ ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ। ਤੁਸੀਂ ਅੱਜ ਮੈਨੂੰ ਇਸ ਮਜ਼ਦੂਰ ਦਿਵਸ 'ਤੇ ਮਜ਼ਦੂਰਾਂ ਨੂੰ ਆ ਰਹੀਆਂ ਮੁਸ਼ਕਿਲਾਂ 'ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਾਡੇ ਬਹੁਤ ਹੀ ਸਤਿਕਾਰਯੋਗ ਮੰਤਰੀ, ਸਰਦਾਰ ਤਰੁਨਪ੍ਰੀਤ ਸਿੰਘ ਸੌਂਦ ਜੀ ਜੋ ਮਤਾ ਲੈ ਕੇ ਆਏ ਹਨ, ਮੈਂ ਉਸ ਦੀ ਤਾਈਦ ਕਰਦਾ ਹਾਂ, ਉਸ ਦੇ ਹੱਕ ਵਿੱਚ ਬੋਲਣ ਲਈ ਖੜ੍ਹਾ ਹੋਇਆ ਹਾਂ। ਮਾਣਯੋਗ ਡਿਪਟੀ ਸਪੀਕਰ ਸਾਹਿਬ, ਅੱਜ

ਬੁੱਧ ਪੂਰਨਿਮਾ ਵੀ ਹੈ। ਮੈਂ ਤੁਹਾਡੇ ਰਾਹੀਂ ਪੂਰੇ ਵਿਸ਼ਵ ਦੇ ਲੋਕਾਂ ਨੂੰ ਵੀ ਵਧਾਈ ਦਿੰਦਾ ਹਾਂ। ਸਾਡੇ ਲੋਕ ਚਾਹੁੰਦੇ ਹਨ ਕਿ ਪੰਜਾਬ ਵਿੱਚ ਬੁੱਧ ਪੂਰਨਿਮਾ ਦੀ ਗਜ਼ਟਿਡ ਛੁੱਟੀ ਕੀਤੀ ਜਾਵੇ ਅਤੇ ਘੱਟ ਗਿਣਤੀ ਕਮਿਸ਼ਨ ਵਿੱਚ ਬੁੱਧਇਸਟ ਮੈਂਬਰ ਲਿਆ ਜਾਵੇ। ਇਹ ਉਨ੍ਹਾਂ ਦੀ ਕਾਫੀ ਲੰਬੇ ਸਮੇਂ ਤੋਂ ਮੰਗ ਹੈ। ਮਾਣਯੋਗ ਡਿਪਟੀ ਸਪੀਕਰ ਸਾਹਿਬ, 1 ਮਈ 1886 ਨੂੰ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿੱਚ ਆਪਣੀਆਂ ਮੰਗਾਂ ਨੂੰ ਲੈ ਕੇ ਅੰਦੋਲਨ ਕਰ ਰਹੇ ਲੋਕਾਂ 'ਤੇ ਡੰਡੇ, ਗੋਲੀਆਂ, ਬੰਬਾਂ ਨਾਲ ਹਮਲਾ ਹੋਇਆ ਅਤੇ ਸੈਂਕੜੇ ਲੋਕ ਸ਼ਹੀਦ ਵੀ ਹੋਏ। ਉਸ ਤੋਂ ਬਾਅਦ ਮਜ਼ਦੂਰ ਦਿਵਸ ਮਨਾਇਆ ਜਾਣ ਲੱਗਾ। ਭਾਰਤ ਵਿੱਚ 1923 ਨੂੰ ਚੇਨਈ ਦੇ ਮਦਰਾਸ ਵਿੱਚ, Singaravelu Chettiar ਦੀ ਅਗਵਾਈ ਵਿੱਚ ਪਹਿਲੀ ਵਾਰ ਮਜ਼ਦੂਰ ਦਿਵਸ ਮਨਾਇਆ ਜਾਣ ਲੱਗਾ। ਮਾਣਯੋਗ ਡਿਪਟੀ ਸਪੀਕਰ ਸਾਹਿਬ, ਮਜ਼ਦੂਰ ਕਿਸੇ ਵੀ ਦੇਸ਼ ਸੂਬੇ ਦੀ ਉੱਨਤੀ ਨੂੰ ਵਧਾਉਣ ਲਈ ਇੱਕ ਰੀੜ੍ਹ ਦੀ ਹੱਡੀ ਦਾ ਕੰਮ ਕਰਦੇ ਹਨ। ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜਦੋਂ ਵਾਇਸਰਾਏ ਕਾਊਂਸਲ ਦੇ ਮੈਂਬਰ ਅਤੇ ਲੇਬਰ ਮਨਿਸਟਰ ਬਣੇ ਤਾਂ ਉਨ੍ਹਾਂ ਨੇ ਮਜ਼ਦੂਰਾਂ ਲਈ ਰਿਫਾਰਮ ਬਣਾਏ ਜਿਸ ਵਿੱਚ 8 ਘੰਟੇ ਦਾ ਕੰਮ, Minimum Wages Act, 1948, ਮਹਿਲਾ ਮਜ਼ਦੂਰਾਂ ਦੀ ਸੁਰੱਖਿਆ, Trade Union ਨੂੰ ਮਨਜ਼ੂਰੀ ਤੇ ਫੈਕਟਰੀ ਐਕਟ, 1948 ਆਦਿ ਰਿਫਾਰਮ ਲਿਆਂਦੇ।

ਮਾਣਯੋਗ ਡਿਪਟੀ ਸਪੀਕਰ ਸਾਹਿਬ, ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰ ਵੈਲਫੇਅਰ ਬੋਰਡ ਦੇ ਕਿਰਤੀਆਂ ਦੀ ਰਜਿਸਟ੍ਰੇਸ਼ਨ ਭਲਾਈ ਸਕੀਮਾਂ ਆਨਲਾਈਨ ਪੋਰਟਲ ਅਤੇ ਵੈੱਬਸਾਈਟ ਰਾਹੀਂ ਹੁੰਦੀਆਂ ਹਨ ਪਰ ਇਹ ਕਾਫੀ ਲੰਬੇ ਸਮੇਂ ਤੋਂ ਬੰਦ ਰਹਿੰਦੀਆਂ ਹਨ, ਜਿਸ ਕਾਰਨ ਮਜ਼ਦੂਰਾਂ ਦੀ ਖੱਜਲ-ਖੁਆਰੀ ਵੱਧ ਜਾਂਦੀ ਹੈ। ਇਸ ਕਰਕੇ ਕਿਰਤੀ ਕਾਮੇ ਚੰਗੀਆਂ ਭਲਾਈ ਸਕੀਮਾਂ ਦਾ ਲਾਭ ਲੈਣ ਤੋਂ ਵਾਂਝੇ ਰਹਿ ਜਾਂਦੇ ਹਨ, ਇਸ ਕਰਕੇ ਉਸ ਪੋਰਟਲ ਨੂੰ ਜਲਦ ਚਲਾਇਆ ਜਾਣਾ ਚਾਹੀਦਾ ਹੈ। ਮਾਣਯੋਗ ਡਿਪਟੀ ਸਪੀਕਰ ਸਾਹਿਬ, ਡੈੱਥ ਕੇਸਾਂ ਵਿੱਚ ਕਿਰਤੀਆਂ ਦੇ ਵਾਰਿਸਾਂ ਦੀ ਖੱਜਲ-ਖੁਆਰੀ ਬੰਦ ਕੀਤੀ ਜਾਵੇ ਅਤੇ ਐਕਸੀਡੈਂਟ ਕੇਸਾਂ ਦੀ ਰਾਸ਼ੀ ਜਿਹੜੀ ਲੰਬੇ ਸਮੇਂ ਤੋਂ ਬੰਦ ਪਈ ਹੈ, ਉਸ ਨੂੰ ਤੁਰੰਤ ਜਾਰੀ ਕੀਤਾ ਜਾਵੇ, ਜਿਨ੍ਹਾਂ ਲਾਵਾਰਿਸ ਬੱਚਿਆਂ ਦੇ ਮਾਤਾ ਪਿਤਾ ਦੀ ਮੌਤ ਹੋ ਜਾਂਦੀ ਹੈ, ਉਨ੍ਹਾਂ 'ਤੇ ਲੱਗੀ ਗੋਦਨਾਮ ਦੀ ਸ਼ਰਤ ਵੀ ਹਟਾਈ ਜਾਵੇ। ਮਜ਼ਦੂਰ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਸ਼ਾਮਿਲ ਕਰਕੇ ਕਿਰਤੀ ਭਲਾਈ ਬੋਰਡ ਵੀ ਬਣਾਇਆ ਜਾਵੇ ਤਾਂ ਜੋ ਮਜ਼ਦੂਰਾਂ ਦੇ ਹੱਕ ਦੇ ਫੈਸਲੇ ਲਏ ਜਾਣ। ਮਜ਼ਦੂਰਾਂ ਦੇ ਕੰਮ ਦੇ 8 ਘੰਟੇ, ਹਰ ਸਾਲ ਦਿਹਾੜੀ ਵਿੱਚ ਵਾਧਾ, ਮਜ਼ਦੂਰਾਂ ਦੀ ਪੈਨਸ਼ਨ ਅਤੇ ਬੀਮਾ ਯੋਜਨਾ ਲਾਗੂ ਕਰਨਾ, ਗਰਭਵਤੀ ਭੈਣਾਂ ਨੂੰ ਦਿਹਾੜੀ ਸਮੇਤ ਛੁੱਟੀ ਦੇਣਾ, ਮਜ਼ਦੂਰਾਂ ਦੇ ਇਲਾਜ ਦਾ ਪ੍ਰਬੰਧ ਕਰਨਾ, ਇਸ ਤਰ੍ਹਾਂ ਦੇ ਕਾਮੇ ਮੰਡੀਆਂ ਵਿੱਚ ਕੰਮ ਕਰਨ ਵਾਲੇ ਪੱਲੇਦਾਰ, ਐਫ.ਸੀ.ਆਈ. ਦੇ ਕਾਮੇ, ਫੈਕਟਰੀਆਂ ਦੇ ਕਾਮੇ, ਦਫਤਰਾਂ, ਸੜਕਾਂ ਉਤੇ ਕੰਮ ਕਰਨ ਵਾਲੇ ਕਾਮੇ, ਭਾਵ ਹਰ ਤਰ੍ਹਾਂ ਦੇ ਕਾਮਿਆਂ ਨੂੰ ਲਾਭ ਦੇਣਾ ਚਾਹੀਦਾ ਹੈ। ਮਜ਼ਦੂਰਾਂ ਨੂੰ ਪੰਜ-ਪੰਜ ਮਰਲਿਆਂ ਦੇ ਪਲਾਟਾਂ ਦੇ ਘਰ ਬਣਾ ਕੇ ਦੇਣਾ, ਨਾ ਵਾਹੀਯੋਗ ਜ਼ਮੀਨਾਂ ਨੂੰ ਬੇਜ਼ਮੀਨੇ ਲੋਕਾਂ ਵਿੱਚ ਵੰਡਣਾ, ਮਗਨਰੇਗਾ ਕਾਮਿਆਂ ਦੀ ਦਿਹਾੜੀ ਵਿੱਚ ਵਾਧਾ ਕਰਨਾ, ਪੰਜਾਬ ਦੇ ਕੰਟਰੈਕਚੂਅਲ ਆਊਟਸੋਰਸ ਡਰਾਈਵਰਜ਼, ਸਫਾਈ ਕਰਮਚਾਰੀ, ਮਿਡ ਡੇਅ ਮੀਲ ਵਰਕਰਜ਼, ਆਸ਼ਾ ਵਰਕਰ ਅਤੇ ਕੱਚੇ ਕਾਮਿਆਂ ਨੂੰ ਪੱਕੇ ਕਰਨਾ ਜ਼ਰੂਰੀ ਹੈ, ਚਾਹੇ ਉਹ ਕਿਸੇ ਵੀ ਮਹਿਕਮੇ ਦੇ ਹੋਣ। ਇਕੁਅਲ ਪੇਅ ਅਤੇ ਇਕੁਅਲ ਵਰਕ ਦੇ ਸਿਧਾਂਤ ਨੂੰ ਲਾਗੂ ਕਰਨਾ ਅਤੇ ਮੁਲਾਜ਼ਮਾਂ ਦੇ 18% ਡੀ.ਏ. ਦੀ ਕਿਸ਼ਤ ਜਲਦ ਤੋਂ ਜਲਦ ਦੇਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਇਸ ਅਹਿਮ ਮਤੇ ਤੇ ਬੋਲਣ ਦਾ ਮੌਕਾ ਦਿੱਤਾ, ਇਸ ਲਈ ਮੈਂ ਤੁਹਾਡਾ ਅਤੇ ਹਾਊਸ ਦਾ ਤਹਿ ਦਿਲੋਂ ਧੰਨਵਾਦ ਕਰਦਾ ਹੋਇਆ ਇਸ ਮਤੇ ਦੀ ਤਾਈਦ ਕਰਦਾ ਹਾਂ। ਧੰਨਵਾਦ ਜੀ। ਜੈ ਭੀਮ ਜੈ ਭਾਰਤ।

**ਮਾਣਯੋਗ ਡਿਪਟੀ ਸਪੀਕਰ** : ਧੰਨਵਾਦ ਜੀ। ਮਾਣਯੋਗ ਕੈਬਨਿਟ ਮੰਤਰੀ, ਈ.ਟੀ.ਓ. ਸਾਹਿਬ।

**ਲੋਕ ਨਿਰਮਾਣ ਮੰਤਰੀ (ਸਰਦਾਰ ਹਰਭਜਨ ਸਿੰਘ)** : ਮਾਣਯੋਗ ਡਿਪਟੀ ਸਪੀਕਰ ਸਾਹਿਬ, ਬਹੁਤ ਮਿਹਰਬਾਨੀ। ਤੁਸੀਂ ਮੈਨੂੰ ਅੱਜ ਇਸ ਅਹਿਮ ਮਤੇ 'ਤੇ ਬੋਲਣ ਦਾ ਮੌਕਾ ਦਿੱਤਾ ਹੈ। ਪਿਛਲੇ 13 ਅਪ੍ਰੈਲ, 2026 ਨੂੰ ਜੋ ਬਿਲ ਪੇਸ਼ ਹੋਇਆ ਸੀ, ਜੋ ਹੁਣ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ ਬਣ ਚੁੱਕਾ ਹੈ, ਸਭ ਤੋਂ ਪਹਿਲਾਂ ਮੈਂ ਉਸ ਦੇ ਲਈ ਸਮੁੱਚੇ ਹਾਊਸ ਨੂੰ ਅਤੇ ਸਾਰੇ ਪੰਜਾਬੀਆਂ ਨੂੰ ਵਧਾਈ ਦਿੰਦਾ ਹੈ ਕਿ ਇੰਨੇ ਥੋੜ੍ਹੇ ਸਮੇਂ ਵਿੱਚ, 17-18 ਦਿਨਾਂ ਵਿੱਚ ਜੋ ਬਿਲ ਪੇਸ਼ ਕੀਤਾ ਗਿਆ ਸੀ, ਉਹ ਕਾਨੂੰਨ ਬਣਿਆ। (ਥੰਪਿੰਗ) ਸਰ, ਅੱਜ ਦਾ ਦਿਨ ਬਹੁਤ ਮਹਾਨ ਦਿਨ ਹੈ। ਮਜ਼ਦੂਰਾਂ ਬਾਰੇ ਗੱਲਬਾਤ ਕਰਨੀ, ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਦੇਖਣਾ, ਉਨ੍ਹਾਂ ਨੂੰ ਸਮਾਜ ਵਿੱਚ ਬਣਦਾ ਰੁਤਬਾ ਦੇਣਾ ਬਹੁਤ ਵੱਡਾ ਅਹਿਮ ਸਵਾਲ ਇਸ ਵੇਲੇ ਪੂਰੀ ਮਨੁੱਖਤਾ ਦਾ ਸਾਹਮਣੇ ਖੜ੍ਹਾ ਹੈ। ਸਰ, ਮੈਂ ਦੇਖ ਰਿਹਾ ਸੀ ਕਿ ਅਸੀਂ ਜਿੰਨੇ ਜਣੇ ਇੱਥੇ ਬੈਠੇ ਹਾਂ, ਅਸੀਂ ਕਿਸੇ ਵੀ ਚੀਜ਼ ਨੂੰ ਹੱਥ ਲਗਾ ਕੇ ਦੇਖ ਲਈਏ, ਕੋਈ ਚੀਜ਼ ਅਜਿਹੀ ਨਹੀਂ ਜਿਸ ਨੂੰ ਮਜ਼ਦੂਰ ਨੇ ਨਾ ਬਣਾਇਆ ਹੋਵੇ। ਸਰ, ਜਿਨ੍ਹਾਂ ਕੁਰਸੀਆਂ 'ਤੇ, ਜਿਸ ਟੇਬਲ 'ਤੇ ਅਤੇ ਜਿਸ ਮਾਈਕ 'ਤੇ ਆਪਾਂ ਬੋਲ ਰਹੇ ਹਾਂ ਅਤੇ ਅਸੀਂ ਜਿਸ ਬਿਲਡਿੰਗ ਵਿੱਚ ਬੈਠੇ ਹਾਂ, ਅਸੀਂ ਅੱਜ ਜੋ ਵੀ ਕੁਝ ਯੂਜ਼ ਕਰ ਰਹੇ ਹਾਂ, ਉਨ੍ਹਾਂ ਸਾਰੀਆਂ ਚੀਜ਼ਾਂ 'ਤੇ ਮਜ਼ਦੂਰਾਂ ਦੀ ਮਿਹਨਤ ਲੱਗੀ ਹੈ, ਫਿਰ ਹੀ ਉਹ ਅਲਟੀਮੇਟ ਫਾਈਨਲ ਪ੍ਰੋਡਕਟ ਬਣ ਕੇ ਸਾਡੇ ਸਾਹਮਣੇ ਪੁੱਜਾ ਹੈ। ਸਰ, ਬੜੀ ਤ੍ਰਾਸਦੀ ਹੈ ਕਿ ਜਿਹੜੀ ਚੀਜ਼, ਜਿਸ ਦੀ ਵੈਲਿਊ ਲੇਬਰਰ ਨੇ ਕ੍ਰੀਏਟ ਕੀਤੀ ਹੈ, ਉਸ ਲੇਬਰਰ ਨੂੰ ਉਸ ਦਾ ਮੁੱਲ ਨਹੀਂ ਮਿਲਦਾ। ਸਰ, ਵੈਸੇ ਤਾਂ ਕਿਸੇ ਚੀਜ਼ ਦੀ ਆਪਣੇ ਆਪ ਵਿੱਚ ਕੀਮਤ ਨਹੀਂ ਹੁੰਦੀ, ਇੱਕ ਮਿੱਟੀ ਦੇਖ ਲਈਏ ਤਾਂ ਮਿੱਟੀ, ਮਿੱਟੀ ਹੀ ਹੈ ਪਰ ਜਦੋਂ ਉਸ 'ਤੇ ਮਜ਼ਦੂਰ ਦਾ ਹੱਥ ਲੱਗਦਾ ਹੈ ਤਾਂ ਚਾਹੇ ਉਹ ਭੱਠੇ ਦੇ ਵਿੱਚ ਕੰਮ ਕਰਦਾ ਹੋਵੇ ਜਾਂ ਕਿਤੇ ਹੋਰ ਕੰਮ ਕਰਦਾ ਹੋਵੇ, ਜਦੋਂ ਮਿੱਟੀ ਦੀ ਇੱਟ ਬਣਦੀ ਹੈ ਤਾਂ ਫਿਰ ਉਸ ਦੀ ਵੈਲਿਊ ਬਣਦੀ ਹੈ, ਮਿੱਟੀ ਦੀ ਆਪਣੀ ਕੋਈ ਵੈਲਿਊ ਨਹੀਂ ਹੈ। ਜਿਹੜੀ ਵੈਲਿਊ ਕ੍ਰੀਏਟ ਕਰਦਾ ਹੈ, ਉਹ ਹਮੇਸ਼ਾ ਹਰ ਜਗ੍ਹਾ 'ਤੇ ਮਜ਼ਦੂਰ ਕ੍ਰੀਏਟ ਕਰਦਾ ਹੈ। ਸਰ, ਜੇ ਅਸੀਂ ਖਾਣਾਂ ਦੇਖ ਲਈਏ, ਲੋਹੇ ਦੀਆਂ ਖਾਣਾਂ, ਕੋਲੇ ਦੀਆਂ ਖਾਣਾਂ, ਮਜ਼ਦੂਰ ਕਈ ਮੀਲਾਂ ਤੱਕ ਥੱਲੇ ਜਾ ਕੇ ਆਪਣੀ ਮਿਹਨਤ ਨਾਲ ਉਸ ਚੀਜ਼ ਦੀ ਵੈਲਿਊ ਕ੍ਰੀਏਟ ਕਰਦਾ ਹੈ ਔਰ ਵੈਲਿਊ ਕ੍ਰੀਏਟ ਹੋਣ ਤੋਂ ਬਾਅਦ ਉਹ ਆਪ ਹੀ ਉਸ ਨਾਲੋਂ alienate ਹੋ ਜਾਂਦਾ ਹੈ, ਵੱਖਰਾ ਹੋ ਜਾਂਦਾ ਹੈ। ਉਸ ਨੂੰ ਉਸ ਦਾ ਕੋਈ ਮੁੱਲ ਨਹੀਂ ਮਿਲਦਾ। ਸਰ, ਮੈਂ ਬਹੁਤ ਲੋਕ ਦੇਖੇ ਹਨ, ਅੱਜ ਵੀ ਵੱਖ ਵੱਖ ਥਾਵਾਂ ਉੱਤੇ ਖੜ੍ਹੇ ਹੋਣਗੇ, ਚਾਹੇ ਅੱਜ ਮਜ਼ਦੂਰ ਦਿਵਸ ਹੈ ਪਰ ਕਈ ਚੌਕਾਂ ਵਿੱਚ ਅੱਜ ਵੀ ਬਹੁਤ ਅਜਿਹੇ ਲੋਕ ਹਨ, ਜਿਹੜੇ ਸਵੇਰੇ ਮੋਢੇ ਦੇ ਉੱਤੇ ਪਰਨਾ ਰੱਖ ਕੇ ਦਿਹਾੜੀ ਲੱਭਣ ਵਾਸਤੇ ਚੌਕਾਂ ਵਿੱਚ ਖੜ੍ਹੇ ਹੁੰਦੇ ਹਨ। ਸਰ, ਉਹ ਸਵੇਰੇ ਇੱਕ ਪੋਣੇ ਵਿੱਚ ਰੋਟੀ ਬੰਨ੍ਹ ਕੇ ਆ ਜਾਂਦੇ ਹਨ, 10-11 ਵਜੇ ਤੱਕ ਦੇਖਦੇ ਰਹਿੰਦੇ ਹਨ ਕਿ ਸਾਨੂੰ ਕੋਈ ਨਾ ਕੋਈ ਕਿਤੇ ਕੰਮ ਮਿਲ ਜਾਵੇ, ਕਿਤੇ ਕੋਈ ਦਿਹਾੜੀ ਲੈ ਜਾਵੇ। ਸਰ, 11-12 ਵਜੇ ਜਦੋਂ ਤੱਕ ਉਨ੍ਹਾਂ ਨੂੰ ਕੋਈ ਮਜ਼ਦੂਰੀ ਨਹੀਂ ਮਿਲਦੀ ਤਾਂ ਵਿਚਾਰੇ ਉੱਥੇ ਹੀ ਆਪਣੀ ਰੋਟੀ ਖਾ ਕੇ ਘਰ ਚਲੇ ਜਾਂਦੇ ਹਨ ਔਰ ਘਰ ਮਾਵਾਂ, ਭੈਣਾਂ, ਪਤਨੀਆਂ, ਪਿਓ ਸਾਰੇ ਉਡੀਕ ਰਹੇ ਹੁੰਦੇ ਹਨ ਕਿ ਕਿਸ ਤਰ੍ਹਾਂ ਸਾਡਾ ਕੋਈ ਪਰਿਵਾਰਕ ਮੈਂਬਰ ਗਿਆ ਹੋਇਆ ਹੈ ਔਰ ਅੱਜ ਕੁਝ ਕਮਾ ਕੇ ਲੈ ਕੇ ਆਵੇਗਾ ਅਤੇ ਸਾਨੂੰ ਦੇਵੇਗਾ। ਸਰ, ਇਹ ਮਜ਼ਦੂਰ ਵਰਗ ਦੀ ਬਹੁਤ ਤ੍ਰਾਸਦੀ ਹੈ। ਕਾਰਲ ਮਾਰਕਸ ਨੇ 1848 ਵਿੱਚ ਕਮਿਊਨਿਸਟ ਮੈਨੀਫੈਸਟੋ ਨਾਂ ਦੀ ਇੱਕ ਬੁੱਕ ਰਿਲੀਜ਼ ਕੀਤੀ ਸੀ। ਸਰ, ਉਨ੍ਹਾਂ ਨੇ ਕਿਹਾ ਸੀ ਕਿ 'Workers of the world unite! You have nothing to lose but your chains.' ਕਿ ਦੁਨੀਆ ਭਰ ਦੇ ਮਜ਼ਦੂਰੋ, ਇਕੱਠੇ ਹੋ ਜਾਵੋ, ਤੁਹਾਡੇ ਕੋਲ ਆਪਣੀਆਂ ਜੰਜ਼ੀਰਾਂ ਤੁੜਵਾਉਣ ਤੋਂ ਇਲਾਵਾ ਕੁਝ ਵੀ ਨਹੀਂ ਹੈ। ਕੁਝ ਹੈ ਹੀ ਨਹੀਂ, ਕੋਈ ਹਿੱਸੇਦਾਰੀ ਨਹੀਂ, ਮਜ਼ਦੂਰ ਨੂੰ ਸਿਰਫ ਰੋਟੀ ਨਹੀਂ ਚਾਹੀਦੀ, ਉਸ ਦੀ ਇੱਜ਼ਤ ਅਤੇ ਹਿੱਸੇਦਾਰੀ ਵੀ ਚਾਹੀਦੀ ਹੈ ਕਿਉਂਕਿ ਜਦੋਂ ਵੈਲਿਊ ਹੀ ਇੱਕ ਮਜ਼ਦੂਰ ਦਾ ਹੱਥ ਲੱਗਣ ਤੋਂ ਬਾਅਦ ਕ੍ਰੀਏਟ ਹੁੰਦੀ ਹੈ, ਫਿਰ ਜੇ ਇਸ ਤਰ੍ਹਾਂ ਉਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਜਾਵੇਗਾ ਤਾਂ ਕੋਈ ਵੀ ਦੇਸ਼, ਕੋਈ ਵੀ

ਕੌਮ, ਕੋਈ ਵੀ ਸੂਬਾ ਤਰੱਕੀ ਦੀਆਂ ਲੀਹਾਂ 'ਤੇ ਨਹੀਂ ਜਾ ਸਕਦਾ। ਸਰ, ਅੱਜ ਸਾਨੂੰ ਆਪਣੇ ਮਜ਼ਦੂਰ ਭਰਾਵਾਂ ਦੀ ਬਾਂਹ ਫੜਨ ਦੀ ਸਭ ਤੋਂ ਵੱਡੀ ਜ਼ਰੂਰਤ ਹੈ। ਸਰ, ਪਿੱਛੇ ਜਿਹੇ ਸਾਡੇ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਸਾਹਿਬ ਨੇ Punjab Scheduled Castes Finance Corporation ਵਿੱਚ 4727 ਵਿਅਕਤੀਆਂ, ਮਜ਼ਦੂਰਾਂ ਦੇ ਕਰਜ਼ੇ ਮੁਆਫ ਕੀਤੇ ਸਨ, ਉਸ ਦੀ ਕੀਮਤ ਲਗਭਗ 68 ਕਰੋੜ ਰੁਪਿਆ ਬਣਦੀ ਸੀ। ਸਰ, ਜਦੋਂ ਮੈਂ ਸਾਰੀ ਰਿਪੋਰਟ ਪੜ੍ਹੀ ਤਾਂ ਮੈਨੂੰ ਬੜੀ ਹੈਰਾਨਗੀ ਹੋਈ ਕਿ 85% ਉਹ ਮਜ਼ਦੂਰ ਸਨ, ਜਿਨ੍ਹਾਂ ਨੇ ਆਪਣੇ ਕਰਜ਼ੇ ਵਾਪਸ ਕਰ ਦਿੱਤੇ ਸਨ। ਜਿੱਥੋਂ ਇਹ ਸਾਬਤ ਹੁੰਦਾ ਹੈ ਕਿ ਇਹ ਜਿਹੜਾ ਮਜ਼ਦੂਰ ਵਰਗ ਹੈ, ਇਹ ਕਦੇ ਵੀ ਕਿਸੇ ਦਾ ਹੱਕ ਨਹੀਂ ਖਾਣਾ ਚਾਹੁੰਦਾ ਕਿਉਂਕਿ ਸਿਰਫ 15% ਬੰਦੇ ਇਹੋ ਜਿਹੇ ਬਚੇ ਸਨ, ਜਿਨ੍ਹਾਂ ਦੇ ਘਰਾਂ ਵਿੱਚ ਕੋਈ ਮੁਸ਼ਕਲ ਆ ਗਈ ਸੀ, ਕੋਈ ਕਮਾਉਣ ਵਾਲਾ ਨਹੀਂ ਰਿਹਾ ਜਾਂ ਕੋਈ ਬਿਜ਼ਨਸ ਫੇਲ੍ਹ ਹੋ ਗਿਆ। ਸਰ, ਉਨ੍ਹਾਂ ਦੀ ਹੀ ਅਮਾਊਂਟ ਬਚੀ ਸੀ, ਬਾਕੀ ਸਾਰਿਆਂ ਨੇ ਆਪਣੇ ਪੈਸੇ ਵਾਪਸ ਕਰ ਦਿੱਤੇ ਸਨ। ਸਰ, ਦੂਸਰੇ ਪਾਸੇ ਇਸ ਦੇਸ਼ ਵਿੱਚ ਨੀਰਵ ਮੋਦੀ, ਲਲਿਤ ਮੋਦੀ, ਵਿਜੇ ਮਾਲੀਆ, ਹਜ਼ਾਰਾਂ-ਕਰੋੜਾਂ ਰੁਪਿਆਂ ਦੇ ਕਰਜ਼ੇ ਲੈ ਕੇ ਦੇਸ਼ ਨਾਲ ਧੋਖਾਧੜੀ ਕਰਕੇ ਚਲੇ ਗਏ ਪਰ ਇੱਕ ਮਜ਼ਦੂਰ ਹੈ, ਜੇ ਉਹ 50,000/- ਰੁਪਿਆ ਜਾਂ ਲੱਖ ਰੁਪਿਆ ਕਰਜ਼ਾ ਲੈਂਦਾ ਹੈ ਤਾਂ ਉਹ ਵੀ ਆਪਣੀ ਜ਼ਿੰਮੇਵਾਰੀ ਸਮਝਦਾ ਹੈ ਕਿ ਮੈਂ ਆਪਣਾ ਇਹ ਕਰਜ਼ਾ ਵਾਪਸ ਕਰਨਾ ਹੈ। ਸਰ, ਮੈਂ ਇੱਕ ਛੋਟੀ ਜਿਹੀ example ਦੇਣੀ ਚਾਹੁੰਦਾ ਹਾਂ, ਮੈਂ ਜੰਡਿਆਲਾ ਗੁਰੂ ਹਲਕੇ ਤੋਂ ਆਉਂਦਾ ਹਾਂ। ਸਾਡੇ ਘਰ ਦੇ ਨੇੜੇ ਇੱਕ ਸਰਦਾਰ ਨੱਥਾ ਸਿੰਘ ਨਾਂ ਦਾ ਲੜਕਾ ਹੈ। ਸਰ, ਜਿਸ ਦਿਨ ਮੇਰਾ ਜਨਮ ਹੋਇਆ ਸੀ, ਉਸ ਦਿਨ ਹੀ ਉਸ ਗਲੀ ਵਿੱਚ ਉਸ ਦਾ ਜਨਮ ਹੋਇਆ ਸੀ। ਸਰ, ਉਨ੍ਹਾਂ ਦਾ ਦੋ ਕੁ ਮਰਲੇ ਵਿੱਚ ਘਰ ਸੀ ਅਤੇ ਉਸ ਦੇ ਵੱਡੇ ਵਡੇਰਿਆਂ ਨੇ ਲਾਗੇ ਜਗ੍ਹਾ ਦੇ ਦਿੱਤੀ ਕਿ ਇੱਥੇ ਖੂਹ ਪੁੱਟ ਲਿਆ ਜਾਵੇ। ਉਸ ਸਮੇਂ ਵਿੱਚ ਪਾਣੀ ਦਾ ਕੋਈ ਪ੍ਰਬੰਧ ਨਹੀਂ ਸੀ। ਸਰ, ਉੱਥੇ ਉਨ੍ਹਾਂ ਨੇ ਖੂਹੀ ਪੁੱਟ ਦਿੱਤੀ ਔਰ ਸਾਰਾ ਮੁਹੱਲਾ, ਸਾਰਾ ਇਲਾਕਾ ਉੱਥੋਂ ਪਾਣੀ ਲੈਂਦਾ ਰਿਹਾ। ਸਰ, ਜਦੋਂ ਹੌਲੀ ਹੌਲੀ ਨਲਕੇ ਲੱਗੇ ਜਾਂ ਹੋਰ ਵਾਟਰ ਸਪਲਾਈ ਦੀਆਂ ਸਕੀਮਾਂ ਆਈਆਂ ਤਾਂ ਹੌਲੀ ਹੌਲੀ ਉਸ ਖੂਹੀ ਨੂੰ ਪੂਰ ਦਿੱਤਾ ਗਿਆ। ਮੈਂ ਪਿਛਲੇ ਦਿਨੀਂ ਉਨ੍ਹਾਂ ਦੇ ਘਰ ਗਿਆ, ਮੈਂ ਕਿਹਾ ਨੱਥਾ ਸਿੰਘ ਜੀ ਇਹ ਤੁਹਾਡੇ ਵੱਡੇ ਵਡੇਰਿਆਂ ਨੇ ਜਗ੍ਹਾ ਦਿੱਤੀ ਹੈ। ਤੁਸੀਂ ਇਸ ਨੂੰ ਲੈ ਲਓ, ਇਹ ਤੁਹਾਡੀ ਜਗ੍ਹਾ ਹੈ। ਸਰ, ਉਸ ਦਾ ਜਵਾਬ ਕੀ ਸੀ? ਕੋਈ ਨਹੀਂ, ਭਾਅ ਜੀ ਦੇਖਦੇ ਹਾਂ। ਮੈਂ ਸੋਚਿਆ ਕਿ ਸ਼ਾਇਦ ਪੈਸੇ ਨਹੀਂ ਹੋਣਗੇ, ਹਜ਼ਾਰ, ਦੋ ਹਜ਼ਾਰ ਇੱਟ ਚਾਹੀਦੀ ਹੋਵੇਗੀ। ਮੈਂ ਕਿਹਾ ਕਿ ਅਸੀਂ ਰਲ਼ ਮਿਲ ਕੇ ਕਰ ਲੈਂਦੇ ਹਾਂ। ਸਰ, ਉਸ ਦਾ ਜਵਾਬ ਸੀ ਕਿ ਗੱਲ ਪੈਸੇ ਦੀ ਨਹੀਂ ਹੈ ਜੀ, ਗੱਲ ਇਹ ਹੈ ਕਿ ਇਹ ਜਗ੍ਹਾ ਮੇਰੇ ਵੱਡ-ਵਡੇਰਿਆਂ ਨੇ ਦਾਨ ਕੀਤੀ ਸੀ, ਮੈਂ ਕਦੀ ਵਾਪਸ ਨਹੀਂ ਲਵਾਂਗਾ (ਥੰਪਿੰਗ)। ਸਰ, ਉਹ ਬੰਦਾ ਰਿਕਸ਼ਾ ਚਲਾਉਂਦਾ ਹੈ ਪਰ ਇੱਕ ਮਜ਼ਦੂਰ ਦੀ ਇੰਨੀ ਵੱਡੀ ਸੋਚ, ਜਿਹੜਾ ਆਪਣੇ ਆਪ ਵਿੱਚ ਹਮੇਸ਼ਾ satisfied ਰਹਿੰਦਾ ਹੈ। ਸਰ, ਉਸ ਵਰਗ ਵਾਸਤੇ ਜੇ ਅਸੀਂ ਨਾ ਕੁਝ ਕਰ ਸਕੀਏ ਤਾਂ ਸ਼ਾਇਦ ਸਾਨੂੰ ਆਉਣ ਵਾਲਾ ਸਮਾਂ ਕਦੇ ਮੁਆਫ਼ ਨਹੀਂ ਕਰੇਗਾ। ਸਰ, ਅੱਜ ਜਿਹੜਾ ਇਹ ਬਿਲ, ਮਤਾ ਲਿਆਂਦਾ ਗਿਆ ਹੈ, ਮੈਂ ਪੂਰੀ ਤਰ੍ਹਾਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ ਔਰ ਇਸ ਦੇ ਵਿੱਚ ਇਹ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਜਿੰਨੇ ਵੀ ਸੁਣ ਰਹੇ ਹਾਂ, ਸਾਨੂੰ ਵੀ ਆਪਣੀ ਨਿੱਜੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ ਅਤੇ ਅਸੀਂ ਕਿਤੇ ਨਾ ਕਿਤੇ ਜੋ ਕੁਝ ਵੀ ਇਸ ਕਿਰਤੀ ਵਰਗ ਵਾਸਤੇ ਕਰ ਸਕੀਏ, ਉਨ੍ਹਾਂ ਵਾਸਤੇ ਕਰਨਾ ਚਾਹੀਦਾ ਹੈ ਤਾਂ ਕਿ ਉਹ ਵੀ ਸਮਾਜ ਦਾ ਇੱਕ ਬਿਹਤਰੀਨ ਹਿੱਸਾ ਬਣ ਸਕਣ ਔਰ ਦੇਸ਼, ਕੌਮ ਅਤੇ ਸੂਬੇ ਦੀ ਉਸਾਰੀ ਵਿੱਚ ਆਪਣਾ ਯੋਗਦਾਨ ਪਾਉਂਦੇ ਹੋਏ ਸੂਬੇ ਨੂੰ ਹੋਰ ਉਪਰ ਲੈ ਕੇ ਜਾ ਸਕਣ। ਬਹੁਤ-ਬਹੁਤ ਧੰਨਵਾਦ, ਡਿਪਟੀ ਸਪੀਕਰ ਸਾਹਿਬ।

**ਮਾਣਯੋਗ ਡਿਪਟੀ ਸਪੀਕਰ**: ਮਾਣਯੋਗ ਮੈਂਬਰ ਪ੍ਰਿੰਸੀਪਲ ਬੁੱਧ ਰਾਮ ਜੀ।

**ਪ੍ਰਿੰਸੀਪਲ ਬੁੱਧ ਰਾਮ (ਬੁਢਲਾਡਾ, ਐਸ.ਸੀ.)** : ਡਿਪਟੀ ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਅੱਜ ਦੇ ਇਸ ਵਿਸ਼ੇਸ਼ ਦਿਵਸ ਦੇ ਉੱਤੇ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ। 1 ਮਈ, 1886 ਦਾ ਇਹ ਦਿਨ ਇਤਿਹਾਸ ਦੇ ਵਿੱਚ ਆਪਣੀਆਂ ਪੈੜਾਂ ਛੱਡਦਾ ਹੈ। ਇਹ ਸਿਰਫ ਇੱਕ ਦਿਨ ਹੀ ਨਹੀਂ ਹੈ, ਇਸ ਦਿਨ ਵਿੱਚ ਕਿਰਤੀਆਂ ਦਾ ਮੁੜ੍ਹਕਾ ਅਤੇ ਉਨ੍ਹਾਂ ਦੇ ਹਕੀਕੀ ਅਤੇ ਸੰਘਰਸ਼ਾਂ ਦੀ ਬਹੁਤ ਵੱਡੀ ਗਾਥਾ ਹੈ। ਇਸ ਤੋਂ ਪਹਿਲਾਂ ਕਿ ਮੈਂ ਹੋਰ ਗੱਲ ਕਰਾਂ, ਮੈਂ ਮਜ਼ਦੂਰ ਦਿਵਸ ਸਬੰਧੀ ਜੋ ਸ਼ਿਕਾਗੋ ਵਿੱਚ ਅੰਦੋਲਨ ਸ਼ੁਰੂ ਹੋਇਆ ਸੀ, ਉਸ ਦੀ ਗੱਲ ਕਰਾਂਗਾ। ਉਸ ਅੰਦੋਲਨ ਵਿੱਚ ਅਮਰੀਕਾ ਦੀ Federation of Organized Trades and Labor Union ਨੇ ਇਸ ਦਿਨ 12 ਹਜ਼ਾਰ ਕਾਰਖ਼ਾਨਿਆਂ ਦੇ ਲਗਭਗ 3 ਲੱਖ 40 ਹਜ਼ਾਰ ਮਜ਼ਦੂਰਾਂ ਨੂੰ ਪੂਰੇ ਦੇਸ਼ ਵਿੱਚ ਹੜਤਾਲ ਕਰਵਾਈ ਸੀ ਅਤੇ ਪਹਿਲੀ ਮਈ, 1886 ਨੂੰ ਇਹ ਹੜਤਾਲ ਹੋਈ ਸੀ। 4 ਮਈ, 1886 ਨੂੰ ਫਿਰ Haymarket Square ਵਿੱਚ ਸਾਰੇ ਮਜ਼ਦੂਰ ਇਕੱਠੇ ਹੋਏ। ਜਦੋਂ ਦੋਵੇਂ ਲੀਡਰ Albert Parsons ਅਤੇ August Spies ਬੋਲ ਰਹੇ ਸਨ ਤਾਂ ਉਸ ਵਕਤ ਦੀ ਸਰਮਾਏਦਾਰ ਸਰਕਾਰ ਨੇ ਬੜੀ ਚਲਾਕੀ ਦੇ ਨਾਲ ਅਚਨਚੇਤ ਬੰਬ ਧਮਾਕਾ ਕੀਤਾ, ਜਿਸ ਨਾਲ 7 ਪੁਲਿਸ ਮੈਨ ਅਤੇ 4 ਸਿਵਲੀਅਨ ਮਜ਼ਦੂਰ ਮਾਰੇ ਗਏ ਸਨ। ਇਸ ਤੋਂ ਬਾਅਦ ਵੱਡੇ ਪੱਧਰ 'ਤੇ ਗ੍ਰਿਫ਼ਤਾਰੀਆਂ ਹੋਈਆਂ ਅਤੇ ਗ੍ਰਿਫ਼ਤਾਰੀਆਂ ਹੋਣ ਤੋਂ ਬਾਅਦ ਫੜੋ-ਫੜੀ ਸ਼ੁਰੂ ਹੋ ਗਈ। ਮਜ਼ਦੂਰਾਂ ਦੇ ਉਪਰ ਬਹੁਤ ਜਬਰ ਹੋਇਆ ਤਾਂ 7 ਬੰਦਿਆਂ ਨੂੰ 11 ਨਵੰਬਰ, 1887 ਨੂੰ ਫਾਂਸੀ ਦਿੱਤੀ ਗਈ। ਉਹ ਮਜ਼ਦੂਰ ਦਿਵਸ ਦੇ ਪਹਿਲੇ ਸ਼ਹੀਦ ਸਨ। ਸਰ, ਮੈਂ ਉਨ੍ਹਾਂ ਦਾ ਬੜੇ ਸਤਿਕਾਰ ਨਾਲ ਨਾਂ ਲੈਂਦਾ ਹਾਂ-Samuel Fielden, Albert Parsons, Louis Lingg, August Spies, Adolph Fischer ਅਤੇ George Engel. ਸੱਤਵਾਂ ਜਿਹੜਾ Oscar Neebe ਸੀ, ਉਸ ਨੂੰ 15 ਸਾਲ ਦੀ ਸਜ਼ਾ ਹੋਈ ਸੀ। ਇਸ ਤੋਂ ਬਾਅਦ ਦੁਨੀਆ ਵਿੱਚ ਏਜੰਡਾ ਹੀ ਬਦਲ ਗਿਆ। ਜਹਾਨ ਵਿੱਚ ਜਦੋਂ ਮਜ਼ਦੂਰਾਂ ਦੀ ਇੰਨੀ ਵੱਡੀ ਕ੍ਰਾਂਤੀ ਆਈ ਤਾਂ ਇਹ ਏਜੰਡਾ ਹੀ ਬਦਲ ਗਿਆ, ਜਿਹੜੀਆਂ ਦੇਸ਼ ਦੀਆਂ ਸਕੀਮਾਂ ਸਨ, ਉਨ੍ਹਾਂ ਉੱਤੇ ਇਸ ਦਾ ਬਹੁਤ ਵੱਡਾ ਅਸਰ ਪਿਆ ਕਿਉਂਕਿ ਇਹ ਕੋਈ ਇਕਦਮ ਚਲਿਆ ਅੰਦੋਲਨ ਨਹੀਂ ਸੀ, ਜਿਵੇਂ ਪਹਿਲਾਂ ਸਾਡੇ ਮੰਤਰੀ ਸਾਹਿਬ ਨੇ ਦੱਸਿਆ ਹੈ ਕਿ 1848 ਵਿੱਚ ਜਦੋਂ Karl Marx ਅਤੇ Friedrich Engels ਨੇ The Communist Manifesto ਦੇ ਮਜ਼ਦੂਰਾਂ ਦੇ ਹੱਕਾਂ ਦੀ ਅਵਾਜ਼ ਬੁਲੰਦ ਕੀਤੀ ਅਤੇ ਕਿਹਾ ਕਿ ਦੁਨੀਆ ਭਰ ਦੇ ਮਜ਼ਦੂਰ ਇੱਕ ਹੋ ਜਾਵੋ ਤਾਂ 1866 ਵਿੱਚ ਇਸ ਤਰ੍ਹਾਂ ਦੀ ਇੱਕ ਪਹਿਲੀ ਲੀਗ ਬਣੀ, ਇਨ੍ਹਾਂ ਮਜ਼ਦੂਰਾਂ ਤੋਂ ਪਹਿਲਾਂ ਜਿਵੇਂ 12, 16, 24 ਘੰਟੇ ਜਾਂ ਦਿਨ ਰਾਤ ਕੰਮ ਲਿਆ ਜਾਂਦਾ ਸੀ ਤਾਂ ਇਸ ਦੇ ਤਹਿਤ ਦਿਨ ਵਿੱਚ 8 ਘੰਟੇ ਲਈ ਹੀ ਕੰਮ ਕਰਨ ਸਬੰਧੀ ਹੜਤਾਲ ਸ਼ੁਰੂ ਕੀਤੀ ਗਈ ਸੀ। ਇਸ ਤਰ੍ਹਾਂ ਮੈਂ ਸਮਝਦਾ ਹਾਂ ਕਿ ਜਿਹੜਾ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ, ਅੱਜ ਦੁਨੀਆ ਭਰ ਵਿੱਚ ਮਨਾਇਆ ਜਾਂਦਾ ਹੈ। ਕਈ ਥਾਵਾਂ 'ਤੇ ਛੁੱਟੀ ਹੁੰਦੀ ਹੈ ਅਤੇ ਕਈ ਥਾਵਾਂ ਵਿੱਚ ਨਹੀਂ ਹੁੰਦੀ। ਸਾਡੇ ਦੇਸ਼ ਵਿੱਚ ਇਸ ਦਿਨ ਨੂੰ ਕੌਮੀ ਛੁੱਟੀ ਨਾ ਐਲਾਨੇ ਜਾਣ ਕਰਕੇ ਅਤੇ ਇਸ ਦਿਨ ਨੂੰ ਛੁੱਟੀ ਘੋਸ਼ਿਤ ਕਰਨ ਦਾ ਅਧਿਕਾਰ ਰਾਜ ਸਰਕਾਰਾਂ ਨੂੰ ਦਿੱਤੇ ਜਾਣ ਕਰਕੇ ਕੇਂਦਰ ਸਰਕਾਰ ਨੇ ਮਜ਼ਦੂਰ ਵਰਗ ਨਾਲ ਬਹੁਤ ਵੱਡਾ ਧੋਖਾ ਕੀਤਾ ਹੈ। ਰਾਜਾਂ ਕੋਲ ਅਧਿਕਾਰ ਹੈ ਕਿ ਸੀ.ਐਮ. ਛੁੱਟੀ ਕਰ ਸਕਦਾ ਹੈ ਪਰੰਤੂ ਸੈਂਟਰ ਸਰਕਾਰ ਨੇ ਕੌਮੀ ਛੁੱਟੀ ਨਹੀਂ ਕੀਤੀ। ਇਹ ਮੋਦੀ ਸਰਕਾਰ ਦਾ ਮਜ਼ਦੂਰਾਂ ਪ੍ਰਤੀ ਧੋਖਾ ਹੈ। ਮੈਂ ਅੱਜ ਸਮਝਦਾ ਹਾਂ ਕਿ ਮੁੱਖ ਮੰਤਰੀ ਸਾਹਿਬ, ਸਾਡੀ ਸਰਕਾਰ ਮਜ਼ਦੂਰਾਂ ਵਾਸਤੇ ਕੀ ਕੁਝ ਕਰ ਰਹੀ ਹੈ। ਇਹ ਦੇਖਣ ਵਾਲੀ ਵੱਡੀ ਗੱਲ ਹੈ ਕਿ ਅਸੀਂ ਮਜ਼ਦੂਰਾਂ ਵਾਸਤੇ 10 ਲੱਖ ਰੁਪਏ ਦਾ ਬੀਮਾ ਸ਼ੁਰੂ ਕੀਤਾ ਹੈ ਜਾਂ ਅਸੀਂ ਆਮ ਆਦਮੀ ਕਲੀਨਿਕ ਖੋਲ੍ਹ ਕੇ ਉਨ੍ਹਾਂ ਨੂੰ ਮੁਫਤ ਦਵਾਈਆਂ ਦੇ ਰਹੇ ਹਾਂ, ਮੁਫਤ ਟੈਸਟ ਕਰ ਰਹੇ ਹਾਂ। ਇਹ ਮਜ਼ਦੂਰਾਂ ਦੇ ਹੱਕਾਂ ਵਾਸਤੇ ਅਸੀਂ ਇੱਕ ਵੱਡਾ ਕੰਮ ਕੀਤਾ ਹੈ, ਜੋ ਪਹਿਲਾਂ ਕਦੇ ਕਿਸੇ ਸਰਕਾਰ ਨੇ ਨਹੀਂ ਕੀਤਾ। ਇਤਿਹਾਸ ਵਿੱਚ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਮਜ਼ਦੂਰਾਂ ਵਾਸਤੇ

ਦਵਾਈਆਂ ਫਰੀ ਦਿੱਤੀਆਂ ਗਈਆਂ ਹਨ। ਮੈਂ ਇਹ ਗੱਲ ਕਿਉਂ ਕਹਿ ਰਿਹਾ ਹਾਂ, ਜਿਹੜਾ ਅਮੀਰ ਬੰਦਾ ਹੈ, ਚੰਗਾ-ਭਲਾ ਹੈ ਉਹ ਆਪਣਾ ਇਲਾਜ ਲੱਖ-ਦੋ ਲੱਖ ਰੁਪਿਆ ਲਗਾ ਕੇ ਕਰਵਾ ਸਕਦਾ ਹੈ। ਔਖਾ ਕਿਸ ਨੂੰ ਹੈ? ਇੱਕ ਮਜ਼ਦੂਰ ਨੂੰ, ਕਾਮੇ ਨੂੰ ਹੀ ਦਿੱਕਤ ਆਉਂਦੀ ਹੈ, ਜਿਹੜਾ ਡਾਕਟਰ ਕੋਲ ਜਾਂਦਾ ਹੈ, ਡਾਕਟਰ ਪਰਚੀ ਲਿਖ ਦਿੰਦਾ ਹੈ। ਬਾਹਰ ਦਵਾਈ 500 ਰੁਪਏ ਦੀ ਹੈ, 1000 ਜਾਂ 1500 ਰੁਪਏ ਦੀ ਦਵਾਈ ਹੈ, ਉਨ੍ਹਾਂ ਲਈ ਇਲਾਜ ਕਰਵਾਉਣਾ ਬਹੁਤ ਔਖਾ ਹੋ ਜਾਂਦਾ ਹੈ। ਸਾਡੀ ਸਰਕਾਰ ਨੇ, ਸਰਦਾਰ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ 10 ਲੱਖ ਰੁਪਏ ਦਾ ਸਿਹਤ ਬੀਮਾ ਕਾਰਡ ਅਤੇ ਸਾਰੇ ਆਮ ਆਦਮੀ ਕਲੀਨਿਕਾਂ ਵਿੱਚ ਮੁਫਤ ਦਵਾਈ ਦੇ ਕੇ ਇੱਕ ਗਰੀਬ ਨੂੰ, ਮਜ਼ਦੂਰ ਨੂੰ ਬਹੁਤ ਵੱਡਾ ਸਹਾਰਾ ਦਿੱਤਾ ਹੈ। ਇਹ ਸਾਡੀ ਸਰਕਾਰ ਦੀ ਉਸ ਮਜ਼ਦੂਰ ਨੂੰ ਬਹੁਤ ਵੱਡੀ ਦੇਣ ਹੈ।

ਅਗਲੀ ਵੱਡੀ ਗੱਲ, ਸਰਦਾਰ ਹਰਜੋਤ ਸਿੰਘ ਬੈਂਸ ਜੀ ਬੈਠੇ ਹਨ, ਸਿੱਖਿਆ ਕ੍ਰਾਂਤੀ ਤਹਿਤ ਇਨ੍ਹਾਂ ਚਾਰ ਸਾਲਾਂ ਵਿੱਚ ਸਰਕਾਰੀ ਸਕੂਲਾਂ ਵਿੱਚ ਬਹੁਤ ਵੱਡਾ ਇਨਫ੍ਰਾਸਟ੍ਰਕਚਰ ਖੜ੍ਹਾ ਕੀਤਾ ਹੈ। ਤੁਸੀਂ ਜਾ ਕੇ ਦੇਖੋ, ਮੈਂ ਤਾਂ ਉੱਥੇ 40 ਸਾਲ ਬੱਚਿਆਂ ਨੂੰ ਪੜ੍ਹਾਇਆ ਹੈ, ਉਥੇ 80-85 ਪ੍ਰਤੀਸ਼ਤ ਮਜ਼ਦੂਰਾਂ ਦੇ ਬੱਚੇ ਹਨ। ਜਿਹੜਾ ਵੀ ਆਰਥਿਕ ਪੱਖੋਂ ਥੋੜ੍ਹਾ ਚੰਗਾ ਹੋ ਜਾਂਦਾ ਹੈ, ਉਹ ਆਪਣੇ ਬੱਚਿਆਂ ਨੂੰ ਟਾਈਆਂ ਵਾਲੇ ਸਕੂਲਾਂ ਵਿੱਚ ਲਗਾ ਦਿੰਦਾ ਹੈ। ਸਾਰੇ ਸਕੂਲਾਂ ਦਾ ਪ੍ਰਾਈਵੇਟਕਰਨ ਹੋ ਗਿਆ ਹੈ। ਪਿਛਲੀਆਂ ਸਰਕਾਰਾਂ ਨੇ ਸਰਕਾਰੀ ਸਕੂਲ ਫੇਲ੍ਹ ਕਰ ਦਿੱਤੇ, ਸਰਕਾਰੀ ਹਸਪਤਾਲ ਫੇਲ੍ਹ ਕਰ ਦਿੱਤੇ। ਅੱਜ ਪਬਲਿਕ ਸੈਕਟਰ ਵਿੱਚ ਜੇ ਕੋਈ ਕੰਮ ਕਰ ਰਹੀ ਹੈ ਤਾਂ ਸਾਡੀ ਆਮ ਆਦਮੀ ਪਾਰਟੀ ਦੀ ਸਰਕਾਰ ਕਰ ਰਹੀ ਹੈ। ਸਰਕਾਰੀ ਸਕੂਲਾਂ ਦਾ ਇਨਫ੍ਰਾਸਟ੍ਰਕਚਰ ਇੰਨਾ ਡਿਵੈਲਪ ਕਰਨਾ, ਇਹ ਸਾਡੀ ਸਰਕਾਰ ਦੀ ਮਜ਼ਦੂਰਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੈ, ਉਨ੍ਹਾਂ ਪ੍ਰਤੀ, ਜਿਨ੍ਹਾਂ ਨੇ ਮਜ਼ਦੂਰ ਦਿਵਸ ਸ਼ੁਰੂ ਕੀਤਾ ਸੀ। ਜੇਕਰ ਅੱਜ ਉਥੇ 80% ਗਰੀਬਾਂ ਦੇ ਬੱਚੇ ਪੜ੍ਹਦੇ ਹਨ, ਉਨ੍ਹਾਂ ਵਾਸਤੇ ਫਰੀ ਵਰਦੀਆਂ ਦਿੱਤੀਆਂ ਜਾਂਦੀਆਂ ਹਨ, ਉਨ੍ਹਾਂ ਵਾਸਤੇ ਮੁਫ਼ਤ ਖਾਣਾ ਮਿਡ-ਡੇਅ-ਮੀਲ ਸਕੀਮ ਰਾਹੀਂ ਦਿੱਤਾ ਜਾਂਦਾ ਹੈ। ਸਾਡੇ ਸਕੂਲਾਂ ਵਿੱਚ ਇਨਫ੍ਰਾਸਟ੍ਰਕਚਰ ਇੰਨਾ ਵਧੀਆ ਹੈ, ਮੇਰੇ ਹਲਕੇ ਵਿੱਚ ਜਾ ਕੇ ਦੇਖੋ, ਅਜਿਹੇ ਸ਼ਾਨਦਾਰ ਸਕੂਲ ਹਨ ਕਿ ਪ੍ਰਾਈਵੇਟ ਸਕੂਲ ਵੀ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਇਹ ਸਭ ਸਾਡੀ ਸਰਕਾਰ ਦੀ ਮਜ਼ਦੂਰਾਂ ਪ੍ਰਤੀ ਵਧੀਆ ਸੋਚ ਹੈ। ਇਸ ਸੋਚ ਨੂੰ ਸਲਾਮ ਕਰਨਾ ਚਾਹੀਦਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਪਹਿਲਾਂ ਸਕੂਲਾਂ ਵਾਸਤੇ ਸਿੱਖਿਆ ਕ੍ਰਾਂਤੀ ਜਾਂ ਸਿਹਤ ਖੇਤਰ ਵਾਸਤੇ ਸਿਹਤ ਕ੍ਰਾਂਤੀ ਨਾਂ ਦੀ ਚੀਜ਼ ਪਿਛਲੀਆਂ ਸਰਕਾਰਾਂ ਨੇ ਲਿਆ ਕੇ ਨਹੀਂ ਦਿੱਤੀ, ਜਿਹੜੇ ਅੱਜ ਇੱਥੋਂ ਵਾਕ ਆਊਟ ਕਰ ਗਏ ਹਨ। ਇਹ ਸਭ ਆਮ ਆਦਮੀ ਪਾਰਟੀ ਦੇ ਹਿੱਸੇ ਆਇਆ ਹੈ।

ਅਗਲੀ ਗੱਲ ਮੈਂ ਕਰ ਰਿਹਾ ਸੀ ਕਿ ਸੌਂਦ ਸਾਹਿਬ ਨੇ ਦੱਸਿਆ ਹੈ ਕਿ ਪਹਿਲਾਂ ਲੇਬਰ ਬੋਰਡ, ਯੂਨੀਅਨ ਬੋਰਡ, ਕਿਰਤ ਭਲਾਈ ਸਕੀਮਾਂ ਵਾਸਤੇ ਨਾ-ਮਾਤਰ ਪੈਸੇ ਖਰਚੇ ਜਾਂਦੇ ਸਨ ਪਰੰਤੂ ਅਸੀਂ ਕਈ ਗੁਣਾ ਵੱਧ ਪੈਸੇ ਦੇ ਕੇ ਉਨ੍ਹਾਂ ਨੂੰ ਸਲਾਮਤ ਕੀਤਾ ਹੈ। ਮੈਂ ਲਾਸਟ ਗੱਲ ਕਰਨਾ ਚਾਹੁੰਦਾ ਹਾਂ। ਮੋਦੀ ਸਰਕਾਰ ਨੇ ਸਾਰੇ ਲੇਬਰ ਕਾਨੂੰਨਾਂ ਵਿੱਚ ਵੱਡੀਆਂ ਸੋਧਾਂ ਕੀਤੀਆਂ ਹਨ। ਸ਼ਾਇਦ ਤੁਹਾਨੂੰ ਨਹੀਂ ਪਤਾ, ਮੈਂ ਤੁਹਾਡੇ ਜ਼ਰੀਏ ਦੱਸਣਾ ਚਾਹੁੰਦਾ ਹਾਂ ਕਿ ਇਸ ਤੋਂ ਪਹਿਲਾਂ ਚਾਰ ਵੱਡੇ ਐਕਟ ਕੰਮ ਕਰਦੇ ਸਨ। ਜਦੋਂ ਬਾਬਾ ਸਾਹਿਬ ਡਾ. ਅੰਬੇਦਕਰ ਸਾਲ 1936 ਵਿੱਚ ਮਨਿਸਟਰ ਕੌਂਸਲ ਦੇ ਮੈਂਬਰ ਸਨ, ਉਦੋਂ ਸਭ ਤੋਂ ਪਹਿਲਾਂ ਉਜਰਤਾਂ ਭੁਗਤਾਨ ਐਕਟ ਬਣਿਆ ਸੀ। ਉਸ ਤੋਂ ਬਾਅਦ ਸਾਲ 1948 ਵਿੱਚ ਘੱਟੋ-ਘੱਟ ਉਜਰਤਾਂ ਐਕਟ ਬਣਿਆ ਸੀ। ਉਸ ਤੋਂ ਬਾਅਦ ਸਾਲ 1965 ਵਿੱਚ ਬੋਨਸ ਭੁਗਤਾਨ ਐਕਟ ਅਤੇ ਸਾਲ 1976 ਵਿੱਚ ਬਰਾਬਰ ਉਜਰਤਾਂ ਐਕਟ ਬਣਿਆ ਸੀ। ਅੱਜ ਮੋਦੀ ਸਰਕਾਰ ਨੇ ਪਹਿਲਾਂ ਕਿਸਾਨਾਂ ਦਾ ਗਲ਼ਾ ਘੁੱਟਿਆ, ਫੇਰ ਨਰੇਗਾ ਬੰਦ ਕਰਕੇ ਮਜ਼ਦੂਰਾਂ ਦਾ ਗਲ਼ਾ ਘੁੱਟਿਆ, ਹੁਣ ਜਿਹੜੇ ਸਾਰੇ ਮਜ਼ਦੂਰ ਉਜਰਤਾਂ ਲੈਂਦੇ ਸੀ, ਉਨ੍ਹਾਂ ਦਾ ਗਲ਼ਾ ਘੁੱਟ ਕੇ, ਜਿਹੜੇ ਚਾਰ ਐਕਟ ਬਣਾਏ ਗਏ ਸੀ, ਜਿਨ੍ਹਾਂ ਰਾਹੀਂ ਬਰਾਬਰ ਅਧਿਕਾਰ ਮਿਲਦਾ ਸੀ, ਉਨ੍ਹਾਂ

ਨੂੰ ਬਦਲ ਕੇ ਚਾਰ ਲੇਬਰ ਕੋਡਾਂ ਵਿੱਚ ਬਦਲ ਦਿੱਤਾ ਹੈ। ਹੁਣ ਪਾਰਲੀਮੈਂਟ ਵਿੱਚ ਚਾਰ ਲੇਬਰ ਕੋਡ ਪਾਸ ਹੋਏ ਹਨ। ਇਨ੍ਹਾਂ ਚਾਰ ਲੇਬਰ ਕੋਡਾਂ ਨਾਲ ਸਾਡੇ ਮਜ਼ਦੂਰ ਹੋਰ ਪਸੀਨੇ ਵਿੱਚ ਪਸੀਜ ਗਏ ਹਨ। ਜਿਹੜੀ ਪਹਿਲਾਂ ਅੱਠ ਘੰਟੇ ਦੀ ਮਜ਼ਦੂਰੀ ਹੁੰਦੀ ਸੀ, ਉਹ ਹੁਣ 12 ਘੰਟੇ ਤੱਕ ਦੀ ਲਾਜ਼ਮੀ ਹੋ ਜਾਵੇਗੀ। ਜੇਕਰ ਮੈਂ ਸਵਾਲ ਕਰਾਂ ਤਾਂ ਮੋਦੀ ਸਰਕਾਰ ਦੇ ਨਵੇਂ ਬਣੇ ਉਜਰਤਾਂ ਕੋਡ, 2020 ਵਿੱਚ ਗੈਰ ਰਸਮੀ ਅਤੇ ਗੈਰ ਸੰਗਠਨ ਖੇਤਰ ਵਿੱਚ ਕੰਮ ਕਰਦੇ ਮਜ਼ਦੂਰਾਂ ਵਾਸਤੇ ਕੁਝ ਨਹੀਂ ਕਿਹਾ ਗਿਆ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਸਿਰਫ 10% ਲੋਕ ਹੀ ਟਰੇਡ ਯੂਨੀਅਨਾਂ ਦੇ ਮੈਂਬਰ ਹਨ। 90% ਮਜ਼ਦੂਰ ਗੈਰ ਸੰਗਠਨ ਖੇਤਰ ਦੇ ਮਜ਼ਦੂਰ ਹਨ। ਇਨ੍ਹਾਂ 90% ਮਜ਼ਦੂਰਾਂ ਨੂੰ ਜਿਹੜੇ ਪਹਿਲਾਂ ਅਧਿਕਾਰ ਮਿਲਦੇ ਸਨ, ਉਹ ਮੋਦੀ ਸਰਕਾਰ ਨੇ ਸਾਰੇ ਖੋਹ ਕੇ ਮਾਲਕਾਂ ਨੂੰ ਦੇ ਦਿੱਤੇ ਹਨ। ਘੱਟੋ-ਘੱਟ ਉਜਰਤਾਂ ਨਿਰਧਾਰਤ ਕਰਨ ਵਾਸਤੇ ਮੋਦੀ ਸਰਕਾਰ ਦਾ ਕਾਨੂੰਨ ਚੁੱਪ ਹੈ ਕਿਉਂਕਿ ਉਜਰਤਾਂ ਨਿਰਧਾਰਤ ਕਰਨ ਵਿੱਚ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਸਹੂਲਤ ਹੁੰਦੀ ਹੈ। ਉਜਰਤਾਂ ਨੂੰ ਧਿਆਨ ਵਿੱਚ ਰੱਖ ਕੇ ਵਾਧਾ ਕੀਤਾ ਜਾਂਦਾ ਹੈ ਜਿਵੇਂ ਕਿ ਪੋਸ਼ਣ, ਕੱਪੜੇ, ਬਾਲਣ, ਰੋਸ਼ਨੀ, ਸਿੱਖਿਆ, ਸਿਹਤ ਸੰਭਾਲ, ਬੁਢਾਪੇ ਵਿੱਚ ਹੋਣ ਵਾਲੇ ਖਰਚਿਆਂ ਨੂੰ ਦੇਖ ਕੇ ਹੀ ਉਜਰਤ ਤੈਅ ਕੀਤੀ ਜਾਂਦੀ ਹੈ। ਇਹ ਸਾਰੀਆਂ ਗੱਲਾਂ ਉਨ੍ਹਾਂ ਨੇ ਵਿੱਚੋਂ ਮਾਈਨਸ ਕਰ ਦਿੱਤੀਆਂ। ਅਗਲੀ ਮੋਦੀ ਸਰਕਾਰ ਨੇ ਜੋ ਉਜਰਤਾਂ ਕੋਡ, 2020 ਦੇ ਵਿੱਚ ਨਵੇਂ ਕੋਡ ਲਗਾਏ ਹਨ, ਉਨ੍ਹਾਂ ਵਿੱਚੋਂ ਜਿਹੜੇ ਪਹਿਲਾਂ ਚਾਰੇ ਕਾਨੂੰਨ ਸੀ, ਜਿਹੜੇ ਮਜ਼ਦੂਰਾਂ ਨੂੰ ਆਪਣੇ ਹੱਕ ਲੈਣ ਵਾਸਤੇ ਕਾਨੂੰਨੀ ਗਰੰਟੀ ਦਿੰਦੇ ਸੀ, ਉਹ ਸਾਰੇ ਰੱਦ ਕਰਕੇ ਇਨ੍ਹਾਂ ਨੇ ਨਵੇਂ ਕਾਨੂੰਨ ਵਿੱਚ ਮਜ਼ਦੂਰਾਂ ਨੂੰ ਠੇਕੇਦਾਰਾਂ ਦੇ ਰਹਿਮੋ-ਕਰਮ ਉੱਤੇ ਛੱਡ ਦਿੱਤਾ। ਠੇਕੇਦਾਰ ਮਜ਼ਦੂਰ ਨੂੰ ਪੈਸੇ ਘੱਟ ਦੇਵੇ ਜਾਂ ਵੱਧ ਦੇਵੇ, ਇਹ ਸਭ ਠੇਕੇਦਾਰ ਉੱਤੇ ਡਿਪੈਂਡ ਕਰਦਾ ਹੈ। ਮੋਦੀ ਜੀ ਨੇ ਜਿਹੜੀ ਵੱਡੀ ਗੱਲ ਕੀਤੀ ਹੈ, ਪਹਿਲਾਂ ਵਿਭਾਗ ਵਿੱਚ ਲੇਬਰ ਇੰਸਪੈਕਟਰ ਹੁੰਦੇ ਸੀ ਅਤੇ ਉਨ੍ਹਾਂ ਤੋਂ ਉੱਪਰ ਅਫ਼ਸਰਸ਼ਾਹੀ ਦਾ ਇੱਕ ਢਾਂਚਾ ਹੁੰਦਾ ਸੀ, ਉਹ ਜਾ ਕੇ ਕਾਰਖਾਨਿਆਂ ਦਾ ਨਿਰੀਖਣ ਕਰਦੇ ਹੁੰਦੇ ਸੀ। ਮਜ਼ਦੂਰਾਂ ਵਾਸਤੇ ਲੇਬਰ ਕੋਰਟਾਂ ਬਣੀਆਂ ਹੁੰਦੀਆਂ ਸੀ। ਜਿਹੜੀਆਂ ਨਵੀਆਂ ਲੇਬਰ ਕੋਰਟਾਂ ਹਨ, ਉਨ੍ਹਾਂ ਵਿੱਚ ਨਿਰੀਖਣ ਪ੍ਰਣਾਲੀ ਬਿਲਕੁਲ ਖਤਮ ਕਰ ਦਿੱਤੀ ਗਈ ਹੈ। ਹੁਣ ਇੰਸਪੈਕਟਰ ਚੈੱਕ ਨਹੀਂ ਕਰਦੇ, ਉਹ ਪ੍ਰਣਾਲੀ ਖਤਮ ਕਰ ਦਿੱਤੀ ਹੈ। ਇੰਸਪੈਕਟਰ ਸਿਰਫ ਮਾਲਕਾਂ ਨੂੰ ਸਲਾਹ ਦੇ ਸਕਦੇ ਹਨ ਜਾਂ ਇੰਸਪੈਕਟਰ ਨੂੰ ਸਿਰਫ ਜਾਣਕਾਰੀ ਦੇਣ ਦਾ ਇੱਕ ਪੁਰਜਾ ਬਣਾ ਦਿੱਤਾ ਹੈ। ਤੁਸੀਂ ਵੀ ਦੇਖ ਸਕਦੇ ਹੋ ਕਿ ਹੁਣ ਕਿਸੇ ਵੀ ਮਜ਼ਦੂਰ ਦਾ ਹੱਕ ਖੋਹ ਕੇ ਪੂੰਜੀਪਤੀਆਂ ਅਤੇ ਕਾਰਖਾਨਿਆਂ ਦੇ ਮਾਲਕਾਂ ਦੇ ਪੱਖ ਪੂਰਨ ਵਾਲਾ ਕਾਨੂੰਨ ਬਣਾ ਦਿੱਤਾ ਹੈ, ਜਿਹੜਾ ਲੇਬਰ ਕੋਡ ਬਣਾਇਆ ਹੈ।

ਲਾਸਟ ਵਿੱਚ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪਹਿਲਾਂ ਜਿਹੜਾ ਮਜ਼ਦੂਰਾਂ ਦਾ ਉਜਰਤਾਂ ਸਬੰਧੀ ਕੋਈ ਝਗੜਾ ਹੁੰਦਾ ਸੀ, ਉਹ ਕੌਣ ਨਿਬੇੜਦਾ ਸੀ? ਪਹਿਲਾਂ ਮਜ਼ਦੂਰ ਮਾਲਕਾਂ ਕੋਲ ਉਜਰਤਾਂ ਦੇ ਝਗੜਿਆਂ ਬਾਰੇ ਨਿਬੇੜਾ ਕਰਦਾ ਸੀ, ਆਪਸੀ ਗੱਲਬਾਤ ਹੁੰਦੀ ਸੀ। ਕਾਨੂੰਨੀ ਨਿਆਂ ਲਈ ਕੇਸ ਜਾਂਦਾ ਹੁੰਦਾ ਸੀ, ਅਪੀਲ ਅਥਾਰਿਟੀ ਹੁੰਦੀ ਸੀ। ਜੇ ਇਸ ਸਭ ਕੁਝ ਤੋਂ ਬਾਅਦ ਵੀ ਮਜ਼ਦੂਰਾਂ ਨੂੰ ਨਿਆਂ ਨਹੀਂ ਮਿਲਦਾ ਸੀ ਤਾਂ ਉਹ ਸਿਵਲ ਕੋਰਟ ਜਾਂ ਲੇਬਰ ਕੋਰਟ ਤੱਕ ਜਾ ਸਕਦੇ ਸੀ ਪ੍ਰੰਤੂ ਮੋਦੀ ਸਾਹਿਬ ਨੇ ਅਤੇ ਕੇਂਦਰ ਦੀ ਪਿਛਲੀ ਸਰਕਾਰ ਨੇ ਜਿਹੜੇ ਨਵੇਂ ਲੇਬਰ ਕੋਡਜ਼ ਦਰਜ ਕੀਤੇ ਹਨ, ਉਨ੍ਹਾਂ ਤਹਿਤ ਸਿਵਲ ਕੋਰਟ ਵਿੱਚ ਜਾਣ ਦਾ ਰਸਤਾ ਖਤਮ ਕਰ ਦਿੱਤਾ ਹੈ। ਉਨ੍ਹਾਂ ਨੇ ਲੇਬਰ ਕੋਰਟ ਵਿੱਚ ਜਾਣ ਦਾ ਰਸਤਾ ਹੀ ਖਤਮ ਕਰ ਦਿੱਤਾ ਹੈ। ਜੇ ਤੁਸੀਂ ਅਪੀਲ ਅਥਾਰਿਟੀ ਦੇ ਵਿੱਚ ਜਾਣਾ ਚਾਹੁੰਦੇ ਹੋ, ਜਿੱਥੇ ਐਸ.ਡੀ.ਐਮ. ਜਾਂ ਡੀ.ਸੀ. ਮਾਲਕ ਹੁੰਦਾ ਹੈ, ਉਸ ਵਿੱਚ ਤੁਸੀਂ ਜਾ ਸਕਦੇ ਹੋ। ਇਸ ਤੋਂ ਬਾਅਦ ਤੁਸੀਂ ਅੱਗੇ ਨਹੀਂ ਜਾ ਸਕਦੇ। ਜਿਹੜੇ ਐਸ.ਡੀ.ਐਮ.ਤੇ ਡੀ.ਸੀਜ਼ ਹਨ, ਉਹ ਜਦੋਂ ਲੱਗਦੇ ਹਨ ਤਾਂ ਆਮ ਤੌਰ 'ਤੇ ਸਰਕਾਰਾਂ ਦੇ ਹੱਕ ਵਿੱਚ ਲੱਗਦੇ ਹਨ। ਉਹ ਸਰਕਾਰਾਂ ਅਤੇ ਵੱਡੇ ਸਰਮਾਏਦਾਰਾਂ ਦੇ ਪੱਖ ਪੂਰਦੇ ਹਨ। ਜਿਹੜੇ ਮੋਦੀ ਸਰਕਾਰ ਵੱਲੋਂ ਨਵੇਂ ਲੇਬਰ ਕੋਡ ਲਾਗੂ ਕੀਤੇ

ਗਏ ਹਨ, ਉਨ੍ਹਾਂ ਵਿੱਚ ਮਜ਼ਦੂਰਾਂ ਨੂੰ ਬਹੁਤ ਘੱਟ ਨਿਆਂ ਮਿਲਣ ਦੀ ਆਸ ਹੈ। ਸੋ, ਅਸੀਂ ਅੱਜ ਇਸ ਮਜ਼ਦੂਰ ਦਿਵਸ ਉੱਤੇ ਉਨ੍ਹਾਂ ਲੇਬਰ ਕੋਡਾਂ ਦੀ ਸਖਤ ਨਿਖੇਧੀ ਕਰਦੇ ਹਾਂ ਅਤੇ ਆਸ ਕਰਦੇ ਹਾਂ ਕਿ ਤੁਸੀਂ ਮਜ਼ਦੂਰਾਂ ਦੇ ਹੱਕਾਂ ਦੀ ਹਮੇਸ਼ਾ ਰਾਖੀ ਕਰੋਗੇ। ਮੈਂ ਬੇਨਤੀ ਕਰਦਾ ਹਾਂ ਕਿ ਸੂਈ ਤੋਂ ਲੈ ਕੇ ਜਹਾਜ਼ ਤੱਕ ਜੇਕਰ ਕੋਈ ਵੀ ਚੀਜ਼ ਬਣਾਉਂਦਾ ਹੈ ਤਾਂ ਉਹ ਸਾਡਾ ਮਜ਼ਦੂਰ ਬਣਾਉਂਦਾ ਹੈ। ਸੂਈ ਤੋਂ ਲੈ ਕੇ ਜਹਾਜ਼ ਤੱਕ ਬਣਾਉਣ ਲਈ ਸਾਡੇ ਮਜ਼ਦੂਰਾਂ ਦੀ ਮਿਹਨਤ ਅਤੇ ਉਨ੍ਹਾਂ ਦਾ ਪਸੀਨਾ ਕੰਮ ਕਰਦਾ ਹੈ। ਉਨ੍ਹਾਂ ਦੇ ਬੱਚਿਆਂ ਨੂੰ ਚੰਗੇ ਸਕੂਲ ਦੇਣਾ, ਉੱਚੀ ਸਿੱਖਿਆ ਦੇਣਾ ਅਤੇ ਚੰਗੀ ਸਿਹਤ ਦੇਣਾ, ਇਹ ਸਰਕਾਰਾਂ ਦਾ ਫਰਜ਼ ਹੁੰਦਾ ਹੈ। ਜੋ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਜਿਹੜੀ ਕਿ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਹੇਠ ਚੱਲ ਰਹੀ ਹੈ, ਸਿਰਫ ਤੇ ਸਿਰਫ ਇਹੀ ਸਰਕਾਰ ਹੈ, ਜਿਨ੍ਹਾਂ ਨੇ ਅਜੇ ਤੱਕ ਮਜ਼ਦੂਰਾਂ ਦੇ ਬਾਰੇ ਕੁਝ ਸੋਚਿਆ ਹੈ। ਬਾਕੀ ਸਰਕਾਰਾਂ ਨੇ ਮਜ਼ਦੂਰਾਂ ਬਾਰੇ ਕੁਝ ਨਹੀਂ ਸੋਚਿਆ। ਮੈਂ ਇਸ ਗੱਲ ਲਈ ਸਾਡੇ ਮੁੱਖ ਮੰਤਰੀ ਸਾਹਿਬ ਅਤੇ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਦੀ ਸੋਚ ਨੂੰ ਸਲਾਮ ਕਰਦਾ ਹਾਂ। ਤੁਸੀਂ ਮੈਨੂੰ ਅੱਜ ਬੋਲਣ ਲਈ ਸਮਾਂ ਦਿੱਤਾ ਹੈ, ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ। ਥੈਂਕ ਯੂ ਜੀ। ਮੈਂ ਇਸ ਮਤੇ ਦੇ ਹੱਕ ਵਿੱਚ ਪ੍ਰੋੜ੍ਹਤਾ ਕਰਦਾ ਹਾਂ।

**ਮਾਣਯੋਗ ਡਿਪਟੀ ਸਪੀਕਰ**: ਥੈਂਕ ਯੂ। ਬਹੁਤ ਸਤਿਕਾਰਯੋਗ ਮੈਂਬਰ ਸਰਦਾਰ ਲਾਭ ਸਿੰਘ ਉਗੋਕੇ।

**ਸਰਦਾਰ ਲਾਭ ਸਿੰਘ ਉਗੋਕੇ (ਭਦੌੜ, ਐਸ.ਸੀ.)** : ਮਾਣਯੋਗ ਡਿਪਟੀ ਸਪੀਕਰ ਸਾਹਿਬ, ਬਹੁਤ-ਬਹੁਤ ਸ਼ੁਕਰੀਆ ਜੀ। ਸਭ ਤੋਂ ਪਹਿਲਾਂ ਤਾਂ ਮੈਂ ਸਾਡੇ ਕਿਰਤ ਮੰਤਰੀ ਸਾਹਿਬ ਦਾ ਦਿਲ ਤੋਂ ਧੰਨਵਾਦ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਨੇ ਅੱਜ ਮਤਾ ਪੇਸ਼ ਕੀਤਾ ਹੈ। ਉਸ ਤੋਂ ਬਾਅਦ ਮੈਂ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ ਅੱਜ ਇਸ ਵਿਸ਼ੇਸ਼ ਦਿਨ ਉੱਤੇ ਕਿਰਤੀ ਕਾਮਿਆਂ ਦੇ ਉਸ ਸੰਘਰਸ਼ ਨੂੰ ਸਲਾਮ ਕਰਨ ਦੇ ਲਈ ਔਰ ਉਨ੍ਹਾਂ ਨੂੰ ਜੋ ਮੁਸ਼ਕਿਲਾਂ ਦਰਪੇਸ਼ ਆਉਂਦੀਆਂ ਹਨ, ਉਨ੍ਹਾਂ ਦੇ ਹੱਲ ਲਈ ਇਹ ਵਿਸ਼ੇਸ਼ ਸੈਸ਼ਨ ਬੁਲਾਇਆ ਹੈ। ਮੈਂ ਇਸ ਗੱਲੋਂ ਵੀ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਸਾਡੇ ਪਿੰਡਾਂ ਦੇ ਵਿੱਚੋਂ, ਪੰਜਾਬ ਦੇ ਵਿੱਚੋਂ ਉਨ੍ਹਾਂ ਕਿਰਤੀਆਂ ਨੂੰ, ਉਨ੍ਹਾਂ ਕਾਮਿਆਂ ਨੂੰ ਅੱਜ ਵਿਧਾਨ ਸਭਾ ਦੇ ਸੈਸ਼ਨ ਵਿੱਚ ਬੁਲਾਇਆ ਗਿਆ ਹੈ, ਜਿਨ੍ਹਾਂ ਦੇ ਖ਼ੂਨ ਪਸੀਨੇ ਦੀ ਕਿਰਤ ਨਾਲ ਇਹ ਪੰਜਾਬ ਹੱਸਦਾ-ਵੱਸਦਾ ਹੈ। ਇਸ ਪੰਜਾਬ ਦੀ ਮਿੱਟੀ ਦੇ ਵਿੱਚੋਂ ਉਨ੍ਹਾਂ ਦੇ ਪਸੀਨੇ ਦੀ ਮਹਿਕ ਆਉਂਦੀ ਹੈ। ਸੋ, ਮੈਂ ਅੱਜ ਇਸ ਕਿਰਤੀ ਦਿਵਸ ਦੇ ਮੌਕੇ ਦੁਨੀਆ ਭਰ ਵਿੱਚ ਵੱਸਦੇ ਸਾਰੇ ਕਿਰਤੀ ਕਾਮਿਆਂ ਨੂੰ ਸਿਜਦਾ ਕਰਦਾ ਹਾਂ ਕਿਉਂਕਿ ਇਸ ਦਿਨ ਜਦੋਂ ਸਾਲ 1886 ਵਿੱਚ ਸ਼ਿਕਾਗੋ ਵਿੱਚ ਆਪਣੇ ਕੰਮ ਦੇ ਘੰਟਿਆਂ ਨੂੰ 8 ਘੰਟੇ ਕਰਵਾਉਣ ਲਈ ਜਿਹੜਾ ਸੰਘਰਸ਼ ਹੋਇਆ, ਉਸ ਸਮੇਂ ਦੇ ਜਿਹੜੇ ਕੁਝ ਤਾਕਤਵਰ ਅਤੇ ਰਜਵਾੜੇ ਲੋਕ ਸੀ, ਉਨ੍ਹਾਂ ਨੂੰ ਇਹ ਗੱਲ ਮਨਜ਼ੂਰ ਨਹੀਂ ਹੋਈ ਕਿ ਇਹ ਲੋਕ ਆਪਣੇ ਹੱਕਾਂ ਦੀ ਗੱਲ ਕਿਵੇਂ ਕਰ ਸਕਦੇ ਹਨ ਔਰ ਉਸ ਸਮੇਂ ਉਨ੍ਹਾਂ ਮਜ਼ਦੂਰਾਂ ਉੱਤੇ ਹਮਲੇ ਹੋਏ, ਗੋਲ਼ੀਆਂ ਚੱਲੀਆਂ। ਉੱਥੇ ਉਨ੍ਹਾਂ ਸੰਘਰਸ਼ੀ ਕਾਮਿਆਂ ਦਾ ਖ਼ੂਨ ਬਹਾਇਆ ਗਿਆ ਅਤੇ ਬੜੇ ਕਾਮਿਆਂ ਨੇ ਉੱਥੇ ਸ਼ਹਾਦਤ ਦਿੱਤੀ। ਉਸ ਦਿਨ ਨੂੰ ਮੁੱਖ ਰੱਖਦੇ ਹੋਏ ਮਈ ਦਿਵਸ ਮਨਾਇਆ ਜਾਂਦਾ ਹੈ। 1 ਮਈ, 1923 ਨੂੰ ਭਾਰਤ ਦੇ ਵਿੱਚ ਇਸ ਦਿਵਸ ਦੀ ਸ਼ੁਰੂਆਤ ਹੋਈ। ਮੈਂ ਪੰਜਾਬ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕਰਨਾ ਚਾਹੁੰਦਾ ਹਾਂ ਕਿਉਂਕਿ ਇੱਥੇ ਬੜੀਆਂ ਗੱਲਾਂ ਹੁੰਦੀਆਂ ਹਨ ਕਿ ਪਿਛਲੀਆਂ ਸਰਕਾਰਾਂ ਨੇ ਕਿਰਤੀਆਂ ਲਈ ਇਹ ਕੀਤਾ, ਉਹ ਕੀਤਾ ਪਰ ਅੱਜ ਉਨ੍ਹਾਂ ਦੇ ਖਾਲੀ ਬੈਂਚ ਇਹ ਦੱਸ ਰਹੇ ਹਨ ਕਿ ਕਿਰਤੀਆਂ ਦੇ ਜਿਹੜੇ ਬੱਚੇ ਇਸ ਵਿਧਾਨ ਸਭਾ ਵਿਚ ਜਾਂ ਹੋਰ ਵੱਡੀਆਂ ਕੁਰਸੀਆਂ 'ਤੇ ਬੈਠੇ ਹਨ, ਉਨ੍ਹਾਂ ਨੂੰ ਇਹ ਗੱਲਾਂ ਹਜ਼ਮ ਨਹੀਂ ਹੁੰਦੀਆਂ। ਉਨ੍ਹਾਂ ਨੂੰ ਕਿਰਤੀਆਂ ਦੀ ਵੋਟ ਤਾਂ ਚਾਹੀਦੀ ਹੈ ਪਰ ਜਿਹੜਾ ਇਸ ਵਿਸ਼ੇਸ਼ ਦਿਨ 'ਤੇ ਸੈਸ਼ਨ ਬੁਲਾਇਆ ਗਿਆ ਹੈ, ਉਸ ਵਿੱਚ ਕਿਰਤੀਆਂ ਦੀ ਗੱਲ ਨਹੀਂ ਰੱਖਣੀ। ਸੋ, ਮੈਂ ਸਰਕਾਰ ਦਾ ਧੰਨਵਾਦ ਕਰਦਾ ਹਾਂ। ਮੈਂ ਇਸ ਸਦਨ ਰਾਹੀਂ ਪੰਜਾਬ ਦੇ ਲੋਕਾਂ ਨੂੰ ਕੁਝ ਗੱਲਾਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਜੀ ਨੇ ਕਿਰਤੀਆਂ ਲਈ ਕੀ ਕੀਤਾ ਹੈ। ਪਿਛਲੇ ਸਾਲ ਦੇ

ਸੈਸ਼ਨ ਦੌਰਾਨ ਮੈਂ ਖੁਦ ਜ਼ੀਰੋ ਆਵਰ ਵਿੱਚ ਇੱਕ ਗੱਲ ਰੱਖੀ ਸੀ ਕਿ ਜਿਹੜੇ ਸਾਡੇ ਰਜਿਸਟਰਡ ਕਾਮੇ ਹਨ, ਜਦੋਂ ਉਨ੍ਹਾਂ ਦੇ ਬੱਚਿਆਂ ਦੇ ਵਿਆਹ ਹੁੰਦੇ ਹਨ, ਉਦੋਂ ਉਨ੍ਹਾਂ ਨੇ ਕੇਂਦਰ ਸਰਕਾਰ ਤੋਂ ਸ਼ਗਨ ਸਕੀਮ ਲੈਣੀ ਹੁੰਦੀ ਹੈ। ਉਸ ਵਾਸਤੇ ਇੱਕ ਰਜਿਸਟਰਡ ਸਰਟੀਫਿਕੇਟ ਦੇਣਾ ਪੈਂਦਾ ਹੈ ਪਰ ਉਸ ਤੋਂ ਬਾਅਦ ਸਾਡੇ ਮੁੱਖ ਮੰਤਰੀ ਸਾਹਿਬ ਨੇ ਕਾਨੂੰਨ ਪਾਸ ਕੀਤਾ ਕਿ ਜਿਹੜੇ ਸਾਡੇ ਧਾਰਮਿਕ ਅਸਥਾਨ ਹਨ, ਜਿੱਥੇ ਕਾਮਿਆਂ ਦੇ ਬੱਚਿਆਂ ਦੇ ਵਿਆਹ ਹੁੰਦੇ ਹਨ, ਉਸੇ ਅਸਥਾਨ ਦਾ ਸਰਟੀਫਿਕੇਟ ਸਬੂਤ ਵਜੋਂ ਮੰਨਿਆ ਜਾਵੇਗਾ। ਪੰਜਾਬ ਦੇ ਪੜ੍ਹੇ ਲਿਖੇ ਕਿਰਤੀਆਂ ਦੇ ਬੱਚੇ, ਜਿਨ੍ਹਾਂ ਨੂੰ ਮੁੱਖ ਮੰਤਰੀ ਜੀ ਨੇ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਏ.ਜੀ. ਦਫ਼ਤਰ ਵਿੱਚ ਰਿਜ਼ਰਵੇਸ਼ਨ ਦਿੱਤੀ ਹੈ, ਇਹ ਪੰਜਾਬ ਦੇ ਕਿਰਤੀਆਂ ਨੂੰ ਬੜਾ ਮਾਨ ਸਨਮਾਨ ਦਿੱਤਾ ਹੈ। ਜਿਹੜੇ ਅੱਜ ਇਨ੍ਹਾਂ ਬੈਂਚਾਂ 'ਤੇ ਬੈਠੇ ਨਹੀਂ ਹਨ, ਉਨ੍ਹਾਂ ਦੇ ਸਾਬਕਾ ਮੰਤਰੀ ਨੇ ਐਸ.ਸੀ. ਬੱਚਿਆਂ ਦੇ ਸੈਂਕੜੇ ਕਰੋੜਾਂ ਰੁਪਏ ਵਜ਼ੀਫੇ ਦੇ ਖਾ ਲਏ ਪਰ ਪੰਜਾਬ ਦੇ ਮੁੱਖ ਮੰਤਰੀ ਜੀ ਨੇ ਆਪਣੀ ਸਰਕਾਰ ਆਉਂਦਿਆਂ ਹੀ ਉਹ ਸਾਰੇ ਵਜ਼ੀਫੇ ਸਮੇਂ ਸਿਰ ਦਿੱਤੇ। ਇਸ ਦੇ ਨਾਲ ਜਿਹੜੀਆਂ ਸਾਡੀਆਂ ਭੈਣਾਂ ਦੇ ਵਿਆਹ ਹੋ ਜਾਂਦੇ ਸੀ, ਉਨ੍ਹਾਂ ਦੀ ਸ਼ਗਨ ਸਕੀਮ ਬੜੇ ਲੰਬੇ ਸਮੇਂ ਤੋਂ ਰੁਕੀ ਹੋਈ ਸੀ। ਉਨ੍ਹਾਂ ਦੀ ਸ਼ਗਨ ਸਕੀਮ ਦੀ ਰਕਮ ਵੀ ਦਿੱਤੀ, ਜਿਸ ਨਾਲ ਉਨ੍ਹਾਂ ਦੇ ਚਿਹਰਿਆਂ 'ਤੇ ਮੁਸਕਾਨ ਲਿਆਂਦੀ। ਇੱਕ ਹੋਰ ਵੱਡੀ ਗੱਲ ਹੈ ਕਿ ਸਾਡੀ ਭੈਣ ਡਾ. ਬਲਜੀਤ ਕੌਰ ਜੀ ਨੇ, ਪੰਜਾਬ ਦੀ ਕੈਬਨਿਟ ਅਤੇ ਮੁੱਖ ਮੰਤਰੀ ਸਾਹਿਬ ਨੇ ਇੱਕ "ਜੀਵਨ ਜੋਤ ਪ੍ਰਾਜੈਕਟ" ਚਲਾਇਆ, ਜਿਹੜਾ ਮਜ਼ਦੂਰਾਂ ਦੇ ਬੱਚਿਆਂ ਨੂੰ ਕਿਡਨੈਪ ਕਰਕੇ ਬੱਚਿਆਂ ਤੋਂ ਭੀਖ ਮੰਗਵਾਈ ਜਾਂਦੀ ਸੀ। ਸੋ, ਬਹੁਤ ਵੱਡਾ ਉਪਰਾਲਾ ਸਾਡੇ ਮੁੱਖ ਮੰਤਰੀ ਜੀ ਨੇ ਕੀਤਾ ਕਿ ਉਨ੍ਹਾਂ ਬੱਚਿਆਂ ਦੇ ਟੈਸਟ ਕਰਕੇ ਉਨ੍ਹਾਂ ਦੇ ਮਾਂ ਬਾਪ ਲੱਭੇ ਗਏ ਅਤੇ ਉਨ੍ਹਾਂ ਨੂੰ ਆਪਣੇ ਘਰ ਪਹੁੰਚਾਇਆ ਗਿਆ। ਇੱਕ ਹੋਰ ਵੱਡੀ ਗੱਲ ਇਸ ਸਰਕਾਰ ਨੇ ਇਹ ਕੀਤੀ ਕਿ ਜਿਹੜੇ ਸਾਡੇ ਮਜ਼ਦੂਰਾਂ ਦੇ ਰਹਿਬਰ ਸੀ। ਸਾਡੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ, ਉਨ੍ਹਾਂ ਦੀ ਤਸਵੀਰ ਹਰ ਸਰਕਾਰੀ ਦਫ਼ਤਰ ਵਿੱਚ ਲਗਾਈ ਗਈ। ਇਸ ਤੋਂ ਬਾਅਦ ਸ੍ਰੀ ਗੁਰੂ ਰਵਿਦਾਸ ਜੀ ਦੀ 650 ਸਾਲਾ ਸ਼ਤਾਬਦੀ ਆ ਰਹੀ ਹੈ, ਉਨ੍ਹਾਂ ਦੇ ਸਨਮਾਨ ਵਿੱਚ ਪੂਰਾ ਸਾਲ ਪਿੰਡ ਪਿੰਡ ਉਨ੍ਹਾਂ ਦੇ ਪ੍ਰੋਗਰਾਮ ਕੀਤੇ ਜਾਣਗੇ। ਬਾਬਾ ਜੀਵਨ ਸਿੰਘ ਜੀ ਦੀ ਯਾਦਗਾਰ, ਜਿਹੜੀ ਬੜੇ ਲੰਬੇ ਸਮੇਂ ਤੋਂ ਬੰਦ ਪਈ ਸੀ, ਉਹ ਮੁੜ ਚਲਾ ਕੇ ਸਾਡੇ ਮੁੱਖ ਮੰਤਰੀ ਜੀ ਨੇ ਸਾਡੇ ਰਹਿਬਰਾਂ ਨੂੰ ਜਿਹੜਾ ਮਾਣ ਸਨਮਾਨ ਦਿੱਤਾ, ਉਸ ਲਈ ਮੈਂ ਸਾਡੇ ਮੁੱਖ ਮੰਤਰੀ ਜੀ ਅਤੇ ਸਾਰੀ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਇੱਕ ਹੋਰ ਵੱਡੀ ਗੱਲ ਕਿ ਪੰਜਾਬ ਦੀਆਂ ਸਾਰੀਆਂ ਮਜ਼ਦੂਰ ਔਰਤਾਂ ਨੂੰ, ਜਿੱਥੇ ਪੂਰੇ ਪੰਜਾਬ ਦੀਆਂ ਔਰਤਾਂ ਨੂੰ ਹਜ਼ਾਰ-ਹਜ਼ਾਰ ਰੁਪਿਆ ਮਾਣਭੱਤਾ ਦਿੱਤਾ ਜਾਣਾ ਹੈ, ਉੱਥੇ ਸਾਡੀਆਂ ਮਜ਼ਦੂਰ ਅਤੇ ਦਲਿਤ ਪਰਿਵਾਰ ਦੀਆਂ ਔਰਤਾਂ ਨੂੰ 1500-1500 ਰੁਪਏ ਦਾ ਮਾਣਭੱਤਾ ਦਿੱਤਾ ਹੈ। ਮੈਂ ਇਸ ਲਈ ਵੀ ਸਾਡੇ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ। ਇਸ ਦੇ ਨਾਲ ਹੀ ਮੈਂ ਇੱਕ ਗੱਲ ਦੱਸਣੀ ਚਾਹਾਂਗਾ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਹੜੇ ਤਿੰਨ ਸਿਧਾਂਤ ਦੁਨੀਆ ਨੂੰ ਦਿੱਤੇ, ਕਿਰਤ ਕਰੋ, ਨਾਮ ਜਪੋ, ਵੰਡ ਛਕੋ। ਕਿਰਤ ਕਰੋ ਦੇ ਪਹਿਲੇ ਸਿਧਾਂਤ ਨੂੰ ਬਚਾਉਣ ਲਈ ਸਾਡੇ ਮੁੱਖ ਮੰਤਰੀ ਸਾਹਿਬ ਲਗਾਤਾਰ ਤਤਪਰ ਹਨ। ਇੱਥੇ ਸੰਤ ਰਾਮ ਉਦਾਸੀ ਜੀ ਦੀ ਗੱਲ ਵੀ ਕੀਤੀ ਗਈ ਸੀ। ਉਹ ਸਾਡੇ ਜ਼ਿਲ੍ਹੇ ਬਰਨਾਲੇ ਦੇ ਜੰਮਪਲ ਸਨ, ਉਹ ਇਨਕਲਾਬੀ ਕਵੀ ਸਨ। ਮੰਤਰੀ ਜੀ ਨੇ ਉਨ੍ਹਾਂ ਦੀ ਕਵਿਤਾ ਪੜ੍ਹੀ। ਮੈਂ ਵੀ ਦੋ ਸ਼ਬਦ ਉਨ੍ਹਾਂ ਦੀ ਕਵਿਤਾ ਵਿਚੋਂ ਪੜ੍ਹਨਾ ਚਾਹੁੰਦਾ ਹਾਂ।

"ਮਾਂ ਧਰਤੀਏ ਤੇਰੀ ਗੋਦ ਨੂੰ ਚੰਨ ਹੋਰ ਬਥੇਰੇ, ਤੂੰ ਮੱਘਦਾ ਰਹੀਂ ਵੇ ਸੂਰਜਾ ਕਮੀਆਂ ਦੇ ਵਿਹੜੇ" ਜਿਹੜੇ ਮਜ਼ਦੂਰਾਂ ਦੇ ਘਰਾਂ ਵਿੱਚ ਜੰਮੇ ਹੋਏ ਲੋਕ ਹਨ, ਉਹ ਵਾਕਿਆ ਹੀ ਇਸ ਗੱਲ ਨੂੰ ਜਾਣਦੇ ਹਨ। ਮੈਂ ਮੁੱਖ ਮੰਤਰੀ ਜੀ ਦਾ ਤਹਿ ਦਿਲੋਂ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਇੱਕ ਜ਼ਿਮੀਂਦਾਰ ਪਰਿਵਾਰ ਵਿੱਚ ਪੈਦਾ ਹੋ ਕੇ ਉਨ੍ਹਾਂ ਨੇ ਹਮੇਸ਼ਾ ਸੰਤ ਰਾਮ ਉਦਾਸੀ ਜੀ ਦੀਆਂ ਇਨ੍ਹਾਂ ਲਾਈਨਾਂ ਨੂੰ ਜੀਵਿਆ ਅਤੇ ਜਿਊ ਕੇ ਸਾਡੇ ਲੋਕਾਂ ਲਈ ਉਹ ਕੰਮ ਕਰ ਦਿਖਾਏ, ਜਿਹੜੇ

ਇਹ ਕੂਕਦੇ ਹਨ ਕਿ ਕੇਂਦਰ ਦੇ ਵਿੱਚ ਇਨ੍ਹਾਂ ਦੀ ਸਰਕਾਰ ਨੇ ਕੰਮ ਕੀਤੇ ਹਨ ਅਤੇ ਪੰਜਾਬ ਦੇ ਵਿੱਚ ਕਿਰਤੀਆਂ ਲਈ ਇਨ੍ਹਾਂ ਦੀ ਸਰਕਾਰ ਨੇ ਕੰਮ ਕੀਤੇ ਹਨ। ਅੱਜ ਪੰਜਾਬ ਦੇ ਮੁੱਖ ਮੰਤਰੀ ਜੀ ਨੇ ਉਹ ਕੰਮ ਕਰਕੇ ਦਿਖਾਏ ਹਨ, ਜਿਹੜੇ ਅੱਜ ਤੱਕ ਕਿਸੇ ਨੇ ਨਾ ਸੋਚੇ ਸੀ ਅਤੇ ਨਾ ਹੀ ਕੀਤੇ ਹਨ। ਸੋ, ਮੈਂ ਪੰਜਾਬ ਸਰਕਾਰ ਅਤੇ ਸਾਰੀ ਕੈਬਨਿਟ ਅਤੇ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸਾਹਿਬ ਜੀ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਅੱਜ ਇਸ ਵਿਸ਼ੇਸ਼ ਸੈਸ਼ਨ ਦੌਰਾਨ ਉਨ੍ਹਾਂ ਸੰਘਰਸ਼ੀ ਅਤੇ ਕੁਰਬਾਨੀ ਦੇਣ ਵਾਲੇ ਕਿਰਤੀ ਮਜ਼ਦੂਰਾਂ ਨੂੰ ਯਾਦ ਕੀਤਾ ਗਿਆ, ਜਿਨ੍ਹਾਂ ਨੇ ਆਪਣੇ ਖੂਨ ਦੇ ਨਾਲ ਲਾਲ ਝੰਡੇ ਨੂੰ ਸਿੰਜ ਕੇ ਮਜ਼ਦੂਰਾਂ ਦੇ ਹੱਕਾਂ ਦੀ ਬਹਾਲੀ ਲਈ ਲੜਾਈ ਲੜੀ ਹੈ। ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ, ਸਾਰੇ ਐਮ.ਐਲ.ਏ., ਸਾਰੀ ਕੈਬਨਿਟ, ਸਾਡੇ ਮੁੱਖ ਮੰਤਰੀ ਸਾਹਿਬ ਹਮੇਸ਼ਾ ਇਸ ਗੱਲ ਲਈ ਖੜ੍ਹੇ ਹਨ ਕਿ ਮਜ਼ਦੂਰਾਂ ਦੇ ਚੁੱਲ੍ਹਿਆਂ ਦੀ ਅੱਗ ਸਦਾ ਬਲਦੀ ਰਹੇ ਅਤੇ ਮਜ਼ਦੂਰਾਂ ਦੇ ਵਿਹੜਿਆਂ ਦੇ ਵਿੱਚ ਨੌਕਰੀਆਂ ਦੇ ਕੇ ਸੂਰਜ ਵਰਗਾ ਚਾਨਣ ਹਨੇਰੀਆਂ ਕੋਠੜੀਆਂ ਵਿੱਚ ਕੀਤਾ ਜਾਵੇ। ਸੋ, ਮੈਂ ਇਸ ਲਈ ਪੰਜਾਬ ਸਰਕਾਰ ਦਾ ਅਤੇ ਮਾਣਯੋਗ ਮੁੱਖ ਮੰਤਰੀ ਜੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਅਤੇ ਸਾਰੇ ਸੰਘਰਸ਼ੀ ਯੋਧਿਆਂ ਨੂੰ ਸਲਾਮ ਕਰਦਾ ਹਾਂ, ਜਿਨ੍ਹਾਂ ਨੇ 1 ਮਈ ਦੇ ਦਿਨ ਸੰਘਰਸ਼ ਕਰਕੇ, ਆਪਣੀਆਂ ਜਾਨਾਂ ਕੁਰਬਾਨ ਕਰਕੇ ਮਜ਼ਦੂਰ ਭਰਾਵਾਂ ਦੇ ਹੱਕਾਂ ਦੀ ਅਵਾਜ਼ ਬੁਲੰਦ ਕੀਤੀ। ਬਹੁਤ-ਬਹੁਤ ਧੰਨਵਾਦ।

**ਮਾਣਯੋਗ ਡਿਪਟੀ ਸਪੀਕਰ :**ਧੰਨਵਾਦ ਜੀ। ਮਾਣਯੋਗ ਮੈਂਬਰ ਰਾਣਾ ਇੰਦਰ ਪ੍ਰਤਾਪ ਸਿੰਘ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ) :** ਬਹੁਤ ਹੀ ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਮਹੱਤਵਪੂਰਨ ਵਿਸ਼ੇ 'ਤੇ ਮਜ਼ਦੂਰਾਂ ਤੇ ਕਿਰਤੀ ਕਾਮਿਆਂ ਦੇ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਸਾਡੇ ਸਮਾਜ ਵਿੱਚ ਮਜ਼ਦੂਰਾਂ ਦਾ, ਕਿਰਤੀਆਂ ਦਾ, ਕਾਮਿਆਂ ਦਾ ਬਹੁਤ ਵੱਡਾ ਰੋਲ਼ ਹੈ। ਚਾਹੇ ਪੰਜਾਬ ਦੀ ਗਰੋਥ ਵਿੱਚ ਹੋਵੇ, ਚਾਹੇ ਹਰੀ ਕ੍ਰਾਂਤੀ ਵਿੱਚ ਹੋਵੇ। ਜਿਸ ਸਮੇਂ ਫਸਲਾਂ ਦਾ ਝਾੜ ਬਹੁਤ ਵਧਿਆ, ਇਸ ਵਿੱਚ ਵੀ ਮਜ਼ਦੂਰਾਂ ਦਾ ਬਹੁਤ ਵੱਡਾ ਰੋਲ ਹੈ। ਸਾਡੇ ਫਸਲਾਂ ਦਾ ਝਾੜ ਵਧਦਾ ਹੈ, ਮਿਹਨਤ ਇਹ ਕਰਦੇ ਹਨ। ਜੇਕਰ ਸੂਬੇ ਦੇ ਵਿੱਚ ਇੰਡਸਟਰੀ ਗਰੋਅ ਕਰ ਰਹੀ ਹੈ, ਉਸ ਵਿੱਚ ਵੀ ਇਨ੍ਹਾਂ ਦਾ ਬੜਾ ਵੱਡਾ ਰੋਲ ਹੈ। ਅਖੀਰ ਦੇ ਵਿੱਚ ਇਹ ਸਾਰਾ ਕੁਝ ਪੰਜਾਬ ਦੀ ਜੀ.ਡੀ.ਪੀ. ਦੇ ਰੂਪ ਵਿੱਚ ਇਕੱਠਾ ਹੁੰਦਾ ਹੈ। ਜੇਕਰ ਸਾਡੀ ਜੀ.ਡੀ.ਪੀ. ਦੀ ਗਰੋਥ ਵੱਧ ਰਹੀ ਹੈ ਤਾਂ ਉਹ ਵੀ ਇਨ੍ਹਾਂ ਕਾਮਿਆਂ ਕਰਕੇ ਵੱਧ ਰਹੀ ਹੈ। ਸਾਡਾ ਟੈਕਸ ਕੁਲੈਕਸ਼ਨ ਵੱਧ ਰਿਹਾ ਹੈ, ਉਸ ਵਿੱਚ ਵੀ ਇਨ੍ਹਾਂ ਦਾ ਬਹੁਤ ਵੱਡਾ ਰੋਲ ਹੈ। ਜੇਕਰ ਕਾਮਿਆਂ ਦੀ ਗੱਲ ਕਰੀਏ ਤਾਂ ਝੋਨੇ ਦੀ ਬਿਜਾਈ ਇਨ੍ਹਾਂ ਤੋਂ ਬਗੈਰ ਨਹੀਂ ਹੋ ਸਕਦੀ, ਤੂੜੀ ਇਨ੍ਹਾਂ ਤੋਂ ਬਗੈਰ ਨਹੀਂ ਬਣਦੀ, ਮੰਡੀਆਂ ਵਿੱਚ ਕਣਕ ਨੂੰ ਸਾਫ ਕਰਨ ਲਈ ਪੱਖਾ ਇਨ੍ਹਾਂ ਤੋਂ ਬਗੈਰ ਨਹੀਂ ਲੱਗਦਾ। ਬੋਰੀਆਂ ਵਿੱਚ ਵੀ ਇਹੀ ਕਣਕ ਭਰਦੇ ਹਨ, ਗੋਦਾਮਾਂ ਵਿੱਚ ਵੀ ਇਹੀ ਲਾਉਂਦੇ ਹਨ। ਜਿਹੜੀਆਂ ਪੰਜਾਬ ਤੋਂ ਬਾਹਰ ਫਸਲਾਂ ਜਾਂਦੀਆਂ ਹਨ, ਉਸ ਕੰਮ ਵਿੱਚ ਵੀ ਇਨ੍ਹਾਂ ਦਾ ਬੜਾ ਵੱਡਾ ਯੋਗਦਾਨ ਹੈ। ਮੰਤਰੀ ਜੀ ਨੇ ਅੱਜ ਇੱਕ ਕਵਿਤਾ ਸੁਣਾਈ ਹੈ। ਉਸ ਵਿੱਚੋਂ ਕੁੱਝ ਲਾਈਨਾਂ ਮੈਂ ਚੁੱਕੀਆਂ। ਇਹ ਕਹਿੰਦੇ ਸਨ ਕਿ ਕਰਜ਼ੇ ਥੱਲੇ ਕਾਮਿਆਂ ਦੀ ਪੰਜੀਰੀ, ਮਤਲਬ ਕਾਮੇ ਕਰਜ਼ੇ ਥੱਲੇ ਹਨ। ਸਰ, ਕਵਿਤਾ ਵਿੱਚ ਕਿਹਾ ਗਿਆ ਹੈ, ਹਾਰ ਮੰਨ ਲਈ ਚਾਅਵਾਂ ਨੇ। ਕਾਮਿਆਂ ਦਾ ਚਾਅ ਕੀ ਹੈ? ਇਸ ਬਾਰੇ ਸੋਚਣ ਦੀ ਲੋੜ ਹੈ। ਜੇ ਅੱਜ ਆਪਾਂ ਇਹ ਸਦਨ ਕਾਮਿਆਂ ਲਈ ਸੱਦਿਆ ਹੈ ਤਾਂ ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਵੀ ਕਰੀਏ। ਮੈਂ ਇੱਥੇ ਸਿਰਫ ਬੋਲ ਕੇ ਨਾ ਚਲਾ ਜਾਵਾਂ ਅਤੇ ਇਸੇ ਤਰ੍ਹਾਂ ਬਾਕੀ ਵੀ ਸਿਰਫ ਬੋਲ ਕੇ ਹੀ ਨਾ ਚਲੇ ਜਾਣ। ਸਰ, ਕਾਮਿਆਂ ਦੇ ਕੀ ਚਾਅ ਹਨ? ਉਹ ਧੁੱਪੇ ਕੰਮ ਕਰਦਾ ਹੈ, ਆਪਣੇ ਆਪ ਨੂੰ ਮਚਾਉਂਦਾ ਹੈ। ਮਚਾਉਂਦਾ ਕਿਸ ਵਿੱਚ ਹੈ? ਉਹ ਆਪਣੇ ਆਪ ਨੂੰ 40 ਡਿਗਰੀ ਤਾਪਮਾਨ ਵਿੱਚ ਮਚਾਉਂਦਾ ਹੈ। ਫਿਰ ਅਗਲੇ ਮਹੀਨੇ 45 ਡਿਗਰੀ ਤਾਪਮਾਨ ਵਿੱਚ ਆਪਣੇ

ਆਪ ਨੂੰ ਮਚਾਉਂਦਾ ਹੈ। ਆਮ ਆਦਮੀ ਬਾਹਰ ਅੱਧਾ ਘੰਟਾ ਵੀ ਨਹੀਂ ਖੜ੍ਹਾ ਹੋ ਸਕਦਾ। ਉਸ ਦੇ ਚਾਅ ਕੀ ਹਨ? ਉਸ ਨੂੰ ਘਰ ਚਾਹੀਦਾ ਹੈ, ਛੱਤ ਚਾਹੀਦੀ ਹੈ। ਜਿਹੜੀ ਵੀ ਸਰਕਾਰ ਆਉਂਦੀ ਹੈ, ਉਹ ਕਹਿੰਦੀ ਹੈ ਕਿ ਅਸੀਂ 5-5 ਮਰਲੇ ਦੇ ਪਲਾਟ ਕੱਟ ਕੇ ਦੇਵਾਂਗੇ। ਸਾਡੇ ਕਾਮੇ ਇੱਕ ਇੱਕ ਕਮਰੇ ਵਿੱਚ 5-5, 6-6 ਜੀਅ ਰਹਿੰਦੇ ਹਨ। ਸਪੀਕਰ ਸਾਹਿਬ, ਸਾਨੂੰ ਲੋੜ ਹੈ ਕਿ ਜਿਸ ਜਿਸ ਪਿੰਡ ਵਿੱਚ ਫਾਲਤੂ ਪੰਚਾਇਤੀ ਜ਼ਮੀਨਾਂ ਪਈਆਂ ਹਨ, ਉਸ ਵਿੱਚ ਬਗੈਰ ਕਿਸੇ ਫਰਕ ਕੀਤੇ, ਉਨ੍ਹਾਂ ਨੂੰ 5-5 ਮਰਲੇ ਦੇ ਪਲਾਟ ਦੇਣੇ ਚਾਹੀਦੇ ਹਨ। ਅੱਜ ਦੇ ਇਸ ਸੈਸ਼ਨ ਵਿੱਚ ਇਹ ਵੀ ਕਲੈਰਿਟੀ ਦਿੱਤੀ ਜਾਵੇ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਬੰਧਤ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ 5-5 ਮਰਲੇ ਦੇ ਪਲਾਟਾਂ ਦੀ ਸਕੀਮ ਅੱਜ ਵੀ ਚੱਲ ਰਹੀ ਹੈ? ਜੇ ਹੈ ਤਾਂ ਕਈ ਥਾਵਾਂ 'ਤੇ ਇਹ ਸਕੀਮ ਇੰਪਲੀਮੈਂਟ ਨਹੀਂ ਹੋ ਰਹੀ ਹੈ। ਮੇਰੇ ਆਪਣੇ ਇਲਾਕੇ ਵਿੱਚ ਇਹ ਸਕੀਮ ਇੰਪਲੀਮੈਂਟ ਨਹੀਂ ਹੋ ਰਹੀ ਹੈ। ਪੰਚਾਇਤਾਂ ਨੇ ਮਤੇ ਪਾ ਕੇ ਦਿੱਤੇ ਹੋਏ ਹਨ ਪਰ ਉਹ ਪ੍ਰਾਸੈਸ ਨਹੀਂ ਹੋ ਰਹੇ ਹਨ। ਉਹ ਮਤੇ ਕਿਉਂ ਨਹੀਂ ਪ੍ਰਾਸੈਸ ਹੋ ਰਹੇ? ਜਿਹੜੇ ਅਫਸਰ ਕੁਰਸੀਆਂ 'ਤੇ ਬੈਠੇ ਹਨ ਅਤੇ ਇਨ੍ਹਾਂ ਕਾਮਿਆਂ ਦੇ ਹੱਕ ਮਾਰ ਰਹੇ ਹਨ, ਉਨ੍ਹਾਂ ਨੂੰ ਅਕਾਊਂਟੇਬਲ ਬਣਾਉਣਾ ਚਾਹੀਦਾ ਹੈ। ਸਪੀਕਰ ਸਾਹਿਬ, ਜੇ ਵਾਕਿਆ ਹੀ ਕਾਮਿਆਂ ਦੀ ਮਦਦ ਕਰਨੀ ਹੈ ਤਾਂ ਲੋੜ ਹੈ ਕਿ ਉਨ੍ਹਾਂ ਦੀ ਆਉਣ ਵਾਲੀ ਅਗਲੀ ਪੀੜ੍ਹੀ ਦੇ ਬਿਹਤਰ ਭਵਿੱਖ ਬਾਰੇ ਸੋਚਿਆ ਜਾਵੇ। ਇਹ ਨਾ ਹੋਵੇ ਕਿ ਇਹ ਵੀ ਖੇਤਾਂ ਵਿੱਚ ਕੰਮ ਕਰਦੇ ਸੀ, ਮਜ਼ਦੂਰੀ ਕਰਦੇ ਸੀ, ਪੱਲੇਦਾਰੀ ਕਰਦੇ ਸੀ ਤਾਂ ਇਨ੍ਹਾਂ ਦੇ ਨਿਆਣੇ ਵੀ ਇਹੀ ਕੰਮ ਕਰਨ, ਉਨ੍ਹਾਂ ਦਾ ਲੈਵਲ ਉੱਤੇ ਚੁੱਕਣ ਦੀ ਲੋੜ ਹੈ। ਮੈਂ ਚਾਹੁੰਦਾ ਹਾਂ ਕਿ ਸਕਿੱਲ ਡਿਵੈਲਪਮੈਂਟ ਉੱਤੇ ਸਪੈਸ਼ਲ ਫੋਕਸ ਕਰਕੇ ਇੱਕ ਸਕੀਮ ਬਣਾਈ ਜਾਵੇ। ਮੇਰਾ ਖਿਆਲ ਹੈ ਕਿ ਸਕਿੱਲ ਡਿਵੈਲਪਮੈਂਟ ਵਿਭਾਗ ਅਮਨ ਅਰੋੜਾ ਜੀ ਕੋਲ ਹੈ, ਇਹ ਬੈਠੇ ਹਨ। ਮੰਤਰੀ ਜੀ, ਇਹੋ ਜਿਹੀ ਕੋਈ ਸਕੀਮ ਬਣਾਈ ਜਾਵੇ। ਮੇਰੇ ਇਲਾਕੇ ਵਿੱਚ ਇਨਫਰਾਸਟਰੱਕਚਰ ਤਿਆਰ ਪਿਆ ਹੈ, ਕਾਲਜ ਵਿੱਚ ਸ਼ਾਇਦ 150 ਕਮਰਾ ਹੋਵੇਗਾ, ਉਥੇ ਕਾਮਿਆਂ ਦੀ ਸਕਿੱਲ ਡਿਵੈਲਪਮੈਂਟ ਲਈ ਕੋਈ ਸਕੀਮ ਬਣਾਓ, ਕਾਲਜ ਚਲਾਓ ਤਾਂ ਕਿ ਉਨ੍ਹਾਂ ਦੀ ਸਕਿੱਲ ਡਿਵੈਲਪਮੈਂਟ ਕੀਤੀ ਜਾ ਸਕੇ। ਇਹੀ ਉਨ੍ਹਾਂ ਦੀ ਅਸਲ ਸਪੋਰਟ ਹੋਵੇਗੀ। ਸਪੀਕਰ ਸਾਹਿਬ, ਜੇਕਰ ਆਪਾਂ ਵਾਕਿਆ ਹੀ ਇਨ੍ਹਾਂ ਦਾ ਧਿਆਨ ਰੱਖਣਾ ਹੈ ਤਾਂ ਇਨ੍ਹਾਂ ਦਾ ਪੱਧਰ ਉੱਚਾ ਚੁੱਕਣ ਲਈ ਬਜਟ ਐਲੋਕੇਸ਼ਨ ਵਿੱਚ ਇਨ੍ਹਾਂ ਦਾ ਹਿੱਸਾ ਫਿਕਸ ਕੀਤਾ ਜਾਵੇ। ਇਹ ਅੱਜ ਇਸ ਸਦਨ ਨੇ ਹੀ ਫਿਕਸ ਕਰਨਾ ਹੈ ਕਿ ਅਸੀਂ ਬਜਟ ਵਿੱਚ 1%, 2% ਜਾਂ 5% ਬਜਟ ਕਾਮਿਆਂ ਲਈ ਐਲੋਕੇਟ ਕਰਨਾ ਹੈ। ਜੇਕਰ ਅਜਿਹਾ ਕਰਦੇ ਹਾਂ ਤਾਂ ਹੀ ਕੁਝ ਹੋ ਸਕਦਾ ਹੈ, ਜੇਕਰ ਅਜਿਹਾ ਕਰਨ ਤੋਂ ਬਗੈਰ ਹੀ ਅਸੀਂ ਸਦਨ ਵਿੱਚੋਂ 2 ਘੰਟੇ ਬਾਅਦ ਬਾਹਰ ਚਲੇ ਜਾਣਾ ਹੈ ਤਾਂ ਇਸ ਸੈਸ਼ਨ ਦਾ ਕੋਈ ਫਾਇਦਾ ਨਹੀਂ ਹੈ। ਤੁਸੀਂ 2 ਲੱਖ ਕੁਝ ਕਰੋੜ ਦਾ ਬਜਟ ਪੇਸ਼ ਕੀਤਾ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਇਸ ਬਜਟ ਵਿਚ ਕਾਮਿਆਂ ਲਈ ਕਿੰਨਾ ਬਜਟ ਹੈ? ਪੰਜਾਬ ਵਿੱਚ ਕਾਮਿਆਂ ਦੀ, ਮਜ਼ਦੂਰਾਂ ਦੀ 25 ਤੋਂ 30 ਪ੍ਰਤੀਸ਼ਤ ਪਾਪੂਲੇਸ਼ਨ ਹੈ। ਇਹ ਸਾਡੇ ਦੇਸ਼ ਦੀ ਨੀਂਹ ਹੈ, ਸਮਾਜ ਦੀ ਫਾਊਂਡੇਸ਼ਨ ਹੈ, ਸਾਡੇ ਟੈਕਸ ਦੀ ਫਾਊਂਡੇਸ਼ਨ ਹੈ, ਸਾਡੀ ਸਰਕਾਰ ਦੀ ਫਾਊਂਡੇਸ਼ਨ ਹੈ। ਕਾਮੇ ਹਰੇਕ ਚੀਜ਼ ਦੀ ਫਾਊਂਡੇਸ਼ਨ ਹਨ। ਵਿੱਤ ਮੰਤਰੀ ਸਾਹਿਬ ਬੈਠੇ ਨਹੀਂ ਹਨ। ਉਨ੍ਹਾਂ ਨੂੰ ਪੁੱਛੀਏ ਕਿ ਜੇਕਰ ਕਾਮੇ ਨਾ ਹੋਣ ਤਾਂ ਕਿੰਨਾ ਟੈਕਸ ਘੱਟ ਜਾਵੇਗਾ? ਜਦੋਂ ਕਰੋਨਾ ਆਇਆ ਸੀ ਤਾਂ ਲੋਕ ਗਰਾਊਂਡ 'ਤੇ ਕੰਮ ਕਰਨ ਨਹੀਂ ਗਏ ਸਨ ਅਤੇ ਟੈਕਸ ਘੱਟ ਗਿਆ ਸੀ। ਇਸ ਨਾਲ ਕਿਸ ਦਾ ਨੁਕਸਾਨ ਹੋਇਆ ਸੀ? ਸੂਬੇ ਦਾ ਨੁਕਸਾਨ ਹੋਇਆ ਸੀ।

**ਮਾਣਯੋਗ ਡਿਪਟੀ ਸਪੀਕਰ** : ਰਾਣਾ ਜੀ ਕਨਕਲੂਡ ਕਰ ਦਿਉ।

**ਰਾਣਾ ਇੰਦਰ ਪ੍ਰਤਾਪ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਅਖੀਰ ਵਿੱਚ ਇਹੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਸਦਨ ਵਿੱਚ ਇਹ ਫ਼ੈਸਲਾ ਲਿਆ ਜਾਵੇ ਕਿ ਕਾਮਿਆਂ ਦੀ 30% ਪਾਪੂਲੇਸ਼ਨ ਦੇ ਹਿਸਾਬ ਨਾਲ ਘੱਟੋ ਘੱਟ 5% ਬਜਟ ਦੀ ਐਲੋਕੇਸ਼ਨ ਕੀਤੀ ਜਾਵੇ ਅਤੇ ਉਨ੍ਹਾਂ ਨੂੰ 5-5 ਮਰਲੇ ਦੇ ਪਲਾਟ ਕੱਟ ਕੇ ਦਿੱਤੇ ਜਾਣ ਤਾਂ ਕਿ ਉਹ ਆਪਣੇ ਪਰਿਵਾਰ ਸਮੇਤ ਘੱਟੋ ਘੱਟ ਛੱਤ ਥੱਲੇ ਤਾਂ ਰਹਿ ਸਕਣ। ਬਹੁਤ-ਬਹੁਤ ਧੰਨਵਾਦ ਜੀ।

**ਮਾਣਯੋਗ ਡਿਪਟੀ ਸਪੀਕਰ**: ਬਹੁਤ ਮਿਹਰਬਾਨੀ, ਧੰਨਵਾਦ।

**ਨਵ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸ਼੍ਰੀ ਅਮਨ ਅਰੋੜਾ)** : ਡਿਪਟੀ ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ ਜੀ। ਮੇਰੇ ਬਹੁਤ ਹੀ ਸਤਿਕਾਰਯੋਗ ਸਾਥੀ, ਮੇਰੇ ਵੀਰ ਰਾਣਾ ਇੰਦਰ ਪ੍ਰਤਾਪ ਸਿੰਘ ਜੀ ਨੇ ਮਜ਼ਦੂਰ ਬੱਚਿਆਂ ਦੇ ਸਕਿੱਲ ਡਿਵੈਲਪਮੈਂਟ ਲਈ ਗੱਲ ਕੀਤੀ ਹੈ ਅਤੇ ਇਹ ਆਫਰ ਵੀ ਕੀਤੀ ਹੈ ਕਿ ਇਨ੍ਹਾਂ ਦੇ ਹਲਕੇ ਵਿੱਚ ਕਾਫੀ ਵੱਡੀ ਬਿਲਡਿੰਗ ਦਾ ਇਨਫਰਾਸਟ੍ਰਕਚਰ ਅਵੇਲੇਬਲ ਹੈ। ਰਾਣਾ ਜੀ, ਤੁਹਾਡਾ ਬਹੁਤ ਧੰਨਵਾਦ, ਤੁਸੀਂ ਬਹੁਤ ਵਧੀਆ ਸੁਜੈਸ਼ਨ ਦਿੱਤੀ ਹੈ। ਅਸੀਂ ਤਾਂ ਇਹੋ ਜਿਹੇ option ਭਾਲਦੇ ਫਿਰਦੇ ਹਾਂ। ਚਾਹੇ ਤੁਸੀਂ ਮੇਰੇ ਕੋਲ ਆ ਜਾਓ, ਚਾਹੇ ਤੁਸੀਂ ਮੈਨੂੰ ਹੁਕਮ ਕਰੋਗੇ ਤਾਂ ਮੈਂ ਤੁਹਾਡੇ ਕੋਲ ਆ ਜਾਵਾਂਗਾ, ਤੁਸੀਂ ਸਾਨੂੰ ਇਨਫਰਾਸਟ੍ਰਕਚਰ ਪ੍ਰੋਵਾਈਡ ਕਰੋ ਤੇ ਬੱਚਿਆਂ ਲਈ ਜੋ ਬੈਸਟ ਪਾਸੀਬਲ ਹੋ ਸਕੇਗਾ, ਭਗਵੰਤ ਮਾਨ ਸਰਕਾਰ ਉਹ ਕਰਨ ਲਈ ਹਰ ਵੇਲੇ ਤਿਆਰ ਹੈ ਜੀ। Thank you so much ji.

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਮਾਣਯੋਗ ਡਿਪਟੀ ਸਪੀਕਰ ਸਾਹਿਬ, ਮੈਂ ਹੁਣੇ ਦੇਖ ਰਿਹਾ ਸੀ ਕਿ ਆਪਾਂ ਆਮ ਆਦਮੀ ਪਾਰਟੀ ਦੀ ਸਰਕਾਰ ਨੇ, ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਮਜ਼ਦੂਰਾਂ ਨੂੰ ਸਮਰਪਿਤ ਅੱਜ ਦਾ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾਇਆ ਹੈ। ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਦੀ ਜਿਸ ਦੀ ਸੈਂਟਰ ਵਿੱਚ ਸਰਕਾਰ ਹੈ, ਚਾਰ ਰਾਜਾਂ-ਕੇਰਲਾ, ਤਾਮਿਲਨਾਡੂ, ਅਸਾਮ ਅਤੇ ਪੱਛਮੀ ਬੰਗਾਲ ਦੀਆਂ ਅਜੇ ਇਲੈਕਸ਼ਨਾਂ ਹੋ ਕੇ ਹਟੀਆਂ ਹਨ ਤੇ ਉਨ੍ਹਾਂ ਦੇ ਰਿਜ਼ਲਟ ਅਜੇ ਆਉਣੇ ਬਾਕੀ ਹਨ ਲੇਕਿਨ ਭਾਰਤੀ ਜਨਤਾ ਪਾਰਟੀ ਦਾ ਚਿਹਰਾ ਅੱਜ ਹੀ ਨੰਗਾ ਹੋ ਗਿਆ ਹੈ। ਇਨ੍ਹਾਂ ਨੇ 19 ਕਿੱਲੋ ਦੇ ਕਮਰਸ਼ੀਅਲ ਸਿਲੰਡਰ ਵਿੱਚ 994/- ਰੁਪਏ ਦਾ ਵੱਡਾ ਵਾਧਾ ਕਰਕੇ ਇਸ ਦੇਸ਼ ਦੀ ਅਰਥਵਿਵਸਥਾ ਨੂੰ, ਇਸ ਦੇਸ਼ ਦੇ ਲੋਕਾਂ 'ਤੇ ਬਹੁਤ ਵੱਡਾ ਬੋਝ ਪਾਇਆ ਹੈ ਕਿਉਂਕਿ ਇਸ ਕਾਰਨ ਛੋਟੇ ਛੋਟੇ ਢਾਬੇ, ਛੋਟੇ ਛੋਟੇ ਕੰਮ-ਕਾਰ ਤਹਿਸ-ਨਹਿਸ ਹੋ ਜਾਣਗੇ। ਇੱਥੋਂ ਪਤਾ ਲੱਗਦਾ ਹੈ ਕਿ ਭਾਰਤੀ ਜਨਤਾ ਪਾਰਟੀ ਵੱਡੇ ਵੱਡੇ ਕਾਰਪੋਰੇਟ ਹਾਊਸਿਜ਼ ਦੇ ਹੱਥਾਂ ਵਿੱਚ ਖੇਡਦੀ ਹੈ। ਉਨ੍ਹਾਂ ਵੱਡੇ ਵੱਡੇ ਲੋਕਾਂ ਦੇ ਹੱਥਾਂ ਵਿੱਚ ਖੇਡਦੀ ਹੈ, ਜਿਨ੍ਹਾਂ ਲੋਕਾਂ ਨੇ ਭਾਰਤੀ ਜਨਤਾ ਪਾਰਟੀ ਨੂੰ ਫੰਡਿੰਗ ਕੀਤੀ ਹੋਈ ਹੈ।

*1.27 ਵਜੇ ਬਾਅਦ ਦੁਪਹਿਰ।) (ਇਸ *ਸਮੇਂ ਮਾਣਯੋਗ ਸਪੀਕਰ ਸਾਹਿਬ ਨੇ ਸਦਨ ਦੀ ਕੁਰਸੀ ਸੰਭਾਲੀ।)

**ਵਿੱਤ ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਤੁਹਾਡੇ ਲਈ ਲੇਟੈਸਟ ਖਬਰ ਹੈ ਕਿ 994/- ਰੁਪਏ ਪ੍ਰਤੀ ਕਮਰਸ਼ੀਅਲ ਸਿਲੰਡਰ ਵਿੱਚ ਵਾਧਾ ਕੀਤਾ ਗਿਆ ਹੈ। ਚਾਰ ਰਾਜਾਂ ਦੀਆਂ ਚੋਣਾਂ ਹੋ ਕੇ ਹਟੀਆਂ ਹਨ। ਜਦੋਂ ਚੋਣਾਂ ਦਾ ਪ੍ਰਚਾਰ ਚੱਲ ਰਿਹਾ ਸੀ ਤਾਂ ਭਾਰਤੀ ਜਨਤਾ ਪਾਰਟੀ ਕਹਿ ਰਹੀ ਸੀ ਕਿ ਅਸੀਂ ਗੈਸ ਦਾ ਰੇਟ ਨਹੀਂ ਵਧਾਵਾਂਗੇ, ਤੇਲ ਦਾ ਰੇਟ ਨਹੀਂ ਵਧਾਵਾਂਗੇ। ਅਜੇ ਤਾਂ ਵੇਟ ਕਰੋ ਇਹ ਤੇਲ ਦਾ ਰੇਟ ਵੀ ਵਧਾਉਣਗੇ। ਅੱਜ ਕਮਰਸ਼ੀਅਲ ਸਿਲੰਡਰ ਦਾ ਰੇਟ ਵਧਾਇਆ ਹੈ, ਹੌਲੀ ਹੌਲੀ ਡੋਮੈਸਟਿਕ ਸਿਲੰਡਰ ਦਾ ਰੇਟ ਵੀ ਵਧਾਉਣਗੇ, ਫਿਰ ਤੇਲ ਦਾ ਰੇਟ ਵੀ ਵਧਾਉਣਗੇ। ਇੱਥੋਂ ਪਤਾ ਲੱਗਦਾ ਹੈ ਕਿ ਭਾਰਤੀ ਜਨਤਾ ਪਾਰਟੀ ਦੇ ਰਾਜ ਵਿੱਚ ਕਿੰਨਾ ਕਹਿਰ ਢਾਹਿਆ ਜਾ ਰਿਹਾ ਹੈ। ਉਸ ਲਈ ਵੀ ਅੱਜ ਦਾ

ਦਿਨ ਚੁਣਿਆ ਗਿਆ, ਜਿਹੜਾ ਮਜ਼ਦੂਰ ਦਾ ਦਿਨ ਹੈ। ਮਜ਼ਦੂਰਾਂ ਨੂੰ ਮਾਰਨ ਲਈ, ਮਜ਼ਦੂਰ ਦਾ ਦਿਨ ਚੁਣ ਲਿਆ। ਮੈਂ ਸਮਝਦਾ ਹਾਂ ਕਿ ਭਾਰਤੀ ਜਨਤਾ ਪਾਰਟੀ ਲਈ ਇਸ ਤੋਂ ਵੱਡਾ ਸ਼ਰਮਨਾਕ ਦਿਨ ਹੋਰ ਕੋਈ ਨਹੀਂ ਹੋ ਸਕਦਾ ਹੈ। ਭਾਰਤੀ ਜਨਤਾ ਪਾਰਟੀ ਦੇ ਇਤਿਹਾਸ ਵਿੱਚ ਇੱਕ ਕਾਲਾ ਅਧਿਆਇ ਹੋਰ ਲਿਖਿਆ ਗਿਆ ਹੈ। ਇਹ ਕਾਲੇ ਅੱਖਰਾਂ ਨਾਲ ਲਿਖਿਆ ਗਿਆ ਹੈ ਕਿ ਜਿਸ ਦਿਨ ਮਜ਼ਦੂਰ ਆਪਣਾ ਦਿਨ ਮਨਾ ਰਹੇ ਸੀ, ਉਸ ਦਿਨ ਭਾਰਤੀ ਜਨਤਾ ਪਾਰਟੀ ਇਸ ਦੇਸ਼ ਦੇ ਗਰੀਬ ਲੋਕਾਂ, ਆਮ ਲੋਕਾਂ 'ਤੇ ਮਹਿੰਗਾਈ ਦਾ ਹੋਰ ਹਥੌੜਾ ਚਲਾ ਰਹੀ ਸੀ। ਮਹਿੰਗਾਈ ਦੀ ਮਾਰ ਹੋਰ ਮਾਰ ਰਹੀ ਸੀ। ਇਸ ਗੱਲ ਦਾ ਅੱਜ ਉਨ੍ਹਾਂ ਨੇ ਸਬੂਤ ਦੇ ਦਿੱਤਾ ਹੈ ਤਾਂ ਹੀ ਉਨ੍ਹਾਂ ਨੇ ਬਾਹਰ ਮੌਕ ਸੈਸ਼ਨ ਲਗਾਇਆ ਹੈ। ਉਨ੍ਹਾਂ ਨੂੰ ਪਤਾ ਸੀ ਕਿ ਅਸੀਂ ਵਿਧਾਨ ਸਭਾ ਵਿੱਚ ਨਹੀਂ ਬੈਠ ਸਕਦੇ ਤਾਂ ਹੀ ਉਨ੍ਹਾਂ ਨੇ ਬਾਹਰ ਮੌਕ ਸੈਸ਼ਨ ਲਗਾਇਆ ਹੈ ਪਰ ਉਨ੍ਹਾਂ ਦੇ ਦਿੱਲੀ ਦੇ ਆਕਾ, ਸੈਂਟਰ ਸਰਕਾਰ ਦੇ ਭਾਰਤੀ ਜਨਤਾ ਪਾਰਟੀ ਦੇ ਹੈੱਡ ਨੇ 994/- ਰੁਪਏ ਪ੍ਰਤੀ ਸਿਲੰਡਰ ਰੇਟ ਵਧਾ ਕੇ ਦੇਸ਼ ਦੀ ਛੋਟੀ ਇੰਡਸਟਰੀ, ਆਮ ਲੋਕਾਂ, ਗਰੀਬ ਲੋਕਾਂ ਨੂੰ ਮਾਰਨ ਦਾ ਅੱਜ ਕੋਝਾ ਯਤਨ ਕੀਤਾ ਹੈ। ਧੰਨਵਾਦ ਜੀ।

---

## SHORT ADJOURNMENT OF THE HOUSE AGAIN

**ਮਾਣਯੋਗ ਸਪੀਕਰ** : ਆਪਾਂ ਹੁਣ 3.00 ਵਜੇ ਬਾਅਦ ਦੁਪਹਿਰ ਫਿਰ ਇਕੱਠੇ ਹੋਵਾਂਗੇ। ਹੁਣ ਸਦਨ 3.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਕੀਤਾ ਜਾਂਦਾ ਹੈ।

*1.29 ਵਜੇ ਬਾਅਦ ਦੁਪਹਿਰ।) (ਇਸ *ਸਮੇਂ ਸਦਨ 3.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।)

---

*3.00 ਵਜੇ ਬਾਅਦ ਦੁਪਹਿਰ।) (*ਇਸ *ਸਮੇਂ ਸਦਨ ਮੁੜ ਇਕੱਤਰ ਹੋਇਆ।)

---

## OFFICIAL RESOLUTION REGARDING HONOURING LABOUR WORK FORCE BY INCREASING THEIR MINIMUM WAGES ON THE OCCASION OF MAY DAY (LABOUR DAY) TO APPRECIATE THEIR CONTRIBUTION TO THE SOCIETY *(RESUMPTION)*

**ਮਾਣਯੋਗ ਸਪੀਕਰ:** ਹਾਂ ਜੀ, ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ।

**ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਉਂ, ਐਸ.ਸੀ.)** : ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਮਜ਼ਦੂਰ ਦਿਵਸ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਮਾਣਯੋਗ ਸਪੀਕਰ**: ਬਾਜਵਾ ਜੀ, ਬੈਠੋ। ਪਹਿਲਾਂ ਇਨ੍ਹਾਂ ਨੂੰ ਕਨਕਲੂਡ ਕਰ ਲੈਣ ਦਿਉ ਜੀ।

**ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ**: ਸਪੀਕਰ ਸਾਹਿਬ, ਮੈਂ ਮਜ਼ਦੂਰ ਦਿਵਸ 'ਤੇ ਮਜ਼ਦੂਰਾਂ ਦੇ ਹੱਕ ਵਿੱਚ ਬੋਲਣ ਲਈ ਖੜ੍ਹੀ ਹੋਈ ਹਾਂ। (ਵਿਘਨ) (ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਸਮੇਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਇੱਕ ਮਿੰਟ ਬੀਬਾ ਜੀ। ਬਾਜਵਾ ਜੀ, ਹਾਲੇ ਗੱਲ ਤਾਂ ਸ਼ੁਰੂ ਹੋ ਜਾਣ ਦਿਉ। ਪੁਆਇੰਟ ਆਫ ਆਰਡਰ ਕਿਸ ਲਈ ਲੈਣਾ ਹੈ? ਤੁਸੀਂ ਬੈਠੋ। ਪਹਿਲਾਂ ਉਨ੍ਹਾਂ ਨੂੰ ਬੋਲ ਲੈਣ ਦਿਉ।

**ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ**: ਸਪੀਕਰ ਸਾਹਿਬ, ਚੱਕਰ ਇਹ ਹੈ ਕਿ ਜਦੋਂ ਮਜ਼ਦੂਰਾਂ ਤੇ ਗੱਲ ਹੁੰਦੀ ਹੈ ਤਾਂ ਇਹ ਉਸ ਸਮੇਂ ਖੜ੍ਹੇ ਹੋ ਜਾਂਦੇ ਹਨ। (ਵਿਘਨ) (ਸ਼ੋਰ) ਜਦੋਂ ਐਸ.ਸੀ., ਸ਼ਡਿਊਲਡ ਕਾਸਟ ਲੋਕਾਂ ਉੱਤੇ ਗੱਲ ਕਰਦੇ ਹਾਂ ਤਾਂ ਇਹ ਉਸ ਸਮੇਂ ਖੜ੍ਹੇ ਹੋ ਜਾਂਦੇ ਹਨ। ਇਨ੍ਹਾਂ ਨੂੰ ਅੱਜ ਪੁੱਛ ਲਵੋ ਕਿ ਇਹ ਗਰੀਬਾਂ ਨਾਲ ਹਨ ਜਾਂ ਨਹੀਂ? (ਵਿਘਨ) (ਸ਼ੋਰ) ਇਹ ਉਦਯੋਗਪਤੀ ਘਰਾਣੇ ਦੇ ਲੋਕ ਹਨ, ਇਹ ਕਿੱਥੇ ਚਾਹੁਣਗੇ ਕਿ ਮਜ਼ਦੂਰਾਂ ਦੀ ਉਜਰਤ ਵਿੱਚ ਵਾਧਾ ਹੋਵੇ। ਇਨ੍ਹਾਂ ਦੀਆਂ ਆਪਣੀਆਂ ਫੈਕਟਰੀਆਂ ਚਲਣੀਆਂ ਔਖੀਆਂ ਹੋ ਜਾਂਦੀਆਂ ਹਨ। ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਲੇਬਰ ਡੇਅ ਦੇ ਪਵਿੱਤਰ ਮੌਕੇ ਨੂੰ ਅੱਜ ਯਾਦ ਕਰਨਾ ਚਾਹੁੰਦੀ ਹਾਂ। (ਵਿਘਨ) (ਸ਼ੋਰ) ਮਜ਼ਦੂਰ ਸਿਰਫ ਵਰਕਰ ਨਹੀਂ ਹੈ ਸਗੋਂ ਇਹ ਦੇਸ਼ ਦੀ ਰੀੜ੍ਹ ਦੀ ਹੱਡੀ ਹਨ। ਅੱਜ ਇੱਕ ਮਈ ਨੂੰ ਮਜ਼ਦੂਰਾਂ ਤੋਂ ਕੰਮ ਨਹੀਂ ਕਰਵਾਇਆ ਜਾਂਦਾ ਹੈ। ਸਪੀਕਰ ਸਾਹਿਬ, ਇਨ੍ਹਾਂ ਨੂੰ ਸਿਰਫ ਇੰਨਾ ਹੀ ਪੁੱਛ ਲਓ ਕਿ ਇਹ ਮਜ਼ਦੂਰਾਂ ਦੇ ਹੱਕ ਵਿੱਚ ਹਨ ਜਾਂ ਨਹੀਂ? ਜਦੋਂ ਅਸੀਂ ਐਸ.ਸੀ. ਲੋਕਾਂ ਦੀ ਗੱਲ ਕਰਦੇ ਹਾਂ ਤਾਂ ਇਹ ਬੋਲਦੇ ਹਨ। ਜਦੋਂ ਵਜ਼ੀਫੇ ਦੀ ਗੱਲ ਕਰਦੇ ਹਾਂ, ਜਿਹੜੇ ਇਨ੍ਹਾਂ ਨੇ ਖਾਧੇ ਹਨ, ਇਹ ਤਾਂ ਬੋਲਦੇ ਹਨ। ਕਦੇ ਕੁਝ ਕਰਦੇ ਹਨ, ਕਦੇ ਕੁਝ ਕਰਦੇ ਹਨ। ਇਨ੍ਹਾਂ ਨੂੰ ਪੁੱਛ ਲਓ ਕਿ ਇਹ ਲੇਬਰ ਡੇਅ ਦੇ ਹੱਕ ਵਿੱਚ ਹਨ ਜਾਂ ਵਿਰੋਧ ਵਿੱਚ ਹਨ? (ਵਿਘਨ) (ਸ਼ੋਰ) ਇੱਕ ਮਈ ਨੂੰ ਮਜ਼ਦੂਰ ਦਿਵਸ ਅਸੀਂ ਸਿਰਫ ਕੰਮ ਨੂੰ ਹੀ ਨਹੀਂ ਮਨਾਉਂਦੇ ਬਲਕਿ ਉਨ੍ਹਾਂ ਹੱਥਾਂ ਨੂੰ ਵੀ ਸਲਾਮ ਕਰਦੇ ਹਾਂ, ਜੋ ਸਾਡੀ ਦੁਨੀਆ ਨੂੰ ਖੜ੍ਹਾ ਰੱਖਦੇ ਹਨ। ਮਜ਼ਦੂਰ ਸਿਰਫ ਕਰਮਚਾਰੀ ਨਹੀਂ ਹੁੰਦਾ ਹੈ, ਉਹ ਇਹ ਨਿਰਮਾਤਾ ਹੈ, ਜੋ ਆਪਣੇ ਪਸੀਨੇ ਨਾਲ ਦੂਜਿਆਂ ਲਈ ਸੁੱਖ ਮਨਾਉਂਦਾ ਹੈ। ਮਜ਼ਦੂਰ ਅਕਸਰ ਆਪਣੀਆਂ ਲੋੜਾਂ ਨੂੰ ਪਿੱਛੇ ਛੱਡ ਕੇ ਸ਼ਿੱਦਤ ਨਾਲ ਕੰਮ ਕਰਦਾ ਹੈ। (ਵਿਘਨ) ਮਿਹਨਤ ਦੀ ਅਸਲ ਕਦਰ ਸਿਰਫ ਉਨ੍ਹਾਂ ਵਿੱਚ ਹੀ ਨਹੀਂ, ਸਗੋਂ ਇਨਸਾਫ, ਸ਼ੁਕਰਾਨਾ ਅਤੇ ਇਨਸਾਨੀਅਤ ਵਿੱਚ ਹੁੰਦੀ ਹੈ। ਅੱਜ ਉਸ ਮਜ਼ਦੂਰ ਨੂੰ ਨਮਨ, ਜੋ ਸਾਡੇ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਉੱਠਦਾ ਹੈ ਅਤੇ ਰਾਤ ਨੂੰ ਆਰਾਮ ਕਰਦਾ ਹੈ। ਇਨ੍ਹਾਂ ਦੀ ਮਿਹਨਤ ਛੋਟੀ ਨਹੀਂ ਹੁੰਦੀ ਅਤੇ ਇਨ੍ਹਾਂ ਦਾ ਰੋਲ ਵੀ ਬਦਲਿਆ ਨਹੀਂ ਜਾ ਸਕਦਾ । ਮਜ਼ਦੂਰ ਦੀ ਇੱਜ਼ਤ ਕਦੇ ਵੀ ਘੱਟ ਨਹੀਂ ਹੋ ਸਕਦੀ । ਮਜ਼ਦੂਰ ਦਿਵਸ ਦੀਆਂ ਲੱਖ-ਲੱਖ ਵਧਾਈਆਂ ਜੀ। ਰੱਬ ਮਿਹਰ ਕਰੇ। (ਵਿਘਨ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਸਮੇਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟ ਆਫ

ਆਰਡਰ ਦੀ ਮੰਗ ਕਰ ਰਹੇ ਸਨ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਉੱਚੀ ਉੱਚੀ ਬੋਲ ਰਹੇ ਸਨ।)

**ਮਾਣਯੋਗ ਸਪੀਕਰ:** ਬੈਠੋ ਜੀ। ਪਹਿਲਾਂ ਉਨ੍ਹਾਂ ਨੂੰ ਬੋਲ ਲੈਣ ਦਿਉ। (ਵਿਘਨ) (ਸ਼ੋਰ) ਇੱਕ ਮਿੰਟ ਬੀਬਾ ਜੀ। ਇੱਕ ਮਿੰਟ, ਇੱਕ ਮਿੰਟ, ਇੱਕ ਮਿੰਟ ਜੀ। (ਵਿਘਨ) (ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ ਅਤੇ ਸਰਦਾਰ ਗੁਰਦਿੱਤ ਸਿੰਘ ਸੇਖੋਂ ਆਪਣੀਆਂ ਸੀਟਾਂ ਛੱਡ ਕੇ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਨਾਲ ਬਹਿਸਣ ਲੱਗ ਪਏ ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ:** ਬੈਠੋ ਜੀ। ਇੱਕ ਮਿੰਟ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲੋਂ ਲੀਡਰ ਆਫ ਦਿ ਹਾਊਸ ਦੀ ਸ਼ਾਨ ਸਬੰਧੀ ਬੋਲੇ ਗਏ ਸ਼ਬਦਾਂ ਦੀ ਨਿੰਦਾ ਕਰਦੇ ਹੋਏ ਟਰੈਜ਼ਰੀ ਬੈਂਚਿਜ਼ ਦੇ ਕੁਝ ਮੈਂਬਰ ਅਤੇ ਮੰਤਰੀ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਵਿਰੋਧੀ ਧਿਰ ਦੇ ਨੇਤਾ ਸਮੇਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਨਾਲ ਬਹਿਸ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ** : ਇੱਕ ਮਿੰਟ ਜੀ। ਇੱਕ ਮਿੰਟ, ਇੱਕ ਮਿੰਟ। (ਵਿਘਨ) (ਸ਼ੋਰ) ਮੈਂ ਇੱਕ ਮਿੰਟ ਗੱਲ ਕਰਨੀ ਚਾਹੁੰਦਾ ਹਾਂ। ਤੁਸੀਂ ਸਾਰੇ ਬੈਠੋ। ਐਮ.ਐਲ.ਏ. ਸਾਹਿਬ ਬੈਠੋ। ਇੱਕ ਮਿੰਟ ਬੈਠੋ। (ਵਿਘਨ) (ਸ਼ੋਰ) ਮੈਨੂੰ ਗੱਲ ਕਰ ਲੈਣ ਦਿਓ। ਤੁਸੀਂ ਆਪਣੀ ਜਗ੍ਹਾ 'ਤੇ ਚੱਲੋ। ਆਪਣੀ ਜਗ੍ਹਾ 'ਤੇ ਜਾਓ, ਬੈਠੋ। ਤੁਸੀਂ ਆਪਣੀ ਜਗ੍ਹਾ 'ਤੇ ਚੱਲੋ। (ਗੇਵਲ ਮਾਰਦੇ ਹੋਏ) ਮੇਰੀ ਇੱਕ ਬੇਨਤੀ ਹੈ ਕਿ ਸਾਰੇ ਮਾਣਯੋਗ ਮੈਂਬਰ ਸਦਨ ਵਿੱਚ ਪੰਜਾਬ ਦੇ ਲੋਕਾਂ ਦੁਆਰਾ ਚੁਣ ਕੇ ਭੇਜੇ ਗਏ ਹਨ ਅਤੇ ਸਾਰੇ ਹੀ ਬਹੁਤ ਸਤਿਕਾਰਯੋਗ ਹਨ। ਸਾਰੇ ਬਹੁਤ ਹੀ ਸਤਿਕਾਰਯੋਗ ਹਨ। ਵਿਰੋਧੀ ਧਿਰ ਵੱਲੋਂ ਸਦਨ ਦੇ ਨੇਤਾ ਦੀ ਸ਼ਾਨ ਦੇ ਖਿਲਾਫ ਕੋਈ ਗੱਲ ਕਰਨੀ ਨਹੀਂ ਬਣਦੀ ਹੈ। ਉਹ ਜ਼ਿੰਮੇਵਾਰ ਹਨ ਅਤੇ ਸਤਿਕਾਰਯੋਗ ਹਨ। ਮੈਂ ਤੁਹਾਡੇ ਇਸ ਲੈਟਰ ਨੂੰ ਨਾ ਮਨਜ਼ੂਰ ਕਰਦਾ ਹਾਂ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਸਦਨ ਵਿੱਚ ਜਿੰਦਰਾ ਦਿਖਾ ਰਹੇ ਸਨ।)

**ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ** : ਨਹੀਂ ਸਰ, ਮੇਰਾ ਹਾਲੇ ਹੋਇਆ ਨਹੀਂ। ਮੈਂ ਗੱਲ ਕਰ ਰਹੀ ਹਾਂ।

**ਮਾਣਯੋਗ ਸਪੀਕਰ** : ਸੀ.ਐਮ. ਸਾਹਿਬ, ਕਨਕਲੂਡ ਕਰਨਗੇ।

**ਮੁੱਖ ਮੰਤਰੀ** : ਇਹ ਗੱਲ ਜਦੋਂ ਬੀ.ਜੇ.ਪੀ. ਨੇ ਪਾਰਲੀਮੈਂਟ ਵਿੱਚ ਕਹੀ ਸੀ, ਉਦੋਂ ਕਾਂਗਰਸ ਨੇ ਮੇਰੀ ਪਾਰਲੀਮੈਂਟ ਵਿੱਚ ਸਪੋਰਟ ਕੀਤੀ ਸੀ। ਇਹ ਗੱਲਾਂ ਵਿੱਚੋਂ ਗੱਲ ਹੈ ਕੋਈ? ਮੋਬਾਈਲ ਫੋਨ 'ਤੇ ਕੌਣ ਹੈ? (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਉੱਚੀ ਉੱਚੀ ਬੋਲ ਰਹੇ ਸਨ।)

**ਮਾਣਯੋਗ ਸਪੀਕਰ**: ਜੋ ਕੁਝ ਚੇਅਰ ਦੀ ਆਗਿਆ ਤੋਂ ਬਿਨਾਂ ਬੋਲਿਆ ਜਾ ਰਿਹਾ ਹੈ, ਉਹ ਨੋਟ ਨਾ ਕੀਤਾ ਜਾਵੇ।

**ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ** : ਸਪੀਕਰ ਸਾਹਿਬ, ਮਜ਼ਦੂਰ ਦਿਵਸ ਦੀਆਂ ਲੱਖ ਲੱਖ ਵਧਾਈਆਂ, ਰੱਬ ਕਰੇ, ਤੁਹਾਡੀ ਮਿਹਨਤ ਦੀ ਕਦਰ ਹੋਵੇ। ਤੁਹਾਡੇ ਹੱਕ ਸੁਰੱਖਿਅਤ ਰਹਿਣ ਅਤੇ ਤੁਹਾਡੀ ਜ਼ਿੰਦਗੀ ਇੱਜ਼ਤ ਭਰੀ ਹੋਵੇ। ਸਾਡੇ ਪੰਜਾਬ ਦੇ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਤੁਹਾਡੇ ਹੱਕਾਂ ਦੀ ਰਾਖੀ ਕਰਦੇ ਰਹਿਣ। ਸਪੀਕਰ ਸਾਹਿਬ, ਮੈਂ ਅੱਜ ਵਿਧਾਨ ਸਭਾ ਵਿੱਚ ਬਹੁਤ ਹੀ ਮਹੱਤਵਪੂਰਨ ਮਸਲੇ ਦੀ ਗੱਲ ਕਰਨ ਲੱਗੀ ਹਾਂ। (ਵਿਘਨ)(ਸ਼ੋਰ)

**ਮਾਣਯੋਗ ਸਪੀਕਰ** : ਹੋ ਗਿਆ ਜੀ। ਮੈਂ ਤੁਹਾਨੂੰ ਚਿੱਠੀ ਦਾ ਜਵਾਬ ਦੇ ਦਿੱਤਾ ਹੈ ਅਤੇ ਮੈਂ ਤੁਹਾਡਾ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਲੈਟਰ ਨਾ ਮਨਜ਼ੂਰ ਕਰਦਾ ਹਾਂ।

**ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ** : ਮਜ਼ਦੂਰਾਂ ਦੇ ਹੱਕ ਵਿੱਚ ਮਿਨੀਮਮ ਵੇਜ਼ ਰੇਟ ਵਧਾਉਣ ਦੀ ਲੋੜ ਹੈ। ਅੱਜ ਮੈਂ ਲੇਬਰ ਡੇਅ ਦੇ ਪਵਿੱਤਰ ਮੌਕੇ ਤੇ ਮਜ਼ਦੂਰ ਦੀ ਮਿਹਨਤ ਦੀ ਗੱਲ ਕਰਨ ਲੱਗੀ ਹਾਂ। (ਵਿਘਨ)

**ਮਾਣਯੋਗ ਸਪੀਕਰ**: ਨਾਅਰੇ ਰਿਕਾਰਡ ਨਾ ਕੀਤੇ ਜਾਣ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਵੈੱਲ ਆਫ ਦਿ ਹਾਊਸ ਵਿੱਚ ਆ ਕੇ ** ਨਾਅਰੇ ਮਾਰਦੇ ਹੋਏ ਮਾਣਯੋਗ ਸਪੀਕਰ ਸਾਹਿਬ ਨੂੰ ਦਿੱਤੀ ਚਿੱਠੀ 'ਤੇ ਕਾਰਵਾਈ ਕਰਨ ਲਈ ਬੇਨਤੀ ਕਰ ਰਹੇ ਸਨ ਅਤੇ ਟਰੈਜ਼ਰੀ ਬੈਂਚਿਜ਼ ਦੇ ਕਾਫੀ ਮੈਂਬਰ ਸਾਹਿਬਾਨ ਵੀ ਆਪਣੀਆਂ ਸੀਟਾਂ ਤੋਂ ਉੱਠ ਕੇ ਵੈੱਲ ਆਫ ਦਿ ਹਾਊਸ ਵਿੱਚ ਆ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰਾਂ ਵੱਲੋਂ ਸਦਨ ਦੀ ਕਾਰਵਾਈ ਵਿੱਚ ਵਿਘਨ ਪਾਉਣ ਕਰਕੇ ** ਨਾਅਰੇ ਮਾਰਦੇ ਹੋਏ ਉਨ੍ਹਾਂ ਦਾ ਵਿਰੋਧ ਕਰ ਰਹੇ ਸਨ। ਨਾਅਰੇ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ**: ਅੱਜ ਜਦੋਂ ਮਹਿੰਗਾਈ ਆਸਮਾਨ ਨੂੰ ਛੂਹ ਰਹੀ ਹੈ ਤਾਂ ਆਮ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਰੋਜ਼ੀ ਰੋਟੀ ਚਲਾਉਣੀ ਬਹੁਤ ਔਖੀ ਹੈ। (ਵਿਘਨ)(ਸ਼ੋਰ) ਇਸ ਸਥਿਤੀ ਵਿੱਚ ਮਿਨੀਮਮ ਵੇਜ ਰੇਟ ਵਧਾਉਣਾ ਇੱਕ ਫੈਸਲਾ ਨਹੀਂ ਸਗੋਂ ਇੱਕ ਜ਼ਿੰਮੇਵਾਰੀ ਵੀ ਹੈ। (ਵਿਘਨ)(ਸ਼ੋਰ) ਮਜ਼ਦੂਰ ਦੀ ਮਿਹਨਤ ਦੇਸ਼ ਦੀ ਤਾਕਤ। ਸਪੀਕਰ ਸਾਹਿਬ, ਇਨ੍ਹਾਂ ਸਾਰਿਆਂ ਨੂੰ ਚੁੱਪ ਕਰਵਾਓ। (ਵਿਘਨ)(ਸ਼ੋਰ)

**ਮਾਣਯੋਗ ਸਪੀਕਰ**: ਨਾਅਰੇ ਰਿਕਾਰਡ ਨਾ ਕੀਤੇ ਜਾਣ।

---

** Not recorded as ordered by the Chair.

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ**: ਪੰਜਾਬ ਸਰਕਾਰ ਨੇ ਇਸ ਜ਼ਿੰਮੇਵਾਰੀ ਨੂੰ ਸਮਝਦਿਆਂ ਮਜ਼ਦੂਰਾਂ ਦੇ ਹੱਕ ਵਿੱਚ ਕਦਮ ਚੁੱਕਿਆ ਹੈ। ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਸਾਡੇ ਮੰਤਰੀ ਸਰਦਾਰ ਤਰੁਨਪ੍ਰੀਤ ਸਿੰਘ ਸੌਂਦ ਜੀ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਇਹ ਆਮ ਲੋਕਾਂ ਦੀ ਸਰਕਾਰ ਹੈ। (ਵਿਘਨ)(ਸ਼ੋਰ) ਮਿਹਨਤ ਦਾ ਪੂਰਾ ਮੁੱਲ ਇਹੀ ਸਾਡਾ ਅਸੂਲ ਹੈ। ਕੁਝ ਲੋਕ ਇਸ ਫੈਸਲੇ ਦੀ ਆਲੋਚਨਾ ਕਰਦੇ ਹਨ ਅਤੇ ਕਹਿੰਦੇ ਹਨ ਕਿ ਇਸ ਨਾਲ ਬੋਝ ਵਧੇਗਾ। ਸਪੀਕਰ ਸਾਹਿਬ, ਇਹ ਜਿਹੜੇ ਤੁਹਾਡੇ ਸਾਹਮਣੇ ਖੜ੍ਹੇ ਹਨ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਇਹ ਇਸ ਕਰਕੇ ਵਿਰੋਧ ਕਰ ਰਹੇ ਹਨ ਕਿਉਂਕਿ ਇਨ੍ਹਾਂ ਦੇ ਫੈਕਟਰੀਆਂ ਦੇ ਮਜ਼ਦੂਰਾਂ ਦਾ ਜਦੋਂ ਵੇਜਿਜ ਦਾ ਰੇਟ ਵਧੇਗਾ ਤਾਂ ਇਨ੍ਹਾਂ ਲਈ ਔਖਾ ਹੋਵੇਗਾ। (ਵਿਘਨ)(ਸ਼ੋਰ)

**ਮਾਣਯੋਗ ਸਪੀਕਰ (ਗੇਵਲ ਮਾਰਦੇ ਹੋਏ)**: ਮੈਂ ਸਾਰੇ ਸਦਨ ਦੇ ਮਾਣਯੋਗ ਮੈਂਬਰਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਸਾਰੇ ਆਪਣੀ ਆਪਣੀ ਜਗ੍ਹਾ 'ਤੇ ਚਲੇ ਜਾਣ। ਮੈਂ ਸਦਨ ਦੇ ਸਾਰੇ ਮਾਣਯੋਗ ਮੈਂਬਰਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਸਾਰੇ ਆਪਣੀ ਆਪਣੀ ਜਗ੍ਹਾ 'ਤੇ ਚਲੇ ਜਾਣ। (ਵਿਘਨ)(ਸ਼ੋਰ)

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ**: ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਾਲੀ ਸਰਕਾਰ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਮਜ਼ਦੂਰ ਦੀ ਜ਼ਿੰਦਗੀ ਇੰਨੀ ਸਸਤੀ ਨਹੀਂ, ਉਸ ਦੀ ਮਿਹਨਤ ਦੀ ਪੂਰੀ ਕਦਰ ਹੈ। (ਵਿਘਨ)(ਸ਼ੋਰ) ਜਦੋਂ ਮਜ਼ਦੂਰ ਖੁਸ਼ਹਾਲ ਹੋਵੇਗਾ ਤਦ ਹੀ ਪੰਜਾਬ ਅੱਗੇ ਵਧੇਗਾ। ਮਜ਼ਦੂਰ ਮਜ਼ਬੂਤ ਤਾਂ ਪੰਜਾਬ ਮਜ਼ਬੂਤ। (ਵਿਘਨ)(ਸ਼ੋਰ) ਸਪੀਕਰ ਸਾਹਿਬ, ਇਹ ਫੈਸਲਾ ਸਿਰਫ ਤਨਖਾਹ ਵਧਾਉਣ ਦਾ ਨਹੀਂ ਹੈ, ਇਹ ਇਨਸਾਫ ਦੇਣ ਦਾ ਫੈਸਲਾ ਹੈ। ਇਹ ਉਨ੍ਹਾਂ ਹੱਕਾਂ ਦੀ ਕਦਰ ਦਾ ਫੈਸਲਾ ਹੈ ਜਿਹੜੇ ਦਿਨ-ਰਾਤ ਮਿਹਨਤ ਕਰਦੇ ਹਨ। (ਵਿਘਨ)(ਸ਼ੋਰ)

**ਮਾਣਯੋਗ ਸਪੀਕਰ** : ਮੈਂ ਸਦਨ ਦੇ ਸਾਰੇ ਮਾਣਯੋਗ ਮੈਂਬਰ ਸਾਹਿਬਾਨ ਨੂੰ, ਆਪੋਜ਼ੀਸ਼ਨ ਦੇ ਮੈਂਬਰਾਂ ਨੂੰ ਅਤੇ ਟਰੈਜ਼ਰੀ ਦੇ ਮੈਂਬਰ ਸਾਹਿਬਾਨਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਸਾਰੇ ਆਪਣੀ ਆਪਣੀ ਜਗ੍ਹਾ 'ਤੇ ਚਲੇ ਜਾਣ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ** : ਮੈਂ ਸਾਰਿਆਂ ਨੂੰ ਅਪੀਲ ਕਰਦੀ ਹਾਂ ਕਿ ਸਾਰੇ ਇਕੱਠੇ ਹੋ ਕੇ ਇਸ ਫੈਸਲੇ ਦਾ ਸਮਰਥਨ ਕਰੀਏ ਅਤੇ ਮਜ਼ਦੂਰਾਂ ਨੂੰ ਹੱਕ ਦਿਵਾਈਏ। ਕਿਰਤੀ ਵਰਗ ਦੀ ਇੱਜ਼ਤ ਸਾਡੀ ਸਭ ਦੀ ਜ਼ਿੰਮੇਵਾਰੀ ਹੈ। (ਵਿਘਨ)(ਸ਼ੋਰ) ਆਓ ਅਸੀਂ ਵਾਅਦਾ ਕਰੀਏ ਕਿ ਮਜ਼ਦੂਰਾਂ ਦੇ ਹੱਕਾਂ ਦੀ ਹਮੇਸ਼ਾ ਰੱਖਿਆ ਕਰਾਂਗੇ। ਖੁਸ਼ਹਾਲ ਪੰਜਾਬ ਦਾ ਨਿਰਮਾਣ ਕਰਾਂਗੇ। ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਅਤੇ ਕੇਜਰੀਵਾਲ ਸਾਹਿਬ ਦਾ ਬਹੁਤ-ਬਹੁਤ ਧੰਨਵਾਦ ਜਿਨ੍ਹਾਂ ਨੇ ਮਜ਼ਦੂਰਾਂ ਦੇ ਹੱਕ ਵਿੱਚ ਨਾਅਰਾ ਲਗਾਇਆ।

**ਮਾਣਯੋਗ ਸਪੀਕਰ**: ਨਾਅਰੇ ਰਿਕਾਰਡ ਨਾ ਕੀਤੇ ਜਾਣ। ਮੈਂ ਸਦਨ ਦੇ ਸਾਰੇ ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਸਾਨੂੰ ਪੰਜਾਬ ਦੇ ਲੋਕਾਂ ਨੇ ਆਪਣੀ ਮਤ ਦੇ ਕੇ ਚੁਣ ਕੇ ਇੱਥੇ ਭੇਜਿਆ ਹੈ। ਇਹ ਜਿਹੜੀ ਕਾਰਵਾਈ ਹੈ, ਇਹ ਲਾਈਵ ਚੱਲ ਰਹੀ ਹੈ, ਇਸ ਨੂੰ ਸਾਰੀ ਦੁਨੀਆ ਦੇਖ ਰਹੀ ਹੈ। ਕਿਰਪਾ ਕਰਕੇ ਤੁਸੀਂ ਸਾਰੇ ਆਪਣੀ ਆਪਣੀ ਜਗ੍ਹਾ 'ਤੇ ਬੈਠ ਜਾਓ ਤਾਂ ਕਿ ਅੱਜ ਕਿਰਤੀਆਂ ਨੂੰ ਮਾਣ ਸਨਮਾਨ ਦੇਣ ਵਾਸਤੇ ਜੋ ਇਹ ਸਪੈਸ਼ਲ ਸੈਸ਼ਨ ਬੁਲਾਇਆ ਗਿਆ ਹੈ, ਉਸ ਨੂੰ ਆਪਾਂ ਅੱਗੇ ਚਾਲੂ ਕਰੀਏ। (ਵਿਘਨ)(ਸ਼ੋਰ) ਹੋ ਗਿਆ, ਹੋ ਗਿਆ। ਚਲੋ, ਚਲੋ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਆ ਕੇ ** ਨਾਅਰੇ ਮਾਰਦੇ ਹੋਏ ਮਾਣਯੋਗ ਸਪੀਕਰ ਸਾਹਿਬ ਨੂੰ ਦਿੱਤੀ ਚਿੱਠੀ 'ਤੇ ਕਾਰਵਾਈ ਕਰਨ ਲਈ ਬੇਨਤੀ ਕਰ ਰਹੇ ਸਨ ਅਤੇ ਟਰੈਜ਼ਰੀ ਬੈਂਚਿਜ਼ ਦੇ ਕਾਫੀ ਮੈਂਬਰ ਸਾਹਿਬਾਨ ਵੀ ਆਪਣੀਆਂ ਸੀਟਾਂ ਤੋਂ ਉੱਠ ਕੇ ਵੈੱਲ ਆਫ ਦਿ ਹਾਊਸ ਵਿੱਚ ਆ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰਾਂ ਵੱਲੋਂ ਸਦਨ ਦੀ ਕਾਰਵਾਈ ਵਿੱਚ ਵਿਘਨ ਪਾਉਣ ਕਰਕੇ ** ਨਾਅਰੇ ਮਾਰਦੇ ਹੋਏ ਉਨ੍ਹਾਂ ਦਾ ਵਿਰੋਧ ਕਰ ਰਹੇ ਸਨ। ਨਾਅਰੇ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ** : ਸਪੀਕਰ ਸਾਹਿਬ, ਇਹ ਲੋਕ ਜਿਹੜੇ ਵਾਰ ਵਾਰ ਕੱਪੜੇ ਬਦਲ ਕੇ ਸੈਸ਼ਨ ਵਿੱਚ ਫੋਟੋਸ਼ੂਟ ਕਰਵਾਉਣ ਆਉਂਦੇ ਹਨ, ਇਨ੍ਹਾਂ ਨੂੰ ਮਜ਼ਦੂਰਾਂ ਨਾਲ ਕੋਈ ਮਤਲਬ ਨਹੀਂ ਹੈ। (ਵਿਘਨ)(ਸ਼ੋਰ)

**ਮਾਣਯੋਗ ਸਪੀਕਰ:** ਨਾਅਰੇ ਰਿਕਾਰਡ ਨਾ ਕੀਤੇ ਜਾਣ।

---

## SHORT ADJOURNMENT OF THE HOUSE ONCE AGAIN

**ਮਾਣਯੋਗ ਸਪੀਕਰ** : ਸਦਨ 3.20 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਕੀਤਾ ਜਾਂਦਾ ਹੈ।

*3.10 ਵਜੇ ਬਾਅਦ ਦੁਪਹਿਰ।) (ਇਸ *ਸਮੇਂ ਸਦਨ 3.20 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।)

---

*3.20 ਵਜੇ ਬਾਅਦ ਦੁਪਹਿਰ।) (*ਇਸ ਸਮੇਂ ਸਦਨ ਮੁੜ ਇਕੱਤਰ ਹੋਇਆ।)

---

## EXTENSION OF TIME OF THE SITTING OF THE HOUSE

**ਮਾਣਯੋਗ ਸਪੀਕਰ:** ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸਦਨ ਦੀ ਕਾਰਵਾਈ ਦਾ ਸਮਾਂ ਅੱਜ ਦੀ ਕਾਰਜ ਸੂਚੀ ਵਿੱਚ ਦਰਜ ਆਈਟਮਜ਼ ਦੇ ਖਤਮ ਹੋਣ ਤੱਕ ਵਧਾ ਦਿੱਤਾ ਜਾਵੇ?

**(ਆਵਾਜ਼ਾਂ:** ਹਾਂ ਜੀ, ਹਾਂ ਜੀ।**)**

**ਮਾਣਯੋਗ ਸਪੀਕਰ:** ਸਦਨ ਦੀ ਕਾਰਵਾਈ ਦਾ ਸਮਾਂ ਅੱਜ ਦੀ ਕਾਰਜ ਸੂਚੀ ਵਿੱਚ ਦਰਜ ਆਈਟਮਜ਼ ਦੇ ਖਤਮ ਹੋਣ ਤੱਕ ਵਧਾਇਆ ਜਾਂਦਾ ਹੈ।

---

** Not recorded as ordered by the Chair.

**OFFICIAL RESOLUTION REGARDING HONOURING LABOUR WORK FORCE BY INCREASING THEIR MINIMUM WAGES ON THE OCCASION OF MAY DAY (LABOUR DAY) TO APPRECIATE THEIR CONTRIBUTION TO THE SOCIETY *(RESUMPTION)***

**ਮਾਣਯੋਗ ਸਪੀਕਰ** : ਮੰਤਰੀ ਜੀ, ਮੇਰਾ ਖਿਆਲ ਹੈ ਕਿ ਹੁਣ ਤੁਹਾਡੇ ਵੱਲੋਂ ਕੋਈ ਕਲੈਰੀਫਿਕੇਸ਼ਨ ਦੇਣ ਦੀ ਤਾਂ ਲੋੜ ਨਹੀਂ ਹੈ। ਸੀ.ਐਮ. ਸਾਹਿਬ ਕਨਕਲੂਡ ਕਰ ਦੇਣਗੇ।

**ਕਿਰਤ ਮੰਤਰੀ (ਬੈਠੇ-ਬੈਠੇ)** : ਹਾਂ ਜੀ।

**ਮਾਣਯੋਗ ਸਪੀਕਰ**: ਮਾਣਯੋਗ ਮੁੱਖ ਮੰਤਰੀ ਸਾਹਿਬ।

**ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ)**: ਸਪੀਕਰ ਸਾਹਿਬ, ਦਿਲ ਦੀਆਂ ਗਹਿਰਾਈਆਂ ਤੋਂ ਬਹੁਤ-ਬਹੁਤ ਧੰਨਵਾਦ। ਅੱਜ May Day ਹੈ, ਮਜ਼ਦੂਰਾਂ ਦਾ ਦਿਨ ਹੈ। ਇਸ ਨੂੰ ਮਈ ਦਿਵਸ ਦੇ ਤੌਰ 'ਤੇ ਵੀ ਮਨਾਇਆ ਜਾਂਦਾ ਹੈ। ਜਿਨ੍ਹਾਂ ਮਜ਼ਦੂਰਾਂ ਨੇ ਕੁਰਬਾਨੀਆਂ ਦਿੱਤੀਆਂ, ਸ਼ਿਕਾਗੋ ਤੋਂ ਇਹ movement ਚੱਲਿਆ ਸੀ। ਉਨ੍ਹਾਂ ਨੂੰ ਵੀ ਸ਼ਰਧਾਂਜਲੀ ਦਿੰਦੇ ਹਾਂ, ਸਿਜਦਾ ਕਰਦੇ ਹਾਂ। ਬੜੇ ਵਧੀਆ ਤਰੀਕੇ ਨਾਲ ਵਿਧਾਨ ਸਭਾ ਸ਼ੁਰੂ ਹੋਈ ਸੀ, ਬੜੇ ਅੱਛੇ ਮਾਹੌਲ ਵਿੱਚ ਸ਼ੁਰੂ ਹੋਈ ਸੀ ਪਰ ਕਿਉਂਕਿ ਅੱਜ ਮਜ਼ਦੂਰਾਂ ਦਾ ਦਿਨ ਹੈ ਅਤੇ ਕਾਂਗਰਸ ਦਾ ਮਜ਼ਦੂਰਾਂ ਨਾਲ ਪਹਿਲੇ ਦਿਨ ਤੋਂ ਹੀ ਵਿਰੋਧ ਰਿਹਾ ਹੈ। ਸੋ, ਇਹ ਹਮੇਸ਼ਾ ਕੋਈ ਨਾ ਕੋਈ ਬਹਾਨਾ ਬਣਾ ਕੇ ਅਕਸਰ ਵਾਕ-ਆਊਟ ਕਰ ਜਾਂਦੇ ਹਨ ਜਾਂ ਚਲੇ ਜਾਂਦੇ ਹਨ। ਚੰਗਾ ਹੁੰਦਾ ਜੇ ਇੱਥੇ ਬੈਠੇ ਹੁੰਦੇ ਪਰ ਕੋਈ ਗੱਲ ਨਹੀਂ, ਹਾਊਸ ਚੱਲਣਾ ਹੀ ਹੈ। ਇਹ ਕਿਹੜਾ ਕਿਸੇ ਦੀ ਕੋਈ ਨਿੱਜੀ ਜਾਇਦਾਦ ਹੈ। ਸਪੀਕਰ ਸਾਹਿਬ, ਦੋ ਤਿੰਨ ਗੱਲਾਂ ਹਨ ਜਿਹੜੀਆਂ ਜ਼ਰੂਰੀ ਕਰਨ ਵਾਲੀਆਂ ਹਨ। ਮਜ਼ਦੂਰ ਬਾਰੇ ਬੜਾ ਕੁਝ ਲਿਖਿਆ ਵੀ ਗਿਆ ਹੈ। ਲਿਖਿਆ ਤਾਂ ਬਹੁਤ ਕੁਝ ਗਿਆ ਹੈ ਅਤੇ ਮਜ਼ਦੂਰ ਬਾਰੇ ਇਸ ਮੁਕੱਦਸ ਹਾਊਸ ਵਿੱਚ ਬਹੁਤ ਵਾਰੀ ਚਰਚਾ ਵੀ ਹੋਈ ਹੈ ਪਰ ਉਸ ਦੀ ਕੋਈ ਆਊਟਪੁੱਟ ਨਿਕਲ ਕੇ ਸਾਹਮਣੇ ਨਹੀਂ ਆਈ, ਉਸ ਦੀ ਜ਼ਿੰਦਗੀ ਬਦਲਣ ਦਾ ਕੋਈ ਜ਼ਰੀਆ ਨਹੀਂ ਲੱਭਿਆ। ਇੱਕ ਜ਼ਰੀਆ ਹੈ, ਮਜ਼ਦੂਰ ਦੇ ਘਰ ਦਾ ਨਕਸ਼ਾ ਬਦਲਣ ਦਾ ਇੱਕ ਜ਼ਰੀਆ ਹੈ, ਉਹ ਹੈ ਕਿ ਉਸ ਦੇ ਬੱਚਿਆਂ ਨੂੰ ਕੁਆਲਿਟੀ ਐਜੂਕੇਸ਼ਨ ਦਿੱਤੀ ਜਾਵੇ। ਮੈਂ ਕੁਆਲਿਟੀ ਐਜੂਕੇਸ਼ਨ ਕਿਹਾ ਹੈ, ਸਿਰਫ ਇਸ ਤਰ੍ਹਾਂ ਹੀ ਨਹੀਂ ਕਿ ਮਜ਼ਦੂਰ ਦਾ ਬੱਚਾ ਸਕੂਲ ਜਾਂਦਾ ਹੈ ਜਾਂ ਆਪਾਂ ਅਖਬਾਰਾਂ ਵਿੱਚ ਪੜ੍ਹ ਲੈਂਦੇ ਹਾਂ ਕਿ ਇੱਕ ਮਜ਼ਦੂਰ ਦੀ ਬੇਟੀ first ਆਈ। ਇੱਕ ਮਜ਼ਦੂਰ ਦੀ ਬੇਟੀ first ਆ ਗਈ, ਫਿਰ ਉਸ ਤੋਂ ਬਾਅਦ ਕਿੱਥੇ ਜਾਂਦੀ ਹੈ। ਸ਼ਾਇਦ ਬਾਅਦ ਵਿੱਚ ਆਪਾਂ ਪਤਾ ਨਹੀਂ ਕਰਦੇ, ਉਹ ਇੱਕ ਦਿਨ ਦੀ ਹੀ ਸਟੋਰੀ ਹੁੰਦੀ ਹੈ। ਇੱਕ ਸ਼ਾਇਰ ਨੇ ਲਿਖਿਆ ਹੈ, ਉਹ ਕਹਿੰਦਾ ਹੈ:

ਅੱਗ ਵੀ ਹਿੰਮਤੋਂ ਬਹੁਤੀ ਦਿੱਤੀ, ਫਿਰ ਵੀ ਭਾਂਡੇ ਪਿੱਲੇ ਰਹੇ।
ਭਾਂਬੜ ਵਰਗੀ ਅੱਗ ਦੇ ਵਿੱਚ ਵੀ, ਮਜ਼ਦੂਰ ਦੇ ਲੀੜੇ ਗਿੱਲੇ ਰਹੇ।
ਦੋਸ਼ ਨਾ ਦਿਓ ਝੱਖੜਾਂ ਅਤੇ ਤੂਫਾਨਾਂ ਨੂੰ, ਸਿਰ ਤੋਂ ਉੱਡੇ ਤੰਬੂਆਂ ਦਾ,
ਰੱਸੇ ਠੀਕ ਨਹੀਂ ਬੰਨ੍ਹੇ ਹੋਣੇ ਜਾਂ ਫਿਰ ਕਿੱਲੇ ਢਿੱਲੇ ਰਹੇ।

ਸੋ, ਆਪਾਂ ਉਸ ਨੂੰ ਉਸ ਦੀ ਕਿਸਮਤ 'ਤੇ ਨਾ ਛੱਡੀਏ ਕਿ ਇਸ ਦੀ ਤਾਂ ਕਿਸਮਤ ਹੈ, ਰੱਸੇ ਢਿੱਲੇ ਹਨ ਜਾਂ ਕਿੱਲੇ ਢਿੱਲੇ ਹਨ। ਆਪਣਾ ਮਾਨਵਤਾ ਦਾ ਫਰਜ਼ ਬਣਦਾ ਹੈ ਕਿ ਉਸ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਵਾਸਤੇ

ਐਫਰਟਸ ਕਰੀਏ। ਉਸ ਦੇ ਬੱਚਿਆਂ ਨੂੰ ਪੜ੍ਹਾਈ ਦਾ ਹੱਕ ਮਿਲੇ, ਮੈਂ ਕੁਆਲਿਟੀ ਐਜੂਕੇਸ਼ਨ ਦੇਣ ਬਾਰੇ ਕਿਹਾ ਹੈ। ਸਪੀਕਰ ਸਾਹਿਬ, ਹੁਣ ਜਿਹੜੇ ਪਿਛਲੇ ਦਿਨੀਂ ਜੇ.ਈ. ਮੇਨਜ਼ ਵਿੱਚ ਬੱਚੇ first ਆਏ ਸਨ, ਜਿਹੜੇ ਸਰਕਾਰੀ ਸਕੂਲਾਂ ਦੇ 359 ਬੱਚਿਆਂ ਨੇ ਜੇ.ਈ. ਮੇਨਜ਼ ਕਲੀਅਰ ਕੀਤਾ ਹੈ, ਮੈਂ ਉਨ੍ਹਾਂ ਨਾਲ ਇੱਕ ਮੀਟਿੰਗ ਕੀਤੀ ਸੀ। ਬੱਚਿਆਂ ਦਾ confidence ਕਮਾਲ ਦਾ ਹੈ ਅਤੇ ਜਿਨ੍ਹਾਂ ਨੂੰ 2 ਸਾਲ ਪਹਿਲਾਂ ਇਹ ਨਹੀਂ ਪਤਾ ਸੀ ਕਿ ਜੇ.ਈ. ਹੁੰਦਾ ਕੀ ਹੈ? ਜਦੋਂ ਜੇ.ਈ. ਕਲੀਅਰ ਹੋ ਗਿਆ, ਉਸ ਤੋਂ ਬਾਅਦ ਕਹਿੰਦੇ ਅਸੀਂ ਜੇ.ਈ. ਐਡਵਾਂਸ ਕਰਨਾ ਹੈ, ਮੇਨ ਪਾਸ ਕਰਾਂਗੇ ਅਤੇ ਫਿਰ ਆਈ.ਆਈ.ਟੀ. ਵਿੱਚ ਜਾਵਾਂਗੇ। ਉਨ੍ਹਾਂ ਵਿੱਚੋਂ 10-15 ਬੱਚੇ ਬੋਲੇ ਵੀ ਸਨ, ਉਨ੍ਹਾਂ ਨੇ ਆਪਣਾ ਨਜ਼ਰੀਆ ਰੱਖਿਆ, ਸਕਸੈੱਸ ਸਟੋਰੀ ਕਹਿ ਲਵੋ ਜਾਂ ਸਟਰਗਲ ਸਟੋਰੀ ਕਹਿ ਲਵੋ। ਉਨ੍ਹਾਂ 10-15 ਬੱਚਿਆਂ ਵਿੱਚੋਂ 9-10 ਬੱਚੇ ਮਜ਼ਦੂਰਾਂ ਦੇ ਸਨ ਕਿਉਂਕਿ ਉਨ੍ਹਾਂ ਨੂੰ ਕਿਹਾ ਗਿਆ ਸੀ ਕਿ ਉਠਣਸਾਰ ਪਹਿਲਾਂ ਆਪਣਾ ਨਾਂ, ਫਿਰ ਸਕੂਲ ਦਾ ਨਾਂ ਅਤੇ ਫਿਰ ਮਾਤਾ ਪਿਤਾ ਬਾਰੇ ਦੱਸਣਾ ਹੈ। ਲਗਭਗ ਸਾਰਿਆਂ ਨੇ ਕਿਹਾ ਕਿ ਮੇਰੇ ਪਿਤਾ ਜੀ ਮਜ਼ਦੂਰ ਹਨ ਜਾਂ ਦਿਹਾੜੀਦਾਰ ਹਨ ਜਾਂ ਕਿਸਾਨ ਹਨ, ਕਿਸਾਨ ਵੀ ਤਾਂ ਮਜ਼ਦੂਰ ਹੀ ਹੈ। ਉਹ ਆਪਣੇ ਖੇਤ ਜਾ ਕੇ ਮਜ਼ਦੂਰੀ ਹੀ ਕਰਦਾ ਹੈ, ਹੋਰ ਕੀ ਕਰਦਾ ਹੈ ਅਤੇ ਜਦੋਂ ਉਨ੍ਹਾਂ ਦੇ ਬੱਚੇ ਆਈ.ਆਈ.ਟੀ. ਕਰ ਗਏ ਅਤੇ 35-35, 40-40 ਜਾਂ 50-50 ਲੱਖ ਰੁਪਏ ਦੇ ਸਾਲਾਨਾ ਪੈਕੇਜ ਉਨ੍ਹਾਂ ਦੇ ਬੱਚਿਆਂ ਨੂੰ ਮਿਲਣ ਲੱਗ ਗਏ ਤਾਂ ਫਿਰ ਉਨ੍ਹਾਂ ਦੇ ਘਰਾਂ ਦੇ ਨਕਸ਼ੇ ਬਦਲਣਗੇ, ਨਹੀਂ ਤਾਂ ਇੰਨੂਆਂ ਨੇ, ਜਿਹੜਾ ਇੰਨੂ ਹੈ (ਸਿਰ ਉੱਤੇ ਹੱਥ ਲਗਾ ਕੇ ਦੱਸਦੇ ਹੋਏ), ਉਹ ਇੱਕ ਗੋਲ ਜਿਹਾ ਕੱਪੜਾ ਹੁੰਦਾ ਹੈ, ਉਸ ਨੂੰ ਭਾਰ ਚੁੱਕਣ ਵੇਲੇ ਸਿਰ 'ਤੇ ਰੱਖਿਆ ਜਾਂਦਾ ਹੈ। ਮੈਂ ਕੱਲ੍ਹ ਵੀ ਪਿੰਡ ਜਾ ਕੇ ਆਇਆ ਹਾਂ। ਮੇਰੀਆਂ ਚਾਚੀਆਂ, ਤਾਈਆਂ, ਭਾਬੀਆਂ, ਅਸੀਂ ਉਨ੍ਹਾਂ ਨੂੰ ਚਾਚੀਆਂ, ਤਾਈਆਂ, ਭਾਬੀਆਂ ਹੀ ਕਹਿੰਦੇ ਹਾਂ ਕਿਉਂਕਿ ਆਪਾਂ ਭਾਈ-ਭਰੱਪੇ ਵਿੱਚ ਰਹਿੰਦੇ ਹਾਂ, ਉਨ੍ਹਾਂ ਦੇ ਇੰਨੂਆਂ ਨਾਲ ਵਾਲ ਝੜ ਗਏ ਹਨ, ਇੱਕ ਗੋਲ ਚੱਕਰ ਵਾਲਾਂ ਦਾ ਝੜ ਗਿਆ ਹੈ ਕਿਉਂਕਿ ਹਰ ਵਕਤ ਸਿਰ 'ਤੇ ਭਾਰ ਹੀ ਰਹਿੰਦਾ ਹੈ। ਉਨ੍ਹਾਂ ਨੂੰ ਸਵੇਰੇ ਗੋਹੇ-ਕੂੜੇ ਵਾਲਾ ਟੋਕਰਾ ਜਾਂ ਬੱਠਲ, ਦੁਪਹਿਰੇ ਜਿਹੇ ਚਰੀ ਦੀ ਪੰਡ ਅਤੇ ਸ਼ਾਮ ਨੂੰ ਬਾਲਣ ਦੀ ਪੰਡ ਸਿਰ 'ਤੇ ਚੁੱਕਣੀ ਪੈਂਦੀ ਹੈ। ਸਰ, ਹਰ ਵਕਤ ਇੰਨੂ ਸਿਰ 'ਤੇ ਰਹਿੰਦਾ ਹੈ। ਫਿਰ, ਉਹ ਇੰਨੂ ਕਿਸ ਤਰ੍ਹਾਂ ਲਾਹੇ ਜਾਣ? ਉਹ ਉਨ੍ਹਾਂ ਦੇ ਬੱਚੇ ਐਜੂਕੇਸ਼ਨ ਨਾਲ ਪੜ੍ਹ ਲਿਖ ਕੇ ਲਾਹ ਸਕਦੇ ਹਨ। ਜਦੋਂ ਬੱਚਾ ਯੂ.ਪੀ.ਐਸ.ਸੀ. ਕਲੀਅਰ ਕਰਕੇ ਡੀ.ਸੀ. ਲੱਗ ਗਿਆ ਜਾਂ ਆਈ.ਪੀ.ਐਸ. ਬਣ ਗਿਆ ਜਾਂ ਕਿਧਰੇ ਪਾਸੇ ਹੋਰ ਚੱਲਿਆ ਗਿਆ ਤਾਂ ਫਿਰ ਉਨ੍ਹਾਂ ਦੇ ਘਰਾਂ ਦੇ ਨਕਸ਼ੇ ਬਦਲਣਗੇ ਜੀ। ਇਹ ਹਰੇ ਕਾਰਡਾਂ, ਲਾਲ ਕਾਰਡਾਂ, ਪੀਲੇ ਕਾਰਡਾਂ ਨਾਲ ਰੋਟੀ ਤਾਂ ਮਿਲ ਸਕਦੀ ਹੈ ਪਰ ਨਕਸ਼ੇ ਨਹੀਂ ਬਦਲੇ ਜਾ ਸਕਦੇ ਕਿਉਂਕਿ ਉਨ੍ਹਾਂ ਕੋਲ ਜੇਕਰ ਆਟਾ ਹੈ ਤਾਂ ਪਰਾਤ ਨਹੀਂ, ਪਰਾਤ ਹੈ ਤਾਂ ਆਟਾ ਨਹੀਂ। ਸੋ, ਅੱਜ ਮਜ਼ਦੂਰ ਦਿਵਸ ਦੇ ਮੌਕੇ 'ਤੇ ਬਹੁਤ ਸਾਰੇ ਮੇਰੇ ਸਾਥੀਆਂ ਨੇ ਬੋਲਿਆ ਹੈ ਕਿਉਂਕਿ ਬਹੁਤ ਸਾਰੇ ਸਾਡੇ ਸਾਥੀ ਖੁਦ ਪਿੰਡੇ 'ਤੇ ਉਨ੍ਹਾਂ ਚੀਜ਼ਾਂ ਨੂੰ ਹੰਢਾਅ ਕੇ ਆਏ ਹਨ। ਮੈਂ ਖੁਦ ਵੀ ਹੰਢਾਏ ਹੋਏ ਹਨ, ਮੈਂ ਵੀ ਕੰਮ ਕੀਤਾ ਹੋਇਆ ਹੈ। ਸਿਆਣੇ ਕਹਿੰਦੇ ਹਨ ਕਿ ਮਜ਼ਦੂਰ ਦੀ ਮਜ਼ਦੂਰੀ ਉਸ ਦਾ ਪਸੀਨਾ ਸੁੱਕਣ ਤੋਂ ਪਹਿਲਾਂ ਮਿਲ ਜਾਣੀ ਚਾਹੀਦੀ ਹੈ ਕਿਉਂਕਿ ਉਸ ਨੇ ਉਸੇ ਦਿਨ ਹੀ ਖਾਣਾ ਹੁੰਦਾ ਹੈ, ਅੰਗਰੇਜ਼ੀ ਵਿੱਚ hand to mouth ਕਹਿੰਦੇ ਹੁੰਦੇ ਹਨ। ਸੋ, ਉਸੇ ਦਿਨ ਹੀ ਕਮਾਉਂਦਾ ਹੈ ਅਤੇ ਉਸੇ ਦਿਨ ਹੀ ਖਾਂਦਾ ਹੈ। ਸ਼ਾਇਰ ਕਹਿੰਦਾ ਹੈ ਕਿ :

ਜੀਵਨ ਰੁੱਖ ਨੂੰ ਹੱਥੀਂ ਟੱਕੇ ਨਾ ਮਾਰੋ, ਸਾਹਾਂ ਦੇ ਦਾਣੇ ਚੱਬੋ, ਫੱਕੇ ਨਾ ਮਾਰੋ,
ਗਰੀਬ ਦਾ ਬਾਲ ਖਿਡੌਣੇ ਵੇਂਹਦਾ ਹੈ ਤਾਂ ਕੀ ਹੋਇਆ, ਆਪੇ ਤੁਰ ਜਾਵੇਗਾ, ਧੱਕੇ ਨਾ ਮਾਰੋ। (ਥੰਪਿੰਗ)

ਅੱਗੇ ਉਹ ਕਹਿੰਦਾ ਹੈ ਕਿ :

ਜਿੱਤ ਲੈਣਾ ਤੇ ਖੋਹ ਲੈਣਾ ਇੱਕ ਬਰਾਬਰ ਨਹੀਂ ਹੁੰਦਾ, ਯਾਰ ਦੁੱਕੀਆਂ ਨਾਲ ਤਾਂ ਸਾਡੇ ਯੱਕੇ ਨਾ ਮਾਰੋ।

ਸਰ, ਉਨ੍ਹਾਂ ਦੇ ਦੁੱਕੀਆਂ ਨਾਲ ਯੱਕੇ ਮਾਰੇ ਜਾਂਦੇ ਹਨ, ਕੋਈ ਵੀ ਆਉਂਦਾ ਹੈ। ਮੈਂ ਇੱਕ ਵਾਰ ਪਾਕਿਸਤਾਨ ਦਾ ਇੱਕ ਸ਼ੋਅ ਦੇਖ ਰਿਹਾ ਸੀ, ਬੜਾ ਫੇਮਸ ਸ਼ੋਅ ਹੈ-ਮਜ਼ਾਕ ਰਾਤ। ਉਸ ਦੇ ਵਿੱਚ ਪਾਕਿਸਤਾਨ ਦੇ ਪਿੰਡਾਂ ਤੋਂ ਬੱਚੇ ਆਉਂਦੇ ਹਨ, ਬਹੁਤ ਕਮਾਲ ਦੀ ਸ਼ੇਅਰੋ-ਸ਼ਾਇਰੀ ਕਰਦੇ ਹਨ। ਉਸ ਦੇ ਵਿੱਚ ਇੱਕ ਲੇਡੀ ਆਈ, ਉਸ ਨੂੰ ਉਨ੍ਹਾਂ ਨੇ ਪੁੱਛਿਆ, ਉਸ ਮੁੰਡੇ ਦਾ ਨਾਂ ਇਮਰਾਨ ਹਸ਼ਰਫ ਹੈ, ਜਿਹੜਾ ਉਸ ਸ਼ੋਅ ਨੂੰ ਹੋਸਟ ਕਰਦਾ ਹੈ। ਉਹ ਕਹਿੰਦਾ क्या नाम है। ਉਹ ਕਹਿੰਦੀ ਸਾਡਾ ਗਰੀਬਾਂ ਦਾ ਕੋਈ ਨਾਂ ਨਹੀਂ ਹੁੰਦਾ ਜੀ। ਉਹ ਕਹਿੰਦਾ, ''क्यों नाम नहीं है कोई?'' ਕਹਿੰਦੇ, ''ਸਾਨੂੰ ਤਾਂ ਹਰੇਕ ਓਏ ਕਹਿ ਕੇ ਬੁਲਾਉਂਦੇ ਹਨ। ਓਏ ਇੱਧਰ ਆ, ਓਏ ਚਲੇ ਜਾ, ਓਏ ਕਿੱਧਰ ਜਾਂਦਾ ਹੈ।'' ਸਰ, ਗਰੀਬਾਂ ਦਾ ਤਾਂ ਕੋਈ ਨਾਂ ਹੀ ਨਹੀਂ ਲੈਂਦਾ। ਮਾੜੇ ਦੀ ਘਰ ਵਾਲੀ ਸਭ ਦੀ ਭਾਬੀ ਬਾਕੀ ਸਾਰੀਆਂ ਭੈਣ ਜੀਆਂ, ਵੱਡੇ ਦੀ ਘਰ ਵਾਲੀ ਦੀਦੀ, ਭੈਣ ਜੀ ਜਾਂ ਬੀਬਾ ਜੀ। ਸੋ, ਮੈਂ ਕਹਿੰਦਾ ਹਾਂ ਕਿ ਮਾਣ ਇੱਜ਼ਤ ਹੀ ਹੁੰਦਾ ਹੈ, ਹੋਰ ਤਾਂ ਇੱਥੋਂ ਕੀ ਲੈ ਕੇ ਜਾਣਾ ਹੈ। ਰੋਟੀ ਮਜ਼ਦੂਰ ਨੇ ਵੀ ਓਨੀ ਹੀ ਖਾਣੀ ਹੈ, ਮੈਂ ਕਹਿੰਦਾ ਹਾਂ ਕਿ ਅਜੇ ਅਮੀਰ ਘੱਟ ਖਾਂਦੇ ਹੋਣਗੇ ਕਿਉਂਕਿ ਡਾਕਟਰ ਮਨ੍ਹਾ ਕਰ ਦਿੰਦਾ ਹੈ। ਅੱਜ ਮਜ਼ਦੂਰ ਦਿਵਸ ਦੇ ਮੌਕੇ 'ਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਆਪਾਂ ਸਾਰੇ ਹੀ ਮਜ਼ਦੂਰ ਹਾਂ। ਇਹ ਠੀਕ ਹੈ ਕਿ ਆਪਣੇ ਕੰਮ ਕਰਨ ਦੇ ਹਾਲਾਤ ਹੋਰ ਹਨ, ਉਨ੍ਹਾਂ ਦੇ ਹਾਲਾਤ ਬਹੁਤ ਮਾੜੇ ਹਨ। ਸਾਰਾ ਦਿਨ ਭੱਠੇ 'ਤੇ ਇੱਟਾਂ ਚੁੱਕਦੀਆਂ ਹਨ, ਬੱਚੇ ਵੀ ਨਾਲ ਹੀ ਹੁੰਦੇ ਹਨ। ਉਹ ਪਿੱਛੇ ਇੱਕ ਝੋਲੀ ਜਿਹੀ ਬਣਾ ਲੈਂਦੀਆਂ ਹਨ ਜਾਂ ਅੱਗੇ ਬਣਾ ਲੈਂਦੀਆਂ ਹਨ ਜਿਵੇਂ ਕੰਗਾਰੂ ਦੇ ਬੱਚਿਆਂ ਵਾਸਤੇ ਕੁਦਰਤ ਨੇ ਇੱਕ ਝੋਲੀ ਬਣਾਈ ਹੁੰਦੀ ਹੈ, ਇਸ ਤਰ੍ਹਾਂ ਦੀ ਬਣਾਈ ਹੁੰਦੀ ਹੈ। ਜਿਹੜੀ ਲੇਬਰ ਭੱਠਿਆਂ 'ਤੇ ਕੰਮ ਕਰਦੀ ਹੈ, ਮੈਂ ਜਦੋਂ ਉਨ੍ਹਾਂ ਨੂੰ ਦੇਖਦਾ ਹਾਂ, ਉਨ੍ਹਾਂ ਵਿੱਚ ਬੱਚੇ ਪਲਦੇ ਹਨ। ਮਜ਼ਦੂਰਾਂ ਦੀਆਂ ਬੜੀਆਂ ਯੂਨੀਅਨਾਂ ਹਨ, ਭੱਠਾ ਮਜ਼ਦੂਰਾਂ ਦੀਆਂ ਵੀ ਹਨ, ਜੋ ਉਨ੍ਹਾਂ ਦੇ ਹੱਕਾਂ ਵਾਸਤੇ ਲੜਦੀਆਂ ਹਨ, ਮੈਂ ਉਨ੍ਹਾਂ ਨੂੰ ਸਿਜਦਾ ਕਰਦਾ ਹਾਂ। ਮੈਂ ਅੱਜ ਉਨ੍ਹਾਂ ਨੂੰ ਇੱਕ ਤੋਹਫਾ ਦੇਣਾ ਚਾਹੁੰਦਾ ਹਾਂ। ਮੈਂ ਉਨ੍ਹਾਂ ਨੂੰ ਇਹ ਤੋਹਫਾ ਦੇਣ ਵਾਲਾ ਕੋਈ ਨਹੀਂ ਹਾਂ, ਮੇਰਾ ਉਨ੍ਹਾਂ 'ਤੇ ਕੋਈ ਅਹਿਸਾਨ ਨਹੀਂ ਹੈ। ਇਹ ਮੇਰਾ ਫਰਜ਼ ਹੈ ਜੋ ਕਿ 13 ਸਾਲ ਪਹਿਲਾਂ ਨਿਭਾਇਆ ਜਾਣਾ ਚਾਹੀਦਾ ਸੀ। ਸਾਲ 2013 ਵਿੱਚ ਮਿਨੀਮਮ ਵੇਜ ਵਧਾਈ ਗਈ ਸੀ, ਉਸ ਤੋਂ ਬਾਅਦ ਕਦੇ ਨਹੀਂ ਵਧਾਈ ਗਈ। ਅਸੀਂ ਇਸ ਮਾਮਲੇ ਵਿੱਚ ਬਹੁਤ ਪਿੱਛੇ ਰਹਿ ਗਏ ਹਾਂ। ਸਾਡੇ ਬੱਚੇ ਬਾਹਰਲੇ ਮੁਲਕਾਂ ਵਿੱਚ ਜਾ ਕੇ ਮਜ਼ਦੂਰੀਆਂ ਕਰਨ ਲੱਗ ਪਏ, ਉਥੇ ਜਾ ਕੇ ਵੀ ਤਾਂ ਸੇਮ ਹੀ ਕੰਮ ਕਰਦੇ ਹਨ। ਪੈਟਰੋਲ ਪੰਪ 'ਤੇ ਤੇਲ ਪਾਉਂਦੇ ਹਨ, ਘਰਾਂ ਦੇ ਕੰਮ ਕਰਦੇ ਹਨ, ਅਮਰੀਕਾ-ਕੈਨੇਡਾ-ਇੰਗਲੈਂਡ ਵਿੱਚ ਆਪਣੇ ਪੰਜਾਬੀ ਮੁੰਡੇ ਕੰਮ ਕਰਦੇ ਹਨ।

---

**ANNOUNCEMENT BY HON'BLE CHIEF MINISTER REGARDING 15% INCREASE OF MINIMUM WAGES IN GOVERNMENT AND PRIVATE SECTOR**

**ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ):** ਸੌਂਦ ਸਾਹਿਬ ਨੇ ਜਿਸ ਤਰ੍ਹਾਂ ਅੱਜ ਮਤਾ ਰੱਖਿਆ ਹੈ, ਮੈਂ ਸਰਕਾਰੀ ਅਤੇ ਗੈਰ ਸਰਕਾਰੀ ਮਿਨੀਮਮ ਵੇਜਿਜ਼ ਵਿੱਚ 15% ਇਨਕ੍ਰੀਜ਼ ਅਨਾਊਂਸ ਕਰਦਾ ਹਾਂ। (ਥੰਪਿੰਗ) ਮਈ ਦਿਵਸ ਦਾ ਮੈਂ ਉਨ੍ਹਾਂ ਨੂੰ ਇਹ ਛੋਟਾ ਜਿਹਾ ਤੋਹਫ਼ਾ ਦੇਣਾ ਚਾਹੁੰਦਾ ਹਾਂ।

---

**OFFICIAL RESOLUTION REGARDING HONOURING LABOUR WORK FORCE BY INCREASING THEIR MINIMUM WAGES ON THE OCCASION OF MAY DAY (LABOUR DAY) TO APPRECIATE THEIR CONTRIBUTION TO THE SOCIETY *(RESUMPTION)***

**ਮੁੱਖ ਮੰਤਰੀ :** ਵੈਸੇ ਤਾਂ ਉਨ੍ਹਾਂ ਦੀ ਮਜ਼ਦੂਰੀ ਦਾ ਕੋਈ ਮੁੱਲ ਨਹੀਂ ਹੈ ਕਿਉਂਕਿ ਜਿਹੜੇ ਸੜਕ 'ਤੇ ਲੁੱਕ ਪਾਉਂਦੇ ਹਨ ਜਾਂ ਦੁਰਮੱਟ ਨਾਲ ਸੜਕ ਦੀ ਰੋੜੀ ਨੂੰ ਕੁੱਟਦਾ ਹੈ, ਉਹ ਆਪ ਕਦੇ ਵੀ ਉਸ ਸੜਕ ਤੋਂ ਨਹੀਂ ਲੰਘਦਾ ਕਿਉਂਕਿ ਉਸ ਕੋਲ ਗੱਡੀ ਨਹੀਂ ਹੈ। ਉਸ ਕੋਲ ਸਾਈਕਲ ਹੈ, ਉਸ ਨੇ ਹਾਈਵੇਅ 'ਤੇ ਕਿੱਥੇ ਜਾਣਾ ਹੈ? ਸੋ, ਇਸੇ ਕਰਕੇ ਪਾਸ਼ ਅਤੇ ਡਾ. ਸੁਰਜੀਤ ਪਾਤਰ ਨੇ ਉਨ੍ਹਾਂ ਵਾਸਤੇ ਲਿਖਿਆ ਹੈ -

ਮੈਂ ਰਾਹਾਂ 'ਤੇ ਤੁਰਦਾ ਨਹੀਂ, ਮੈਂ ਤੁਰਦਾ ਹਾਂ ਤਾਂ ਰਾਹ ਬਣਦੇ,
ਯੁਗਾਂ ਯੁਗਾਂ ਤੋਂ ਆਉਂਦੇ ਕਾਫਲੇ, ਇਸ ਗੱਲ ਦਾ ਗਵਾਹ ਬਣਦੇ,
ਹਮੇਸ਼ਾ ਸੋਚਿਆ ਬਣੀਏ ਲੋਕਾਂ ਦੇ ਪਿਆਰ ਦੇ ਪਾਤਰ,
ਕਦੇ ਵੀ ਨਹੀਂ ਸੋਚਿਆ, ਉਹ ਬਣਦੇ ਜਾਂ ਆਹ ਬਣਦੇ।

ਉਹ-ਆਹ ਦੇ ਚੱਕਰਾਂ ਵਿੱਚ ਤਾਂ ਪੈਂਦੇ ਹੀ ਨਹੀਂ, ਉਹ ਕਦੇ ਵੀ ਨਹੀਂ ਸੋਚਦੇ। ਸੋ, ਪੰਜਾਬੀ ਸ਼ਾਇਰੀ ਵਿੱਚ ਮਜ਼ਦੂਰਾਂ ਨੂੰ ਬੜਾ ਵੱਡਾ ਮਾਣ ਬਖਸ਼ਿਆ ਗਿਆ ਹੈ। ਅੱਜ ਮੇਰੇ ਬਹੁਤ ਸਾਰੇ ਸਾਥੀਆਂ ਨੇ ਬੋਲਦੇ ਹੋਏ ਕਿਹਾ ਹੈ ਕਿ 15% ਇਨਕ੍ਰੀਜ਼ 13 ਸਾਲਾਂ ਬਾਅਦ ਹੋ ਰਹੀ ਹੈ। ਦੋ ਸਰਕਾਰਾਂ, ਲਗਭਗ ਤਿੰਨ ਸਰਕਾਰਾਂ ਚਲੀਆਂ ਗਈਆਂ, ਸਾਲ 2012-17 ਸ਼੍ਰੋਮਣੀ ਅਕਾਲੀ ਦਲ ਅਤੇ 2017-22 ਕਾਂਗਰਸ ਵਾਲੇ ਹੋ ਗਏ, ਸਾਨੂੰ ਵੀ 3-4 ਸਾਲ ਇਸ ਕੰਮ ਵਿੱਚ ਲੱਗ ਗਏ ਹਨ ਪਰ ਘੋਖ-ਪਰਖ ਕੀਤੀ ਹੈ ਕਿਉਂਕਿ ਲੇਬਰ ਡਿਪਾਰਟਮੈਂਟ ਕੋਲ ਬਹੁਤ ਪੈਸਾ ਪਿਆ ਹੈ, ਸਿਰਫ ਰਜਿਸਟ੍ਰੇਸ਼ਨ ਵਿੱਚ ਕਮੀ ਹੈ। ਜਦੋਂ ਇਹ ਲੋਕ ਸਾਨੂੰ ਬੋਲ ਰਹੇ ਸੀ, ਮੈਂ ਉਦੋਂ ਵੀ ਕਿਹਾ ਸੀ ਕਿ ਜੇਕਰ ਤੁਸੀਂ ਲੇਬਰਰਜ਼ ਦੀ ਰਜਿਸਟ੍ਰੇਸ਼ਨ ਕਰਵਾ ਦਿਓ, ਇਨ੍ਹਾਂ ਲਈ ਬਹੁਤ ਜ਼ਿਆਦਾ ਫੈਸਿਲਟੀਜ਼ ਹਨ। ਉਹ ਪੈਸਾ ਕਿਤੇ ਹੋਰ ਨਹੀਂ ਜਾ ਸਕਦਾ, ਆਪਾਂ ਉਨ੍ਹਾਂ ਨੂੰ ਹੀ ਦੇਣਾ ਹੈ ਕਿਉਂਕਿ ਆਪਣੀ ਨੀਅਤ ਇਸ ਤਰ੍ਹਾਂ ਦੀ ਹੈ। ਆਪਾਂ ਕਿਹੜਾ ਰਾਜੇ-ਰਾਣਿਆਂ ਵਾਂਗ ਜਾਂ ਇਨ੍ਹਾਂ ਵਾਂਗ ਜਿਹੜੇ ਚਲੇ ਗਏ ਹਨ, ਇੱਧਰ-ਉੱਧਰ ਗਾਇਬ ਕਰਨਾ ਹੈ। ਸੋ, ਮੈਂ ਅੱਜ ਇਸ ਪ੍ਰਸਤਾਵ ਦੇ ਸਮਰਥਨ ਵਿੱਚ ਖੜ੍ਹਾ ਹੋਇਆ ਹਾਂ। ਕਿਸੇ ਸ਼ਾਇਰ ਨੇ ਲਿਖਿਆ ਹੈ, ਜੇਕਰ ਤੁਸੀਂ ਸੁਣ ਲਓ।

**ਮਾਣਯੋਗ ਸਪੀਕਰ**: ਹਾਂ ਜੀ, ਜ਼ਰੂਰ।

**ਮੁੱਖ ਮੰਤਰੀ**: ਜਦੋਂ ਮੈਂ ਇਹ ਕਵਿਤਾ ਸੁਣੀ ਤਾਂ ਮੈਨੂੰ ਬੜੀ touching ਲੱਗੀ। ਪਾਕਿਸਤਾਨ ਦੇ ਤਾਇਬ ਨਾਂ ਦੇ ਸ਼ਾਇਰ ਦੀ ਇਹ ਕਵਿਤਾ ਹੈ ਕਿਉਂਕਿ ਉਨ੍ਹਾਂ ਮੁਲਕਾਂ ਅਤੇ ਆਪਣੇ ਮੁਲਕ ਵਿੱਚ ਹਾਲਾਤ ਤਾਂ ਇੱਕੋ ਜਿਹੇ ਹਨ:

ਅੱਜ ਸੁਣੋ ਮਜ਼ਦੂਰ ਦੀ ਕਹਾਣੀ
ਬੇਬੱਸ ਤੇ ਮਜਬੂਰ ਦੀ ਕਹਾਣੀ
ਭੁੱਖਣਭਾਣਾ ਬਾਹਰੋਂ ਆਇਆ

ਵਿਹੜੇ ਵੇਖ ਕੇ ਭੁੱਖ ਦਾ ਸਾਇਆ
ਖੁਦਕੁਸ਼ੀ ਦਾ ਸੋਚ ਰਿਹਾ ਸੀ,
ਖੁਦਕੁਸ਼ੀ ਦਾ ਸੋਚ ਰਿਹਾ ਸੀ
ਮੂੰਹ ਅੱਥਰੂਆਂ ਨਾਲ ਪੋਚ ਰਿਹਾ ਸੀ
ਪੱਗ ਆਪਣੀ ਦਾ ਫਾਹਾ ਬਣਾ ਕੇ
ਡਿੱਗਣ ਲੱਗਾ ਗਲ਼ ਵਿੱਚ ਪਾ ਕੇ
ਅੱਠ ਸਾਲਾਂ ਦੀ ਧੀ ਨਿਮਾਣੀ
ਐਸੇ ਉਮਰੇ ਬਣੀ ਸਿਆਣੀ
ਰੋ ਰੋ ਤਰਲੇ ਪਾਉਂਦੀ ਪਈ ਸੀ
ਹੱਥ ਜੋੜ ਮਨਾਉਂਦੀ ਪਈ ਸੀ
ਬਾਪੂ, ਮੈਂ ਨਹੀਂ ਬਸਤਾ ਮੰਗਦੀ
ਬਾਪੂ, ਮੈਂ ਨਹੀਂ ਬਸਤਾ ਮੰਗਦੀ
ਨਾ ਮਹਿੰਗਾ, ਨਾ ਸਸਤਾ ਮੰਗਦੀ
ਬਾਪੂ, ਨਾ ਮੈਂ ਮੰਗਾਂ ਕਲਮ ਦਵਾਤਾਂ
ਨਾ ਕੋਈ ਨਗਦੀ, ਨਾ ਸੁਗਾਤਾਂ
ਬਾਪੂ, ਮੈਂ ਨਹੀਂ ਗੁੱਡੀ ਲੈਂਦੀ
ਉਹ ਹੋਰ ਖਿਡੌਣਿਆਂ ਨਾਲ ਨਹੀਂ ਬਹਿੰਦੀ
ਵੀਰੇ, ਕੀ ਕਰਨੇ ਘੁੱਗੂ ਘੋੜੇ?
ਖੰਘ ਲਾਉਂਦੇ ਨੇ ਲਾਲ ਪਕੌੜੇ
ਬਾਪੂ, ਲੱਛਾ ਕੱਟਾ ਤੇ ਕਬਾਬ
ਮਿਹਦਾ ਕਹਿੰਦੇ ਇਹ ਕਰਨ ਖਰਾਬ
ਮੈਂ ਹਾਂ ਤੇਰੀ ਜਾਨ ਵੇ ਬਾਪੂ
ਮੇਰੇ ਵੱਲ ਕਰ ਧਿਆਨ ਵੇ ਬਾਪੂ
ਬਾਪੂ, ਮੈਂ ਮਿਹਨਤ ਕੀਤੀ
ਬਾਪੂ, ਵੇਖ ਮੈਂ ਮਿਹਨਤ ਕੀਤੀ
ਜੋੜ ਪਟੋਲੇ ਚੁੰਨੀ ਸੀਤੀ
ਮੈਂ ਤੇ ਵੀਰ ਨੇ ਗੱਲੇ ਤੋੜੇ
110 ਰੁਪਈਏ ਜੋੜੇ
ਆਹ ਲੈ ਫੜ੍ਹ ਤੇ ਜਾਹ ਬਾਜ਼ਾਰੇ
ਕੰਮ ਕਰਾਂਗੇ ਰਲ਼ ਕੇ ਸਾਰੇ
ਗੁਬਾਰੇ ਲੈ ਕੇ ਛੇਤੀ ਆ
ਆ ਕੇ ਮੇਰੇ ਹੱਥ ਫੜ੍ਹਾ

ਬਾਪੂ, ਰਲ਼ ਕੇ ਸਾਹਾਂ ਭਰਾਂਗੇ
ਗੁਬਾਰੇ ਵੇਚ ਗੁਜ਼ਾਰਾ ਕਰਾਂਗੇ। (ਥੰਪਿੰਗ)
(ਸਾਹਾਂ ਭਰਾਂਗੇ, ਮਤਲਬ ਫੂਕਾਂ ਮਾਰ ਕੇ ਗੁਬਾਰੇ ਭਰਨਾ)
ਬਾਪੂ, ਰਲ਼ ਕੇ ਸਾਹਾਂ ਭਰਾਂਗੇ
ਗੁਬਾਰੇ ਵੇਚ ਗੁਜ਼ਾਰਾ ਕਰਾਂਗੇ।
ਸਾਨੂੰ ਛੱਡ ਕੇ ਨਾ ਜਾਹ ਬਾਪੂ
ਜਿਉਂਦਿਆਂ ਮਾਰ ਮੁਕਾ ਨਾ ਬਾਪੂ
ਬਾਪੂ, ਗਲ਼ ਵਿੱਚੋਂ ਫਾਹਾ ਲਾਹ
ਲਾਹ ਕੇ ਮੈਨੂੰ ਸੀਨੇ ਨਾਲ ਲਾ
ਖੁੱਲ੍ਹੀਆਂ ਬਾਹਾਂ ਨਿੱਕੀਆਂ ਜਿਹੀਆਂ
ਅੱਥਰੂਆਂ ਡੁੱਲ੍ਹ-ਡੁੱਲ੍ਹ ਪੈਰੀਂ ਪਈਆਂ
ਪਿਓ ਇਹ ਸੁਣ ਕੇ ਰੋਵਣ ਲੱਗਾ
ਹੰਝੂ ਹਾਰ ਪਰੋਵਣ ਲੱਗਾ
ਧੀ ਦੇ ਅੱਥਰੂ ਪੂੰਝ ਰਿਹਾ ਸੀ
ਸਮਝੋ ਮੋਤੀ ਹੂੰਝ ਰਿਹਾ ਸੀ
ਧੀ ਦੇ ਅੱਥਰੂ ਪੂੰਝ ਰਿਹਾ ਸੀ
ਸਮਝੋ ਮੋਤੀ ਹੂੰਝ ਰਿਹਾ ਸੀ
ਪਿਓ ਬਚਿਆ ਪਰ ਧੀ ਦੇ ਚਾਅ
ਲੈ ਬੈਠੇ ਸਨ ਡਾਹਢਾ ਫਾਹ
ਤਾਇਬ ਗੱਲ ਮੁਕਾ ਕੇ ਰੋਇਆ
ਬਚਪਨ ਕਬਰੀਂ ਪਾ ਕੇ ਰੋਇਆ
ਬਚਪਨ ਕਬਰੀਂ ਪਾ ਕੇ ਰੋਇਆ। (ਥੰਪਿੰਗ)

ਸਰ, ਬਚਪਨ ਕਬਰਾਂ ਵਿੱਚ ਹੀ ਪੈ ਜਾਂਦਾ ਹੈ ਜੀ। ਚਾਅ ਹੀ ਮੁੱਕ ਜਾਂਦੇ ਹਨ। ਸੰਤ ਰਾਮ ਉਦਾਸੀ ਜੀ ਇਸ ਤਰ੍ਹਾਂ ਕਹਿੰਦੇ ਹਨ:

ਸਾਡੀ ਗਲ਼ੀ ਵਿੱਚ ਚੂੜੀਆਂ ਦਾ ਹੋਕਾ ਦੇਈਂ ਨਾ ਵੀਰਾ ਵਣਜਾਰਿਆ
ਸਾਡੇ ਚਾਅ ਉੱਠ ਖੜ੍ਹਨਗੇ, ਸਾਡੀ ਇੱਛਾ ਜਾਗੂਗੀ ਵੰਗਾਂ ਲੈਣ ਦੀ,
ਉਨ੍ਹਾਂ ਵਾਸਤੇ ਸਾਡੇ ਕੋਲ ਪੈਸੇ ਹੈ ਨਹੀਂ।

ਸੋ, ਮੈਂ ਚਾਹੁੰਦਾ ਹਾਂ ਕਿ ਅੱਜ ਦੇ ਦਿਨ ਸੱਚੇ ਦਿਲੋਂ ਸ਼ਰਧਾਂਜਲੀ ਦੇਈਏ, ਉਨ੍ਹਾਂ ਹੱਥਾਂ ਨੂੰ, ਜਿਨ੍ਹਾਂ ਵਿੱਚ ਵਿਆਈਆਂ ਪੈ ਗਈਆਂ। ਉਨ੍ਹਾਂ ਪਸੀਨਿਆਂ ਨੂੰ, ਜਿਹੜਾ ਹਰ ਰੋਜ਼ ਵਹਿੰਦਾ ਹੈ ਅਤੇ ਰੋਟੀ ਕਮਾ ਕੇ ਲੈ ਕੇ ਆਉਂਦਾ ਹੈ। ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਜੇ ਆਪਾਂ ਸਰਕਾਰ ਵੱਲੋਂ ਫਰਜ਼ ਨਿਭਾ ਦੇਈਏ ਤਾਂ ਇਸ ਤੋਂ ਵੱਡਾ ਕੋਈ ਪੁੰਨ ਨਹੀਂ ਹੋ ਸਕਦਾ।

ਮੈਂ ਕਹਿੰਦਾ ਹਾਂ ਜੀ ਕਿ ਇਹ ਪ੍ਰਸਤਾਵ ਸਰਬਸੰਮਤੀ ਨਾਲ ਪਾਸ ਹੋਣਾ ਚਾਹੀਦਾ ਹੈ। ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। (ਥੰਪਿੰਗ)

**ਮਾਣਯੋਗ ਸਪੀਕਰ** : ਬਹੁਤ ਧੰਨਵਾਦ, ਮੁੱਖ ਮੰਤਰੀ ਸਾਹਿਬ। ਤੁਸੀਂ ਬੜੀ ਭਾਵੁਕ ਕਵਿਤਾ ਪੜ੍ਹੀ ਅਤੇ ਸਾਡੇ ਉਸ ਸਮਾਜ ਨੂੰ ਸ਼ਰਧਾਂਜਲੀ ਦਿੱਤੀ ਹੈ, ਜਿਹੜਾ ਮਿਹਨਤਕਸ਼ ਸਮਾਜ ਹੈ। ਤੁਸੀਂ ਦਰਸਾਇਆ ਹੈ ਕਿ ਉਹ ਕਿਨ੍ਹਾਂ ਦੁਸ਼ਵਾਰੀਆਂ ਵਿੱਚੋਂ ਨਿਕਲਦਾ ਹੈ। ਤੁਹਾਡਾ ਬਹੁਤ ਧੰਨਵਾਦ ਹੈ।

ਪ੍ਰਸ਼ਨ ਹੈ -

"ਕਿ ਅੱਜ 'ਕਿਰਤੀ ਦਿਵਸ' ਤੇ ਇਹ ਵਿਧਾਨ ਸਭਾ ਦਾ ਸਪੈਸ਼ਲ ਸੈਸ਼ਨ ਬੁਲਾਇਆ ਗਿਆ ਹੈ, ਤਾਂ ਜੋ ਕਿਰਤੀਆਂ ਨੂੰ ਨਮਨ ਕੀਤਾ ਜਾ ਸਕੇ । ਕਿਰਤੀ ਦੇਸ਼, ਕੌਮ, ਰਾਜ ਅਤੇ ਸਮਾਜ ਦੇ ਨਿਰਮਾਣ ਦਾ ਧੁਰਾ ਹਨ। ਉਨ੍ਹਾਂ ਦੇ ਖੂਨ-ਪਸੀਨੇ ਨਾਲ ਹੀ ਹਰ ਨਿਰਮਾਣ ਕਾਰਜ ਸਫਲ ਹੁੰਦਾ ਹੈ। 'ਮਈ ਦਿਵਸ' ਸੰਨ 1886 ਵਿੱਚ Haymarket Square, ਸ਼ਿਕਾਗੋ ਵਿੱਚ ਕੰਮ ਦੇ ਘੰਟੇ 8 ਕਰਨ ਦੇ ਇਤਿਹਾਸਕ ਅੰਦੋਲਨ ਵਿੱਚ ਸ਼ਹਾਦਤਾਂ ਦੇਣ ਵਾਲੇ ਕਿਰਤੀਆਂ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ, ਜੋ ਕਿ ਸਮਾਜਿਕ ਨਿਆਂ ਅਤੇ ਬੇਹਤਰ ਕਿਰਤ-ਸਹੂਲਤਾਂ ਦੀ ਮਹੱਤਤਾ ਨੂੰ ਦਰਸਾਉਂਦਾ ਹੈ।

ਪੰਜਾਬ ਦੀ ਧਰਤੀ ਗੁਰੂਆਂ, ਪੀਰਾਂ, ਪੈਗੰਬਰਾਂ ਅਤੇ ਸੂਰਵੀਰ ਯੋਧਿਆਂ ਦੀ ਧਰਤੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਦਿੱਤੇ ਸੰਦੇਸ਼ ਵਿੱਚ ਕਿਰਤ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ''ਕਿਰਤ ਕਰੋ ਨਾਮ ਜਪੋ ਅਤੇ ਵੰਡ ਛਕੋ'' ਦਾ ਉਪਦੇਸ਼ ਦਿੱਤਾ ਗਿਆ ਹੈ।

ਪੰਜਾਬ ਵਿੱਚ ਕਿਰਤੀ ਵਰਗ ਦੀਆਂ ਘੱਟੋ-ਘੱਟ ਉਜਰਤਾਂ ਵਿੱਚ ਵਾਧਾ ਕਰਦੇ ਹੋਏ ਸਾਲ 2012 ਵਿੱਚ ਉਜਰਤਾਂ ਦੇ ਬੇਸ ਰੇਟ ਦੀ ਰਵੀਜ਼ਨ ਕੀਤੀ ਗਈ ਸੀ। ਭਾਵੇਂ ਸਾਲ 2012 ਤੋਂ ਹੁਣ ਤੱਕ ਮਹਿੰਗਾਈ ਭੱਤਾ ਵਧਦਾ ਰਿਹਾ ਹੈ, ਪਰ ਘੱਟੋ-ਘੱਟ ਉਜਰਤਾਂ ਦੇ ਬੇਸ ਰੇਟ ਵਿੱਚ ਵਾਧਾ ਨਹੀਂ ਹੋਇਆ ਹੈ। ਮਈ ਦਿਵਸ ਦੇ ਇਸ ਮੁਕੱਦਸ ਦਿਨ ਤੇ ਵਿਧਾਨ ਸਭਾ ਦੇ ਇਸ ਵਿਸ਼ੇਸ਼ ਸੈਸ਼ਨ ਵਿੱਚ ਕਿਰਤੀਆਂ ਦੀਆਂ ਘੱਟੋ-ਘੱਟ ਉਜਰਤਾਂ ਦੀ ਰਵੀਜ਼ਨ ਕਰਨ ਦੀ ਤਜਵੀਜ਼ ਪੇਸ਼ ਕਰਦਾ ਹੈ ਅਤੇ ਸਦਨ ਸਿਫਾਰਸ਼ ਕਰਦਾ ਹੈ ਕਿ ਕਿਰਤੀਆਂ ਦੀਆਂ ਘੱਟੋ-ਘੱਟ ਉਜਰਤਾਂ ਵਿੱਚ ਵਾਧਾ ਕੀਤਾ ਜਾਵੇ ਤਾਂ ਜੋ ਕਿਰਤੀਆਂ ਦੇ ਯੋਗਦਾਨ ਨੂੰ ਸਤਿਕਾਰਿਆ ਜਾ ਸਕੇ, ਕਿਰਤੀਆਂ ਦੀ ਸ਼ਲਾਘਾ ਕੀਤੀ ਜਾ ਸਕੇ ਅਤੇ ਕਿਰਤੀਆਂ ਦੇ ਯੋਗਦਾਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਜਾ ਸਕੇ।"

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**MOTION OF THANKS ON THE ENACTMENT OF THE JAGAT JOT SRI GURU GRANTH SAHIB SATKAR (AMENDMENT) BILL, 2026**

**ਮਾਣਯੋਗ ਸਪੀਕਰ**: ਬੀਬਾ ਬਲਜਿੰਦਰ ਕੌਰ ਜੀ, ਮਤਾ ਪੇਸ਼ ਕਰਨ।

**ਪ੍ਰੋਫੈਸਰ ਬਲਜਿੰਦਰ ਕੌਰ**: ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦੀ ਹਾਂ -

"ਕਿ 13 ਅਪ੍ਰੈਲ, 2026 ਨੂੰ ਵਿਸਾਖੀ ਅਤੇ ਖਾਲਸਾ ਸਾਜਨਾ ਦੇ ਪਵਿੱਤਰ ਦਿਹਾੜੇ ਤੇ ਇਸ ਸਦਨ ਵੱਲੋਂ ਜੋ ਇਤਿਹਾਸਕ ਬਿਲ "ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿਲ, 2026" ਪਾਸ ਕੀਤਾ ਗਿਆ ਹੈ ਅਤੇ ਮਾਣਯੋਗ ਰਾਜਪਾਲ, ਪੰਜਾਬ ਜੀ ਦੀ ਸਹਿਮਤੀ ਉਪਰੰਤ ਇਸ ਦੇ ਪੰਜਾਬ ਵਿੱਚ ਲਾਗੂ ਹੋ ਜਾਣ ਨਾਲ ਸਿੱਖ ਭਾਈਚਾਰੇ ਦੀਆਂ ਲੰਬੇ ਸਮੇਂ ਤੋਂ ਚੱਲੀਆਂ ਆ ਰਹੀਆਂ ਭਾਵਨਾਵਾਂ ਅਤੇ ਮੰਗਾਂ ਦੀ ਪੂਰਤੀ ਹੋਈ ਹੈ। ਇਹ ਸੂਬੇ ਵਿੱਚ ਧਾਰਮਿਕ ਏਕਤਾ, ਭਾਈਚਾਰਕ ਸਾਂਝ ਅਤੇ ਸ਼ਾਂਤੀ ਨੂੰ ਮਜ਼ਬੂਤ ਬਣਾਉਣ ਵਿੱਚ ਇੱਕ ਮਹੱਤਵਪੂਰਨ ਅਤੇ ਇਤਿਹਾਸਕ ਕਦਮ ਹੈ।

ਇਸ ਬਿਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨਾਲ ਜੁੜੀਆਂ ਘਿਨਾਉਣੀਆਂ ਘਟਨਾਵਾਂ ਲਈ ਸਖ਼ਤ ਤੋਂ ਸਖ਼ਤ ਸਜ਼ਾਵਾਂ, ਖਾਸ ਕਰਕੇ ਸਾਜਿਸ਼ ਰਾਹੀਂ ਬੇਅਦਬੀ ਕਰਨ ਵਾਲਿਆਂ ਲਈ ਉਮਰ ਕੈਦ ਤੱਕ ਦੀ ਸਜ਼ਾ ਅਤੇ ਭਾਰੀ ਜੁਰਮਾਨੇ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਤੋਂ ਇਲਾਵਾ ਡਿਜੀਟਲ ਮਾਧਿਅਮਾਂ ਰਾਹੀਂ ਹੋਣ ਵਾਲੀਆਂ ਬੇਅਦਬੀਆਂ ਨੂੰ ਵੀ ਇਸ ਦੇ ਦਾਇਰੇ ਵਿੱਚ ਲਿਆਂਦਾ ਗਿਆ ਹੈ।

ਇਹ ਸਦਨ ਸਭ ਤੋਂ ਪਹਿਲਾਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਟਨ ਕੋਟ ਸ਼ੁਕਰਗੁਜ਼ਾਰ ਹੈ ਅਤੇ ਉਨ੍ਹਾਂ ਅੱਗੇ ਨਤਮਸਤਕ ਹੁੰਦਾ ਹੈ, ਜਿਨ੍ਹਾਂ ਨੇ ਇਸ ਸਦਨ ਨੂੰ ਇਹ ਸੇਵਾ ਬਖਸ਼ ਕੇ ਨਿਹਾਲ ਕੀਤਾ ਅਤੇ ਆਪ ਹੀ ਰਹਿਨੁਮਾਈ ਕਰਕੇ ਇਸ ਪਵਿੱਤਰ ਕਾਰਜ ਨੂੰ ਨੇਪਰੇ ਚੜ੍ਹਾਉਣ ਵਿੱਚ ਆਸਰਾ ਦਿੱਤਾ।

ਇਹ ਸਦਨ ਉਨ੍ਹਾਂ ਸਾਰੀਆਂ ਸਤਿਕਾਰਤ ਸ਼ਖਸੀਅਤਾਂ ਦਾ ਵੀ ਧੰਨਵਾਦ ਕਰਦਾ ਹੈ, ਜਿਨ੍ਹਾਂ ਨੇ ਮਰਿਆਦਾ ਅਨੁਸਾਰ ਬਿਲ ਡਰਾਫ਼ਟ ਕਰਨ ਵਿੱਚ ਯੋਗਦਾਨ ਪਾਇਆ ਅਤੇ ਇਤਿਹਾਸਕ ਕਾਨੂੰਨ ਪ੍ਰਤੀ ਇਕਸੁਰਤਾ ਪ੍ਰਗਟ ਕੀਤੀ।

ਇਸ ਸਦਨ ਨੂੰ ਪੂਰਨ ਵਿਸ਼ਵਾਸ ਹੈ ਕਿ ਇਸ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇਗਾ ਅਤੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰਤਾ ਅਤੇ ਸਤਿਕਾਰ ਬਣਾਈ ਰੱਖਿਆ ਜਾਵੇਗਾ।"

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ-

"ਕਿ 13 ਅਪ੍ਰੈਲ, 2026 ਨੂੰ ਵਿਸਾਖੀ ਅਤੇ ਖਾਲਸਾ ਸਾਜਨਾ ਦੇ ਪਵਿੱਤਰ ਦਿਹਾੜੇ ਤੇ ਇਸ ਸਦਨ ਵੱਲੋਂ ਜੋ ਇਤਿਹਾਸਕ ਬਿਲ "ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿਲ, 2026" ਪਾਸ ਕੀਤਾ ਗਿਆ ਹੈ ਅਤੇ ਮਾਣਯੋਗ ਰਾਜਪਾਲ, ਪੰਜਾਬ ਜੀ ਦੀ ਸਹਿਮਤੀ ਉਪਰੰਤ ਇਸ ਦੇ ਪੰਜਾਬ ਵਿੱਚ ਲਾਗੂ ਹੋ ਜਾਣ ਨਾਲ ਸਿੱਖ ਭਾਈਚਾਰੇ ਦੀਆਂ ਲੰਬੇ ਸਮੇਂ ਤੋਂ ਚੱਲੀਆਂ ਆ ਰਹੀਆਂ ਭਾਵਨਾਵਾਂ ਅਤੇ ਮੰਗਾਂ ਦੀ ਪੂਰਤੀ ਹੋਈ ਹੈ। ਇਹ

ਸੂਬੇ ਵਿੱਚ ਧਾਰਮਿਕ ਏਕਤਾ, ਭਾਈਚਾਰਕ ਸਾਂਝ ਅਤੇ ਸ਼ਾਂਤੀ ਨੂੰ ਮਜ਼ਬੂਤ ਬਣਾਉਣ ਵਿੱਚ ਇੱਕ ਮਹੱਤਵਪੂਰਨ ਅਤੇ ਇਤਿਹਾਸਕ ਕਦਮ ਹੈ।

ਇਸ ਬਿਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨਾਲ ਜੁੜੀਆਂ ਘਿਨਾਉਣੀਆਂ ਘਟਨਾਵਾਂ ਲਈ ਸਖ਼ਤ ਤੋਂ ਸਖ਼ਤ ਸਜ਼ਾਵਾਂ, ਖਾਸ ਕਰਕੇ ਸਾਜਿਸ਼ ਰਾਹੀਂ ਬੇਅਦਬੀ ਕਰਨ ਵਾਲਿਆਂ ਲਈ ਉਮਰ ਕੈਦ ਤੱਕ ਦੀ ਸਜ਼ਾ ਅਤੇ ਭਾਰੀ ਜੁਰਮਾਨੇ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਤੋਂ ਇਲਾਵਾ ਡਿਜੀਟਲ ਮਾਧਿਅਮਾਂ ਰਾਹੀਂ ਹੋਣ ਵਾਲੀਆਂ ਬੇਅਦਬੀਆਂ ਨੂੰ ਵੀ ਇਸ ਦੇ ਦਾਇਰੇ ਵਿੱਚ ਲਿਆਂਦਾ ਗਿਆ ਹੈ।

ਇਹ ਸਦਨ ਸਭ ਤੋਂ ਪਹਿਲਾਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਟਨ ਕੋਟ ਸ਼ੁਕਰਗੁਜ਼ਾਰ ਹੈ ਅਤੇ ਉਨ੍ਹਾਂ ਅੱਗੇ ਨਤਮਸਤਕ ਹੁੰਦਾ ਹੈ, ਜਿਨ੍ਹਾਂ ਨੇ ਇਸ ਸਦਨ ਨੂੰ ਇਹ ਸੇਵਾ ਬਖਸ਼ ਕੇ ਨਿਹਾਲ ਕੀਤਾ ਅਤੇ ਆਪ ਹੀ ਰਹਿਨੁਮਾਈ ਕਰਕੇ ਇਸ ਪਵਿੱਤਰ ਕਾਰਜ ਨੂੰ ਨੇਪਰੇ ਚੜ੍ਹਾਉਣ ਵਿੱਚ ਆਸਰਾ ਦਿੱਤਾ।

ਇਹ ਸਦਨ ਉਨ੍ਹਾਂ ਸਾਰੀਆਂ ਸਤਿਕਾਰਤ ਸ਼ਖਸੀਅਤਾਂ ਦਾ ਵੀ ਧੰਨਵਾਦ ਕਰਦਾ ਹੈ, ਜਿਨ੍ਹਾਂ ਨੇ ਮਰਿਆਦਾ ਅਨੁਸਾਰ ਬਿਲ ਡਰਾਫ਼ਟ ਕਰਨ ਵਿੱਚ ਯੋਗਦਾਨ ਪਾਇਆ ਅਤੇ ਇਤਿਹਾਸਕ ਕਾਨੂੰਨ ਪ੍ਰਤੀ ਇਕਸੁਰਤਾ ਪ੍ਰਗਟ ਕੀਤੀ।

ਇਸ ਸਦਨ ਨੂੰ ਪੂਰਨ ਵਿਸ਼ਵਾਸ ਹੈ ਕਿ ਇਸ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇਗਾ ਅਤੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰਤਾ ਅਤੇ ਸਤਿਕਾਰ ਬਣਾਈ ਰੱਖਿਆ ਜਾਵੇਗਾ।"

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ)** : ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ। ਪਿਛਲੇ ਦਿਨੀਂ ਪੰਜਾਬ ਦੀ ਵਿਧਾਨ ਸਭਾ ਵੱਲੋਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿਲ, 2026 ਲਿਆਂਦਾ ਗਿਆ ਸੀ ਅਤੇ ਲੰਬੇ ਸਮੇਂ ਤੋਂ ਇਸ ਬਿਲ ਦੀ ਜ਼ਰੂਰਤ ਸੀ। ਮੈਂ ਮਾਣਯੋਗ ਮੁੱਖ ਮੰਤਰੀ ਜੀ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਇਹ ਅਹਿਮ ਬਿਲ ਲਿਆਂਦਾ ਅਤੇ ਹੁਣ ਇਹ ਕਾਨੂੰਨ ਬਣਿਆ ਹੈ। ਪੰਜਾਬ ਦੀ ਜਨਤਾ ਵਿੱਚ ਬਹੁਤ ਸਾਰੇ ਤੌਖਲੇ ਪੈਦਾ ਕੀਤੇ ਜਾ ਰਹੇ ਸੀ ਕਿ ਇਹ ਬਿਲ ਵੀ ਪੁਰਾਣੇ ਬਿਲਾਂ ਵਾਂਗ ਪੈਂਡਿੰਗ ਰਹਿ ਸਕਦਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਣਯੋਗ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਇਸ ਬਿਲ ਨੂੰ ਪਾਸ ਕਰਵਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਨੂੰ ਰੋਕਣ ਲਈ ਬਹੁਤ ਵੱਡਾ ਉਪਰਾਲਾ ਅਤੇ ਯਤਨ ਕੀਤਾ ਅਤੇ ਅੱਜ ਇਹ ਕਾਨੂੰਨ ਬਣ ਗਿਆ ਹੈ। ਇਸ ਲਈ ਮੈਂ ਇਸ ਹਾਊਸ ਦਾ, ਮਾਣਯੋਗ ਮੁੱਖ ਮੰਤਰੀ ਜੀ ਦਾ ਪੂਰੇ ਪੰਜਾਬ ਵੱਲੋਂ ਧੰਨਵਾਦ ਕਰਦਾ ਹਾਂ। (ਥੰਪਿੰਗ)

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ)** : ਸਪੀਕਰ ਸਾਹਿਬ, ਮੈਂ ਸਿਰਫ਼ ਐਨਾ ਹੀ ਕਹਾਂਗਾ, ਜਿਵੇਂ ਕਿ ਆਪਣੇ ਸਿੱਖ ਧਰਮ ਵਿੱਚ ਇਹ ਕਿਹਾ ਜਾਂਦਾ ਹੈ ਕਿ ਮੇਰੇ ਕੋਲੋਂ ਪ੍ਰਮਾਤਮਾ ਨੇ ਇਹ ਸੇਵਾ ਲਈ ਹੈ। ਸੋ, ਸਾਡੇ 95 ਦੇ ਕਰੀਬ ਸਾਥੀ ਅਤੇ ਮੇਰੇ ਖਿਆਲ ਨਾਲ ਇਹ ਸਾਹਮਣੇ ਵਾਲੇ ਵੀ ਨਾਲ ਹੀ ਹੋਣਗੇ, ਚਲੋ ਕੋਈ ਗੱਲ ਨਹੀਂ, ਇਨ੍ਹਾਂ ਨੂੰ ਇਹ ਪਲ ਨਸੀਬ ਨਹੀਂ ਹੋਇਆ। ਪ੍ਰਮਾਤਮਾ ਨੇ ਇਸ ਕਾਨੂੰਨ ਨੂੰ ਬਣਾਉਣ ਵਾਸਤੇ ਸਾਡੇ ਕੋਲੋਂ ਸੇਵਾ ਲਈ ਹੈ। ਬੜੇ ਲੋਕਾਂ ਦੇ ਫੋਨ ਆਏ। ਮੈਂ ਹੁਣੇ ਪਿਛਲੇ ਦਿਨੀਂ ਨੀਦਰਲੈਂਡ ਅਤੇ ਫਿਨਲੈਂਡ ਦੇ ਦੌਰੇ ਤੇ ਗਿਆ ਸੀ। ਉੱਥੋਂ ਦਾ ਪੰਜਾਬੀ ਭਾਈਚਾਰਾ ਵੀ ਇਸੇ ਗੱਲ ਦੀ

ਚਰਚਾ ਕਰ ਰਿਹਾ ਸੀ ਕਿ ਚਲੋ ਸ਼ੁਕਰ ਹੈ ਕਿ ਸਾਡਾ ਬਾਪੂ ਸਾਡੇ ਘਰੇ ਸੁਰੱਖਿਅਤ ਹੈ ਕਿਉਂਕਿ ਜੇਕਰ ਸਾਡੇ ਬਾਪੂ ਦੀ ਦਾਹੜੀ ਸਾਡੇ ਘਰੇ ਹੀ ਪੁੱਟੀ ਜਾਵੇਗੀ, ਫਿਰ ਹੋਰ ਕਿੱਥੋਂ ਅਸੀਂ ਸੇਫਟੀ ਦੀ ਉਮੀਦ ਕਰ ਸਕਦੇ ਹਾਂ? ਬੜਾ ਮਾਣ ਸਤਿਕਾਰ ਮਿਲ ਰਿਹਾ ਹੈ। ਮੈਂ ਅੱਜ ਇਹ ਵੀ ਇਸ ਮੁਕੱਦਸ ਹਾਊਸ ਦੇ ਵਿੱਚ ਦੱਸਣਾ ਚਾਹੁੰਦਾ ਹਾਂ, ਮੈਨੂੰ ਬੜੇ ਸਮਾਜ ਸੇਵੀਆਂ ਦੇ, ਬੜੇ ਮਹਾਂਪੁਰਸ਼ਾਂ ਦੇ ਫੋਨ ਆਏ ਹਨ, ਉਹ ਕੱਲ੍ਹ ਪਰਸੋਂ ਮਿਲ ਕੇ ਵੀ ਗਏ ਹਨ ਅਤੇ ਉਹ ਕਹਿੰਦੇ ਕਿ ਤੁਸੀਂ ਜ਼ਰੂਰ ਇੱਕ ਇਸ ਤਰ੍ਹਾਂ ਦਾ ਪ੍ਰੋਗਰਾਮ ਬਣਾਓ ਜਿੱਥੇ ਅਸੀਂ ਤੁਹਾਡਾ ਸਨਮਾਨ ਕਰ ਸਕੀਏ। ਮੈਂ ਕਿਹਾ ਜੀ ਮੇਰਾ ਕਾਹਦਾ ਸਨਮਾਨ ਕਰਨਾ, ਗੁਰੂ ਪਰਮਾਤਮਾ ਨੇ ਜੋ ਸੁਮੱਤ ਬਖਸ਼ੀ ਹੈ, ਬਲ ਬਖਸ਼ਿਆ ਹੈ, ਉਸ ਦਾ ਸ਼ੁਕਰਾਨਾ ਕਰੀਏ। ਉਹ ਕਹਿੰਦੇ ਕਿ ਇਸ ਤਰ੍ਹਾਂ ਨਹੀਂ, ਕਿਸੇ ਨਾ ਕਿਸੇ ਦੇ ਜ਼ਰੀਏ ਤਾਂ ਕੰਮ ਹੋਣਾ ਹੁੰਦਾ ਹੈ। ਮਿਤੀ 6, 7, 8 ਅਤੇ 9 ਦੀ ਮੈਂ ਸ਼ੁਕਰਾਨਾ ਯਾਤਰਾ ਸ਼ੁਰੂ ਕਰਨ ਲੱਗਿਆ ਹਾਂ। ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਨਤਮਸਤਕ ਹੋਵਾਂਗੇ, ਜਿੱਥੋਂ ਖਾਲਸੇ ਦੀ ਸਾਜਨਾ ਹੋਈ ਸੀ, ਫਿਰ ਉਸ ਤੋਂ ਬਾਅਦ ਸ੍ਰੀ ਅਕਾਲ ਤਖਤ ਸਾਹਿਬ, ਫਿਰ ਉਸ ਤੋਂ ਬਾਅਦ ਸ੍ਰੀ ਦਮਦਮਾ ਸਾਹਿਬ, ਫਿਰ ਉਸ ਤੋਂ ਬਾਅਦ ਮਸਤੂਆਣਾ ਸਾਹਿਬ, ਸੰਗਰੂਰ ਵਿਖੇ ਜਾਣਾ ਹੈ ਜਿੱਥੋਂ ਦੇ ਬਾਬਾ ਅਤਰ ਸਿੰਘ ਜੀ ਸਨ, ਉਹ ਉਸ ਜ਼ਮਾਨੇ ਦੇ ਪੀ.ਐੱਚ.ਡੀ ਸਨ ਅਤੇ ਵਿੱਦਿਆ ਦੇ ਸੰਤ ਮੰਨੇ ਜਾਂਦੇ ਹਨ। ਉਸ ਤੋਂ ਬਾਅਦ ਸ੍ਰੀ ਦੁੱਖ ਨਿਵਾਰਣ ਸਾਹਿਬ, ਪਟਿਆਲਾ ਜੋ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ, ਫਿਰ ਸ੍ਰੀ ਫਤਹਿਗੜ੍ਹ ਸਾਹਿਬ ਸਮਾਪਤੀ ਕਰਾਂਗੇ। ਇਨ੍ਹਾਂ 6, 7, 8 ਅਤੇ 9 ਤਾਰੀਖਾਂ ਨੂੰ ਮੈਂ ਪਰਮਾਤਮਾ ਦਾ ਸ਼ੁਕਰਾਨਾ ਹੀ ਕਰਨ ਜਾ ਰਿਹਾ ਹਾਂ ਕਿ ਪਰਮਾਤਮਾ ਨੇ ਸਾਡੇ ਤੋਂ ਸੇਵਾ ਲੈ ਲਈ। ਸੇਵਾ ਲੈਣਾ ਹੀ ਸਾਡੇ ਧਰਮ ਵਿੱਚ ਬਹੁਤ ਵੱਡੀ ਗੱਲ ਮੰਨੀ ਜਾਂਦੀ ਹੈ। ਮੈਂ ਆਪਣੇ ਆਪ ਨੂੰ ਬਹੁਤ ਕਿਸਮਤ ਵਾਲਾ, ਭਾਗਾਂ ਵਾਲਾ ਸਮਝਦਾ ਹਾਂ। ਇਹ ਸਾਡੇ ਐਮ.ਐਲ.ਏਜ਼, ਸਾਰੇ ਸਾਡੇ ਚੁਣੇ ਹੋਏ ਨੁਮਾਇੰਦੇ ਜਾਂ ਅਫਸਰ ਸਾਹਿਬ ਜਿਨ੍ਹਾਂ ਨੇ ਇਸ ਕਾਨੂੰਨ ਨੂੰ ਡਰਾਫਟ ਕੀਤਾ ਹੈ, ਮੈਂ ਇਨ੍ਹਾਂ ਦਾ ਵੀ ਤੇ ਮਾਣਯੋਗ ਗਵਰਨਰ ਸਾਹਿਬ ਦਾ ਵੀ ਬਹੁਤ-ਬਹੁਤ ਧੰਨਵਾਦ ਕਰਦਾ ਹਾਂ। ਗਵਰਨਰ ਸਾਹਿਬ ਨੇ ਸਾਈਨ ਕਰ ਦਿੱਤੇ ਅਤੇ within a week ਸਾਈਨ ਕਰ ਦਿੱਤੇ, ਇੱਕ ਹਫਤੇ ਦੇ ਵਿੱਚ ਹੀ ਸਾਈਨ ਹੋ ਕੇ ਆ ਗਏ। ਜਿਸ ਦਿਨ ਸਾਈਨ ਹੋ ਕੇ ਆਏ, ਲੋਕਾਂ ਵਿੱਚ ਇੱਕ ਉਬਾਲ ਆ ਗਿਆ ਕਿਉਂਕਿ ਵਿਰੋਧੀ ਪਾਰਟੀਆਂ ਵੱਲੋਂ ਇਲਜ਼ਾਮ ਲਾਇਆ ਜਾ ਰਿਹਾ ਸੀ ਕਿ ਇਹ ਰਾਸ਼ਟਰਪਤੀ ਕੋਲ ਜਾਏਗਾ, ਰਾਸ਼ਟਰਪਤੀ ਕੋਲ ਜਾ ਕੇ ਬਿਲ ਫਸ ਜਾਵੇਗਾ, ਇਹ ਤਾਂ ਐਵੇਂ ਹੋ ਜਾਵੇਗਾ, ਉਵੇਂ ਹੋ ਜਾਵੇਗਾ, ਜਿਵੇਂ ਉਨ੍ਹਾਂ ਦੀ ਆਦਤ ਹੈ। ਹੋਰ ਕੋਈ ਤਾਂ ਮੁੱਦਾ ਉਨ੍ਹਾਂ ਕੋਲ ਨਹੀਂ ਹੈ। ਇਹ ਤਾਂ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਕਿਸੇ ਦੇ ਖਾਣ-ਪੀਣ ਤੇ ਵੀ ਦੋਸ਼ ਲਾਈ ਜਾਂਦੇ ਹਨ ਕਿ ਆਂਏ ਜਾਂਦਾ, ਐਵੈਂ ਤੁਰਦਾ, ਉਹ ਵਿੰਗਾ ਤੁਰਦਾ, ਉਹ ਟੇਢਾ ਤੁਰਦਾ ਹੈ। ਛੱਡੋ, ਆਪਾਂ ਕੀ ਲੈਣਾ ਪਰ ਪਰਮਾਤਮਾ ਨੇ ਜੋ ਇਹ ਸੇਵਾ ਲੈ ਲਈ ਹੈ, ਇਸ ਦੇ ਲਈ ਪਰਮਾਤਮਾ ਦਾ ਹੀ ਸ਼ੁਕਰਾਨਾ ਕਰਦਾ ਹਾਂ। ਬੀਬਾ ਬਲਜਿੰਦਰ ਕੌਰ ਜੀ ਨੇ ਜੋ ਇਹ ਪ੍ਰਸਤਾਵ ਲਿਆਂਦਾ ਹੈ, ਮੇਰੇ ਖਿਆਲ ਵਿੱਚ ਸ਼ੁਕਰਾਨੇ ਦੇ ਇਵਜ਼ ਦੇ ਵਿੱਚ ਜਿਵੇਂ ਤੁਸੀਂ ਉਸ ਦਿਨ ਪੰਜ ਜੈਕਾਰੇ ਛੱਡੇ ਸੀ, ਜੈਕਾਰੇ ਛੱਡ ਕੇ ਹੀ ਆਪਾਂ ਸ਼ੁਕਰਾਨਾ ਕਰੀਏ। ਸੁੱਖ ਵੇਲੇ ਸ਼ੁਕਰਾਨਾ, ਦੁੱਖ ਵੇਲੇ ਸਿਮਰਨ, ਜਿਹੜਾ ਆਪਣੇ ਧਰਮ ਵਿੱਚ ਮੰਨਿਆ ਗਿਆ ਹੈ। ਤੁਸੀਂ ਜ਼ਰੂਰ ਸ਼ੁਕਰਾਨੇ ਦਾ ਜੈਕਾਰਾ ਛੱਡਣਾ।

**ਮਾਣਯੋਗ ਸਪੀਕਰ:** ਬਿਲਕੁਲ, ਮਾਣਯੋਗ ਮੁੱਖ ਮੰਤਰੀ ਸਾਹਿਬ। ਗੁਰੂ ਪਾਤਸ਼ਾਹ ਜੀ ਨੇ ਕਿਰਪਾ ਕਰਕੇ ਹੀ ਇਹ ਸੇਵਾ ਲਈ ਹੈ। ਇਸ ਦੇ ਬਾਰੇ ਕੁਝ ਗਲਤ ਫਹਿਮੀਆਂ ਵੀ ਫੈਲਾਈਆਂ ਜਾ ਰਹੀਆਂ ਹਨ ਕਿ ਦੇਖੋ ਸ੍ਰੀ ਗੁਰੂ ਗ੍ਰੰਥ ਸਾਹਿਬ 'ਤੇ ਵੀ ਕਾਨੂੰਨ ਬਣਾ ਦਿੱਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਰੀ ਦੁਨੀਆ ਦਾ ਕਾਨੂੰਨ ਹਨ, ਉਨ੍ਹਾਂ ਦਾ ਕਾਨੂੰਨ ਸਾਰੀ ਦੁਨੀਆ ਵਿੱਚ ਚੱਲਦਾ ਹੈ। ਸਾਡੇ ਸਦਨ ਦੇ ਵੱਸ ਦੀ ਗੱਲ ਨਹੀਂ ਕਿ ਅਸੀਂ ਗੁਰੂ ਸਾਹਿਬ ਤੇ ਕਾਨੂੰਨ ਬਣਾਈਏ।

ਅਸੀਂ ਆਪਣੇ ਆਪ ਨੂੰ ਖਤਮ ਕਰਨਾ ਵੱਡਾ ਸਮਝਾਂਗੇ। ਇਹ ਕੋਈ ਕਾਨੂੰਨ ਗੁਰੂ ਸਾਹਿਬ 'ਤੇ ਨਹੀਂ ਹੈ। ਦੀਨ ਦੁਨੀਆ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਮੈਂ ਇਹ ਗੱਲ ਕਲੀਅਰ ਕਰ ਦੇਣੀ ਚਾਹੁੰਦਾ ਹਾਂ। ਇਹ ਕਾਨੂੰਨ ਬੇਅਦਬੀ ਕਰਨ ਵਾਲਿਆਂ ਦੇ ਖਿਲਾਫ ਮਾਣਯੋਗ ਮੁੱਖ ਮੰਤਰੀ ਸਾਹਿਬ ਵੱਲੋਂ ਬਣਾਇਆ ਗਿਆ ਹੈ। ਇਸ ਦੇ ਵਿੱਚ ਮੈਂ, ਸ੍ਰੀ ਅਰਵਿੰਦ ਕੇਜਰੀਵਾਲ ਜੀ ਦਾ ਵੀ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਹੜੇ ਕਿਰਪਾ ਦੇ ਪਾਤਰ ਬਣ ਗਏ ਹਨ। ਜਿਨ੍ਹਾਂ ਨੇ ਇਸ ਕਾਨੂੰਨ ਨੂੰ 'ਹਾਂ' ਕਹਿਣ ਲੱਗਿਆਂ ਇੱਕ ਮਿੰਟ ਨਹੀਂ ਲਗਾਇਆ। ਮੁੱਖ ਮੰਤਰੀ ਸਾਹਿਬ ਇਹ ਤਾਂ ਬਹੁਤ ਵੱਡੀ ਗੁਰੂ ਸਾਹਿਬ ਨੇ ਆਪਣੇ ਤੋਂ ਸੇਵਾ ਲਈ ਹੈ। ਜਿਨ੍ਹਾਂ ਸ਼ਰਾਰਤੀ ਲੋਕਾਂ ਨੇ ਸਾਲ 2015 ਵਿੱਚ ਬੇਅਦਬੀਆਂ ਕਰਵਾਈਆਂ ਸਨ, ਬੇਅਦਬੀਆਂ ਕਰਵਾਉਣ ਵਾਲਿਆਂ ਨੂੰ ਬਚਾਉਂਦੇ ਰਹੇ, ਬਲਕਿ ਜਿਹੜੇ ਇਨਸਾਫ ਮੰਗਦੇ ਸਨ, ਉਨ੍ਹਾਂ ਨੇ ਉਨ੍ਹਾਂ ਸਿੱਖਾਂ 'ਤੇ ਹੀ ਦੋਸ਼ ਲਗਾਉਣ ਦੀ ਕੋਸ਼ਿਸ਼ ਕੀਤੀ ਸੀ। ਹੁਣ ਉਹ ਕੀ ਕਰ ਰਹੇ ਹਨ? ਹੁਣ ਉਹ ਗੁਰੂ ਘਰ ਦੇ ਵਜ਼ੀਰ, ਸੇਵਾਦਾਰਾਂ ਨੂੰ ਭੜਕਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਇਹ ਕਾਨੂੰਨ ਤੁਹਾਡੇ 'ਤੇ ਬਣਾ ਦਿੱਤਾ ਹੈ, ਇਹ ਬਿਲਕੁਲ ਨਹੀਂ ਹੈ। ਕਿਸੇ ਵੀ ਗੁਰੂ ਘਰ ਦੇ ਵਜ਼ੀਰ 'ਤੇ ਕਾਨੂੰਨ ਨਹੀਂ ਬਣਾਇਆ ਹੈ ਬਲਕਿ ਜਿਹੜਾ ਕੋਈ ਬੇਅਦਬੀ ਕਰੇਗਾ ਜਾਂ ਕਰਵਾਏਗਾ ਤਾਂ ਭਾਵੇਂ ਉਹ ਜਿੰਨਾ ਮਰਜ਼ੀ ਵੱਡਾ ਬੰਦਾ ਹੋਵੇ, ਉਸ ਖਿਲਾਫ ਕਾਰਵਾਈ ਹੋਵੇਗੀ। ਸੋ, ਮੈਂ ਇਹ ਕਲੈਰੀਫਿਕੇਸ਼ਨ ਦੇ ਦੇਣੀ ਚਾਹੁੰਦਾ ਸੀ। ਮੁੱਖ ਮੰਤਰੀ ਸਾਹਿਬ, ਸੱਚੇ ਪਾਤਸ਼ਾਹ ਜੀ ਨੇ ਆਪਣੇ 'ਤੇ ਬਹੁਤ ਵੱਡੀ ਕਿਰਪਾ ਕੀਤੀ ਹੈ, ਸਦਨ 'ਤੇ ਬਹੁਤ ਵੱਡੀ ਕਿਰਪਾ ਕੀਤੀ ਹੈ, ਐਨੀ ਵੱਡੀ ਕਿਰਪਾ ਕੀਤੀ ਹੈ। ਸੋ, ਅਸੀਂ ਬਿਲਕੁਲ ਜੈਕਾਰੇ ਲਗਾਵਾਂਗੇ। ਚੀਮਾ ਜੀ, ਤੁਸੀਂ ਕੁਝ ਕਹਿਣਾ ਚਾਹੁੰਦੇ ਹੋ?

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਸਪੀਕਰ ਸਾਹਿਬ, ਜਦੋਂ ਆਪਾਂ ਆਪੋਜ਼ੀਸ਼ਨ ਵਿੱਚ ਹੁੰਦੇ ਸੀ, ਸੀ.ਐਮ. ਸਾਹਿਬ ਨੇ ਸਾਡੇ ਧਿਆਨ ਵਿੱਚ ਲਿਆਂਦਾ ਸੀ ਕਿ ਸਾਲ 1986 ਦੇ ਨਕੋਦਰ ਸਾਕੇ ਦਾ ਮੁੱਦਾ ਸਦਨ ਵਿੱਚ ਰੱਖਿਆ ਜਾਵੇ, ਉਸ ਸਬੰਧੀ ਤੁਸੀਂ ਇੱਕ ਕਮੇਟੀ ਬਣਾਈ ਸੀ। ਮੈਂ ਸਮਝਦਾ ਹਾਂ ਕਿ ਉਸ ਦੀ ਰਿਪੋਰਟ ਜਲਦੀ ਲੈ ਲਈ ਜਾਵੇ। ਜੋ ਵਿਅਕਤੀ ਅੱਜ ਇਸ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਹਨ, ਉਨ੍ਹਾਂ ਦੇ ਸਤਿਕਾਰਯੋਗ ਪਿਤਾ ਜੀ ਉਸ ਸਮੇਂ ਸਰਕਾਰ ਦੇ ਮੰਤਰੀ ਸਨ। ਪੰਜਾਬ ਨੂੰ ਪਤਾ ਲੱਗ ਸਕੇ ਕਿ ਉਨ੍ਹਾਂ ਦੇ ਰਾਜ ਸਮੇਂ, ਉਨ੍ਹਾਂ ਦੇ ਪੁਰਖਿਆਂ ਦੇ ਰਾਜ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੰਜ ਪਵਿੱਤਰ ਬੀੜਾਂ ਸਾੜੀਆਂ ਗਈਆਂ ਸਨ। ਉਸ ਤੋਂ ਬਾਅਦ ਇਨਸਾਫ ਮੰਗਦੇ ਲੋਕਾਂ 'ਤੇ ਉਨ੍ਹਾਂ ਦੇ ਪੁਰਖਿਆਂ ਦੀ ਹਾਜ਼ਰੀ ਵਿੱਚ ਗੋਲੀਆਂ ਚਲਾਈਆਂ ਗਈਆਂ ਸਨ ਅਤੇ 4 ਨੌਜਵਾਨ ਮਾਰੇ ਗਏ ਸਨ। ਉਨ੍ਹਾਂ ਦੇ ਪਿੰਡ ਦੇ ਲੋਕ ਉਨ੍ਹਾਂ ਦੀ ਯਾਦ ਵਿੱਚ ਗੇਟ ਲਗਵਾਉਣਾ ਚਾਹੁੰਦੇ ਸਨ, ਗੇਟ ਲਗਾਉਣ ਵਿੱਚ ਵੀ ਕਿੰਨਾ ਵੱਡਾ ਅੜਿੱਕਾ ਬਣਦੇ ਰਹੇ ਸਨ। ਮੈਂ ਸਮਝਦਾ ਹਾਂ ਕਿ ਇਸ ਬਾਰੇ ਤੁਹਾਡੇ ਕੋਲ ਜ਼ਿਆਦਾ ਜਾਣਕਾਰੀ ਹੈ, ਤੁਸੀਂ ਸੂਚਿਤ ਕਰੋ ਕਿ ਉਹ ਲੋਕ ਕੌਣ ਸਨ? ਅੱਜ ਜਦੋਂ ਕਾਨੂੰਨ ਬਣ ਗਿਆ ਹੈ ਤਾਂ ਕਾਂਗਰਸ ਪਾਰਟੀ ਦੇ ਉਹ ਲੋਕ ਕੋਈ ਨਾ ਕੋਈ ਬਹਾਨਾ ਲਗਾ ਕੇ ਬਾਹਰ ਚਲੇ ਜਾਂਦੇ ਹਨ, ਵਾਕ-ਆਊਟ ਕਰ ਜਾਂਦੇ ਹਨ ਪਰ ਉਨ੍ਹਾਂ ਦਾ ਚਿਹਰਾ ਨੰਗਾ ਹੋਣਾ ਚਾਹੀਦਾ ਹੈ ਅਤੇ ਪੰਜਾਬ ਦੇ ਲੋਕਾਂ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਸੰਨ 1986 ਵਿੱਚ ਕਿਹੜੀ ਸਰਕਾਰ ਸੀ, ਮੁੱਖ ਮੰਤਰੀ ਕੌਣ ਸੀ ਅਤੇ ਕਿਸ-ਕਿਸ ਦਾ ਪਰਿਵਾਰ ਕਿੱਥੇ-ਕਿੱਥੇ ਸ਼ਾਮਲ ਸੀ, ਇਸ ਗੱਲ ਦਾ ਸਾਨੂੰ ਪਤਾ ਹੋਣਾ ਚਾਹੀਦਾ ਹੈ। ਇੰਨੇ ਸਾਲਾਂ ਬਾਅਦ ਲੋਕ ਭੁੱਲ ਜਾਂਦੇ ਹਨ। ਇਹ ਸਾਲ 1986 ਦੀ ਗੱਲ ਹੈ ਅਤੇ ਅੱਜ 2026 ਆ ਗਿਆ ਹੈ। ਸੋ, 40 ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਉਸ ਘਟਨਾ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ, 2015 ਵਿੱਚ ਵੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ। ਇਹ ਲੋਕ ਪੰਥ

ਦੇ ਨਾਂ ਤੇ ਵੋਟਾਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਵਾਉਂਦੇ ਰਹੇ। ਸੋ, ਮੈਂ ਸਮਝਦਾ ਹਾਂ ਕਿ ਇਹ ਰਿਪੋਰਟ ਜਲਦੀ ਸਦਨ ਵਿੱਚ ਪੇਸ਼ ਕੀਤੀ ਜਾਵੇ।

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ)**: ਸਪੀਕਰ ਸਾਹਿਬ, ਜੇਕਰ ਸਾਲ 1986 ਦੀ ਜਾਂਚ ਕਰ ਰਹੇ ਹਾਂ ਤਾਂ ਆਪਾਂ 1984 ਦੀ ਜਾਂਚ ਕਿਉਂ ਨਹੀਂ ਕਰ ਰਹੇ? ਇੱਕ ਬੰਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਲਈ ਸ੍ਰੀ ਦਰਬਾਰ ਸਾਹਿਬ ਵਿਖੇ ਜਿੱਥੇ ਸੰਗਤਾਂ ਮੱਥਾ ਟੇਕਦੀਆਂ ਹਨ, ਉਸ ਵਿੱਚ ਛਾਲ ਮਾਰ ਦਿੰਦਾ ਹੈ, ਉਸ ਨੂੰ ਫੜ੍ਹ ਲਿਆ ਗਿਆ ਸੀ ਅਤੇ ਬੇਅਦਬੀ ਦਾ ਕੇਸ ਪਾਇਆ ਗਿਆ ਸੀ। ਬਿਲਕੁਲ ਕੇਸ ਪੈਣਾ ਚਾਹੀਦਾ ਹੈ ਪਰ ਦਰਬਾਰ ਸਾਹਿਬ 'ਤੇ ਤਾਂ ਟੈਂਕ ਚੜ੍ਹੇ ਹਨ।

**ਮਾਣਯੋਗ ਸਪੀਕਰ**: ਵਾਹਿਗੁਰੂ।

**ਮੁੱਖ ਮੰਤਰੀ** : ਉਥੇ ਤਾਂ ਫੌਜਾਂ ਆਈਆਂ ਸਨ। ਫੌਜਾਂ ਕਿਹੜਾ ਕੋਈ ਮਰਿਆਦਾ ਰੱਖ ਕੇ ਗਈਆਂ ਹੋਣਗੀਆਂ ਕਿ ਬੂਟ ਨਹੀਂ ਲੈ ਕੇ ਜਾਣੇ। ਉਥੇ ਕਿੰਨਾ ਹੀ ਕਤਲੇਆਮ ਹੋਇਆ ਹੈ, ਖ਼ੂਨ ਵਹਿਆ ਹੈ। ਜੇਕਰ ਅਸੀਂ 1986 ਦੀ ਜਾਂਚ ਕਰ ਰਹੇ ਹਾਂ ਤਾਂ ਅਸੀਂ 1984 ਦੀ ਵੀ ਜਾਂਚ ਕਰੀਏ ਕਿ ਉਸ ਵੇਲੇ ਕੌਣ ਜ਼ਿੰਮੇਵਾਰ ਸਨ? ਮੇਰਾ ਖਿਆਲ ਹੈ ਕਿ ਉਨ੍ਹਾਂ ਬਾਰੇ ਵੀ ਰਿਪੋਰਟ ਲੈਣੀ ਚਾਹੀਦੀ ਹੈ। ਇੱਕ ਦਿਨ ਜੇ ਕਿਸੇ ਨੇ ਕਹਿ ਦਿੱਤਾ ਕਿ ਮੁਆਫੀ ਮੰਗ ਲਈ, ਇਸ ਤਰ੍ਹਾਂ ਮੁਆਫੀਆਂ ਥੋੜ੍ਹਾ ਹੁੰਦੀਆਂ ਹਨ? ਜੇਕਰ ਕਿੰਨੇ ਹੀ ਸੌ ਸਾਲਾਂ ਬਾਅਦ ਅੱਜ ਕਾਮਾਗਾਟਾ ਮਾਰੂ ਜਹਾਜ਼ ਬਾਰੇ ਕੈਨੇਡਾ ਮੁਆਫੀ ਮੰਗ ਰਿਹਾ ਹੈ ਤਾਂ ਇਹ ਵੀ ਘੱਟੋ-ਘੱਟ ਆਫੀਸ਼ੀਅਲੀ ਕੁਝ ਤਾਂ ਕਰਨ। ਇਹ ਥੋੜ੍ਹਾ ਕਿ ਉਸ ਨੇ ਕਹਿ ਦਿੱਤਾ ਸੀ, ਇਸ ਨੇ ਕਹਿ ਦਿੱਤਾ ਸੀ, ਇਸ ਤਰ੍ਹਾਂ ਤਾਂ ਕੰਮ ਨਹੀਂ ਚੱਲਣਾ। ਇਸ ਲਈ ਜੇ ਕਮੇਟੀ ਬਣੀ ਹੀ ਹੋਈ ਹੈ ਤਾਂ 1984 ਵੇਲੇ ਵੀ ਜੋ ਹੁਕਮਰਾਨ ਸਨ, ਉਨ੍ਹਾਂ 'ਤੇ ਵੀ ਪਰਚੇ ਦਰਜ ਹੋਣੇ ਚਾਹੀਦੇ ਹਨ। (ਥੰਪਿੰਗ)

**ਮਾਣਯੋਗ ਸਪੀਕਰ**: ਠੀਕ ਹੈ, ਮੁੱਖ ਮੰਤਰੀ ਸਾਹਿਬ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ (ਅਜਨਾਲਾ)** : ਸਪੀਕਰ ਸਾਹਿਬ, ਜਿਹੜਾ ਸੀ.ਐਮ. ਸਾਹਿਬ ਨੇ ਕਿਹਾ ਹੈ, ਬਿਲਕੁਲ ਠੀਕ ਕਿਹਾ ਹੈ। ਸਪੀਕਰ ਸਾਹਿਬ ਜੋ ਵੀ ਦੁਨੀਆ ਦੇ ਊਲ-ਜਲੂਲ ਦੋਸ਼ ਹਨ, ਉਹ ਇਹ ਸਾਡੇ 'ਤੇ ਲਗਾਉਂਦੇ ਹਨ, ਜਦੋਂ ਕਿ ਬੱਜਰ ਗੁਨਾਹ ਉਨ੍ਹਾਂ ਨੇ ਕੀਤੇ ਹਨ। ਜਿਹੜੀ ਸੀ.ਐਮ. ਸਾਹਿਬ ਨੇ ਗੱਲ ਕਹੀ ਹੈ, ਸਾਲ 1984 ਅਤੇ 1986 ਦੀ ਰਿਪੋਰਟ ਲੈਣੀ ਚਾਹੀਦੀ ਹੈ ਅਤੇ ਇਨ੍ਹਾਂ ਦਾ ਅਸਲੀ ਚਿਹਰਾ ਲੋਕਾਂ ਅੱਗੇ ਨੰਗਾ ਕਰਨਾ ਸਾਡੀ ਡਿਊਟੀ ਬਣਦੀ ਹੈ। ਚਾਹੇ ਸੈਸ਼ਨ ਦਾ ਟਾਈਮ ਵਧਾਉ ਜਾਂ ਸਪੈਸ਼ਲ ਸੈਸ਼ਨ ਰੱਖ ਲਵੋ ਪਰ ਇਸ 'ਤੇ ਚਰਚਾ ਹੋਣੀ ਚਾਹੀਦੀ ਹੈ। ਆਪਾਂ ਚਰਚਾ ਕਰੀਏ ਕਿ ਇਨ੍ਹਾਂ ਨੇ ਕੀ ਕੀਤਾ ਹੈ। ਇਹ ਸਾਡੇ ਲਈ ਜੋ ਮਰਜ਼ੀ ਚਾਹੁਣ ਬੋਲ ਦਿੰਦੇ ਹਨ। ਇਹ ਸਾਨੂੰ ਕਦੇ ਕੁਝ ਕਹਿੰਦੇ ਹਨ ਤੇ ਕਦੇ ਕੁਝ ਕਹਿੰਦੇ ਹਨ। ਇਹ ਵੱਡੇ ਗੁਨਾਹਗਾਰ ਹਨ। ਇਸ ਲਈ ਭਾਵੇਂ ਸਾਨੂੰ ਕਿਸੇ ਦਿਨ ਫਿਰ ਤੋਂ ਸੱਦ ਲਵੋ, ਭਾਵੇਂ ਕੱਲ੍ਹ ਹੀ ਇਸ 'ਤੇ ਬਹਿਸ ਕਰਵਾ ਲਵੋ। ਸਾਨੂੰ ਨਕੋਦਰ ਕਾਂਡ ਅਤੇ ਸਾਲ 1984 ਬਾਰੇ ਚਰਚਾ ਕਰਨੀ ਚਾਹੀਦੀ ਹੈ, ਇਹ ਬਹੁਤ ਜ਼ਰੂਰੀ ਹੈ। ਦੁਨੀਆ ਭਰ ਦੇ ਸਿੱਖਾਂ ਨੂੰ, ਦੁਨੀਆ ਭਰ ਦੇ ਪੰਜਾਬੀਆਂ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਇਨ੍ਹਾਂ ਨੇ ਕੀ ਗੁਨਾਹ ਕੀਤੇ ਹਨ। ਸਾਡੇ ਮੈਂਬਰ, ਆਮ ਘਰਾਂ ਦੇ ਮੁੰਡੇ, ਸਾਧਾਰਨ ਘਰਾਂ ਦੇ ਮੁੰਡੇ ਅੱਜ ਐਮ.ਐਲ.ਏ./ਮੰਤਰੀ ਬਣ ਗਏ ਹਨ, ਇਹ ਸਾਨੂੰ ਜੋ ਮਰਜ਼ੀ ਬੋਲੀ ਜਾਂਦੇ ਹਨ। ਇਨ੍ਹਾਂ ਨੇ ਸਾਡਾ ਜਿਊਣਾ ਹਰਾਮ ਕੀਤਾ ਹੋਇਆ ਹੈ। ਅਸਲ ਦੋਸ਼ੀ ਇਹ ਹਨ, ਪੰਜਾਬ ਦਾ ਬੇੜਾ ਗਰਕ ਕਰਨ ਵਾਲੇ ਅਸਲ ਬੰਦੇ ਇਹ ਹਨ।

ਇਹ ਸਾਨੂੰ ਜੋ ਮਰਜ਼ੀ ਕਹੀ ਜਾਂਦੇ ਹਨ। ਸਾਨੂੰ ਜਦੋਂ ਮਰਜ਼ੀ, ਜੋ ਮਰਜ਼ੀ ਕਹਿ ਦਿੰਦੇ ਹਨ। ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਸ ਉਤੇ ਚਰਚਾ ਕਰਵਾਉ। ਭਾਵੇਂ ਤੁਸੀਂ ਸੈਸ਼ਨ ਦਾ ਟਾਈਮ ਵਧਾ ਕੇ ਕੱਲ੍ਹ ਹੀ ਚਰਚਾ ਕਰਵਾ ਦਿਉ। ਦੁਨੀਆ ਅੱਗੇ ਇਨ੍ਹਾਂ ਦਾ ਚਿਹਰਾ ਨੰਗਾ ਕਰੀਏ ਕਿ ਇਹ ਕੀ ਕਰਕੇ ਆਏ ਹਨ। ਮੇਰੀ ਤੁਹਾਡੇ ਤੋਂ ਇਹੋ ਮੰਗ ਹੈ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ** : ਅਸੀਂ ਇਸ ਸੁਝਾਅ ਦਾ ਸਮਰਥਨ ਕਰਦੇ ਹਾਂ।

**ਮਾਣਯੋਗ ਸਪੀਕਰ** : ਇਹ ਬਹੁਤ ਵੱਡਾ ਦੁੱਖ ਹੈ। ਸਾਲ 1984 ਸਦੀਆਂ ਤੱਕ ਨਹੀਂ ਭੁੱਲਿਆ ਜਾਣਾ।

**ਮੁੱਖ ਮੰਤਰੀ** : ਇਹ ਕਹਿੰਦੇ ਹਨ ਕਿ ਭੁੱਲ ਜਾਓ।

**ਮਾਣਯੋਗ ਸਪੀਕਰ** : ਨਹੀਂ, ਇਹ ਨਹੀਂ ਭੁੱਲਿਆ ਜਾਣਾ।

**ਮੁੱਖ ਮੰਤਰੀ** : ਇਹ ਤਾਂ ਕਹਿੰਦੇ ਹਨ ਕਿ ਤੁਸੀਂ ਭੁੱਲ ਜਾਓ।

**ਮਾਣਯੋਗ ਸਪੀਕਰ** : ਇਹ ਭੁੱਲਿਆ ਨਹੀਂ ਜਾਣਾ ਹੈ। ਇਸ ਬਾਰੇ ਵੀ ਵਿਚਾਰ ਕਰ ਲਿਆ ਜਾਵੇਗਾ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਪ੍ਰਿੰਸੀਪਲ ਬੁੱਧ ਰਾਮ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਮੰਗ ਰਹੇ ਹਨ।)

**ਮਾਣਯੋਗ ਸਪੀਕਰ** : ਬੁੱਧ ਰਾਮ ਜੀ, ਆਪਾਂ ਅੱਗੇ ਕੰਮ ਕਰ ਲਈਏ?

**ਪ੍ਰਿੰਸੀਪਲ ਬੁੱਧ ਰਾਮ (ਬੁਢਲਾਡਾ, ਐਸ.ਸੀ.):** ਸਰ, ਇੱਕ ਮਿੰਟ ਦੇ ਦਿਓ ਜੀ, ਬਹੁਤ ਜ਼ਰੂਰੀ ਗੱਲ ਹੈ। ਜਦੋਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ ਤਾਂ ਇਨ੍ਹਾਂ ਨੇ ਸਦਨ ਦੀ ਮਰਿਆਦਾ ਭੰਗ ਕੀਤੀ ਸੀ। ਕਾਂਗਰਸੀਆਂ ਨੇ ਤਿੰਨ ਦਿਨਾਂ ਵਾਸਤੇ ਇਸ ਪਵਿੱਤਰ ਸਦਨ ਵਿੱਚ ਧਰਨਾ ਮਾਰਿਆ ਸੀ ਅਤੇ ਇਹ ਤਿੰਨੋਂ ਦਿਨ ਇੱਥੇ ਪਵਿੱਤਰ ਸਦਨ ਵਿੱਚ ਬੈਠ ਕੇ ਮਾਸ, ਮੀਟ ਖਾਦੇ ਅਤੇ ਸ਼ਰਾਬ ਪੀਂਦੇ ਰਹੇ। (ਟਰੇਜ਼ਰੀ ਬੈਂਚਿਜ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਉਸ ਤੋਂ ਬਾਅਦ ਪਰਕਾਸ਼ ਸਿੰਘ ਬਾਦਲ ਨੇ ਆ ਕੇ ਇਨ੍ਹਾਂ ਨੂੰ ਉਠਾਇਆ ਸੀ। ਇਹ ਅੱਜ ਪਵਿੱਤਰ ਸਦਨ ਦੀਆਂ ਗੱਲਾਂ ਕਰਦੇ ਹਨ ਜਦ ਕਿ ਇਹ ਖੁਦ ਪਵਿੱਤਰ ਸਦਨ ਦੇ ਵੈੱਲ ਵਿੱਚ ਬੈਠੇ ਸਨ ਤੇ ਰਾਤ ਨੂੰ ਇਹ ਇੱਥੇ ਹੀ ਸ਼ਰਾਬਾਂ ਪੀਂਦੇ ਸਨ ਤੇ ਇੱਥੇ ਹੀ ਮੀਟ ਖਾਂਦੇ ਸਨ। ਇੱਥੋਂ ਦੇ ਸਾਰੇ ਮੁਲਾਜ਼ਮ ਇਸ ਦੇ ਗਵਾਹ ਹਨ। ਇਹ ਬੰਦੇ ਅੱਜ ਸਾਨੂੰ ਕਹਿੰਦੇ ਹਨ। ਕੀ ਇਨ੍ਹਾਂ ਨੇ ਪਵਿੱਤਰਤਾ ਭੰਗ ਨਹੀਂ ਕੀਤੀ ਸੀ? ਕੀ ਇਨ੍ਹਾਂ ਨੂੰ ਯਾਦ ਨਹੀਂ ਹੈ? ਮੈਨੂੰ ਇਹ ਵੀ ਪਤਾ ਲੱਗਿਆ ਸੀ ਕਿ ਇਨ੍ਹਾਂ ਦੇ ਇੱਕ ਪ੍ਰੈਜ਼ੈਂਟ ਮੈਂਬਰ ਨੇ ਸਪੀਕਰ ਦੀ ਕੁਰਸੀ ਤੱਕ ਜਾ ਕੇ ਸਪੀਕਰ ਦਾ ਗਲਾ ਫੜਿਆ ਸੀ ਤੇ ਅਸਲੀ ਪਵਿੱਤਰਤਾ ਇਨ੍ਹਾਂ ਨੇ ਭੰਗ ਕੀਤੀ ਸੀ।

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

"ਕਿ 13 ਅਪ੍ਰੈਲ, 2026 ਨੂੰ ਵਿਸਾਖੀ ਅਤੇ ਖਾਲਸਾ ਸਾਜਨਾ ਦੇ ਪਵਿੱਤਰ ਦਿਹਾੜੇ ਤੇ ਇਸ ਸਦਨ ਵੱਲੋਂ ਜੋ ਇਤਿਹਾਸਕ ਬਿਲ "ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿਲ, 2026" ਪਾਸ ਕੀਤਾ

ਗਿਆ ਹੈ ਅਤੇ ਮਾਣਯੋਗ ਰਾਜਪਾਲ, ਪੰਜਾਬ ਜੀ ਦੀ ਸਹਿਮਤੀ ਉਪਰੰਤ ਇਸ ਦੇ ਪੰਜਾਬ ਵਿੱਚ ਲਾਗੂ ਹੋ ਜਾਣ ਨਾਲ ਸਿੱਖ ਭਾਈਚਾਰੇ ਦੀਆਂ ਲੰਬੇ ਸਮੇਂ ਤੋਂ ਚੱਲੀਆਂ ਆ ਰਹੀਆਂ ਭਾਵਨਾਵਾਂ ਅਤੇ ਮੰਗਾਂ ਦੀ ਪੂਰਤੀ ਹੋਈ ਹੈ। ਇਹ ਸੂਬੇ ਵਿੱਚ ਧਾਰਮਿਕ ਏਕਤਾ, ਭਾਈਚਾਰਕ ਸਾਂਝ ਅਤੇ ਸ਼ਾਂਤੀ ਨੂੰ ਮਜ਼ਬੂਤ ਬਣਾਉਣ ਵਿੱਚ ਇੱਕ ਮਹੱਤਵਪੂਰਨ ਅਤੇ ਇਤਿਹਾਸਕ ਕਦਮ ਹੈ।

ਇਸ ਬਿਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨਾਲ ਜੁੜੀਆਂ ਘਿਨਾਉਣੀਆਂ ਘਟਨਾਵਾਂ ਲਈ ਸਖ਼ਤ ਤੋਂ ਸਖ਼ਤ ਸਜ਼ਾਵਾਂ, ਖਾਸ ਕਰਕੇ ਸਾਜਿਸ਼ ਰਾਹੀਂ ਬੇਅਦਬੀ ਕਰਨ ਵਾਲਿਆਂ ਲਈ ਉਮਰ ਕੈਦ ਤੱਕ ਦੀ ਸਜ਼ਾ ਅਤੇ ਭਾਰੀ ਜੁਰਮਾਨੇ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਤੋਂ ਇਲਾਵਾ ਡਿਜੀਟਲ ਮਾਧਿਅਮਾਂ ਰਾਹੀਂ ਹੋਣ ਵਾਲੀਆਂ ਬੇਅਦਬੀਆਂ ਨੂੰ ਵੀ ਇਸ ਦੇ ਦਾਇਰੇ ਵਿੱਚ ਲਿਆਂਦਾ ਗਿਆ ਹੈ।

ਇਹ ਸਦਨ ਸਭ ਤੋਂ ਪਹਿਲਾਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਟਨ ਕੋਟ ਸ਼ੁਕਰਗੁਜ਼ਾਰ ਹੈ ਅਤੇ ਉਨ੍ਹਾਂ ਅੱਗੇ ਨਤਮਸਤਕ ਹੁੰਦਾ ਹੈ, ਜਿਨ੍ਹਾਂ ਨੇ ਇਸ ਸਦਨ ਨੂੰ ਇਹ ਸੇਵਾ ਬਖਸ਼ ਕੇ ਨਿਹਾਲ ਕੀਤਾ ਅਤੇ ਆਪ ਹੀ ਰਹਿਨੁਮਾਈ ਕਰਕੇ ਇਸ ਪਵਿੱਤਰ ਕਾਰਜ ਨੂੰ ਨੇਪਰੇ ਚੜ੍ਹਾਉਣ ਵਿੱਚ ਆਸਰਾ ਦਿੱਤਾ।

ਇਹ ਸਦਨ ਉਨ੍ਹਾਂ ਸਾਰੀਆਂ ਸਤਿਕਾਰਤ ਸ਼ਖਸੀਅਤਾਂ ਦਾ ਵੀ ਧੰਨਵਾਦ ਕਰਦਾ ਹੈ, ਜਿਨ੍ਹਾਂ ਨੇ ਮਰਿਆਦਾ ਅਨੁਸਾਰ ਬਿਲ ਡਰਾਫ਼ਟ ਕਰਨ ਵਿੱਚ ਯੋਗਦਾਨ ਪਾਇਆ ਅਤੇ ਇਤਿਹਾਸਕ ਕਾਨੂੰਨ ਪ੍ਰਤੀ ਇਕਸੁਰਤਾ ਪ੍ਰਗਟ ਕੀਤੀ।

ਇਸ ਸਦਨ ਨੂੰ ਪੂਰਨ ਵਿਸ਼ਵਾਸ ਹੈ ਕਿ ਇਸ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇਗਾ ਅਤੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰਤਾ ਅਤੇ ਸਤਿਕਾਰ ਬਣਾਈ ਰੱਖਿਆ ਜਾਵੇਗਾ।"

(ਇਸ ਸਮੇਂ ਮਾਣਯੋਗ ਸਪੀਕਰ ਸਾਹਿਬ ਸਮੇਤ ਪੂਰੇ ਹਾਊਸ ਵੱਲੋਂ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਪੰਜ ਵਾਰ ਜੈਕਾਰੇ ਗਜਾਏ ਗਏ।)

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

---

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ)** : ਸਰ, ਆਪਾਂ ਸਾਰਿਆਂ ਨੇ 13 ਅਪ੍ਰੈਲ ਨੂੰ ਸਰਬਸੰਮਤੀ ਨਾਲ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਬਿਲ ਪਾਸ ਕੀਤਾ, ਉਸ ਤੋਂ ਬਾਅਦ ਗਵਰਨਰ ਸਾਹਿਬ ਨੇ ਵੀ ਇਹ ਬਿਲ ਪਾਸ ਕੀਤਾ ਔਰ ਇਹ ਐਕਟ ਬਣ ਗਿਆ। ਹੁਣ ਆਪਾਂ ਸਾਰਿਆਂ ਨੇ ਇਹ ਫੈਸਲਾ ਕੀਤਾ ਸੀ ਕਿ ਇਹ ਐਕਟ ਜਾਂ ਇਹ ਬਿਲ ਇਸ ਤਰ੍ਹਾਂ ਬਣਨਾ ਚਾਹੀਦਾ ਹੈ ਕਿ ਇਸ ਨੂੰ ਦੁਬਾਰਾ ਕਦੇ ਇੱਥੇ ਆਉਣ ਦੀ ਲੋੜ ਨਾ ਪਵੇ। ਜੇ ਕੋਈ ਐਕਟ ਬਣ ਜਾਵੇ ਤਾਂ ਉਸ ਦੀ ਇੰਪਲੀਮੈਂਟੇਸ਼ਨ ਰੂਲਜ਼ ਨਾਲ ਹੁੰਦੀ ਹੈ, ਉਸ ਦੇ ਡਿਟੇਲਡ ਰੂਲਜ਼ ਬਣਾਏ ਜਾਂਦੇ ਹਨ। ਸੋ, ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਅੱਜ ਪੁਰਾਣੇ ਸੈਸ਼ਨ ਨੂੰ ਵੀ ਇੱਕ ਮਹੀਨਾ ਹੋਣ ਵਾਲਾ ਹੈ, ਕੀ ਇਸ ਇੰਪਾਰਟੈਂਟ ਬਿਲ-ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਐਕਟ ਦੇ ਡਿਟੇਲਡ ਰੂਲਜ਼ ਬਣ ਚੁੱਕੇ ਹਨ? ਜੇ ਇਸ ਦੇ ਰੂਲਜ਼ ਬਣ ਚੁੱਕੇ ਹਨ ਤਾਂ ਉਹ ਕਾਈਂਡਲੀ ਸਦਨ ਵਿੱਚ ਸ਼ੇਅਰ ਕਰ ਦਿੱਤੇ ਜਾਣ ਤਾਂ ਜੋ ਅਸੀਂ ਉਨ੍ਹਾਂ ਨੂੰ ਡਿਸਕਸ ਕਰ ਸਕੀਏ।

**ਮਾਣਯੋਗ ਸਪੀਕਰ** : ਮਾਣਯੋਗ ਮੁੱਖ ਮੰਤਰੀ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ।

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ)** : ਮਾਣਯੋਗ ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬ ਨੇ ਜੋ ਗੱਲ ਚੁੱਕੀ ਹੈ, ਉਸ ਸਬੰਧੀ ਮੈਂ ਦੱਸਣਾ ਚਾਹਾਂਗਾ ਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਐਕਟ, 2008 ਜਾਗਤ ਜੋਤ ਐਕਟ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਉਸ ਦੇ ਪਹਿਲਾਂ ਹੀ ਰੂਲਜ਼ ਬਣੇ ਹੋਏ ਸਨ ਪਰ ਜੋ ਅਸੀਂ ਐਡੀਸ਼ਨ ਕੀਤਾ ਹੈ, ਉਸ ਦੇ ਰੂਲਜ਼ ਆਲਮੋਸਟ ਤਿਆਰ ਹਨ, ਉਹ ਮੌਨਸੂਨ ਸੈਸ਼ਨ ਵਿੱਚ ਜਾਂ ਉਸ ਤੋਂ ਪਹਿਲਾਂ ਸ਼ੇਅਰ ਕਰ ਦਿੱਤੇ ਜਾਣਗੇ। ਮੌਨਸੂਨ ਸੈਸ਼ਨ ਵਿੱਚ ਅਸੀਂ ਸਦਨ ਦੀ ਮੇਜ਼ 'ਤੇ ਰੱਖ ਦੇਵਾਂਗੇ, ਉਸ ਤੋਂ ਪਹਿਲਾਂ ਕਾਪੀ ਤੁਹਾਡੇ ਕੋਲ ਪਹੁੰਚ ਜਾਵੇਗੀ। ਸਪੀਕਰ ਸਾਹਿਬ, ਪਹਿਲਾਂ ਰੂਲਜ਼ ਬਣੇ ਹੋਏ ਹਨ, ਅਸੀਂ ਤਾਂ ਐਡੀਸ਼ਨ ਕੀਤਾ ਹੈ। ਉਸ ਕਾਨੂੰਨ ਵਿੱਚ ਜੋ ਐਡੀਸ਼ਨ ਕੀਤੀ ਹੈ, ਉਸ ਦੇ ਰੂਲਜ਼ ਐਂਡ ਰੈਗੂਲੇਸ਼ਨ ਤਿਆਰ ਹਨ। ਉਸ ਵਿੱਚ ਕਸਟੋਡੀਅਨ ਦਾ ਮਤਲਬ ਕੀ ਹੈ, ਬੇਅਦਬੀ ਦਾ ਮਤਲਬ ਕੀ ਹੈ, ਬੇਅਦਬੀ ਕਿਸ ਕਿਸਮ ਦੀ ਹੁੰਦੀ ਹੈ ਕਿਉਂਕਿ ਉਸ ਵਿੱਚ ਰੁਮਾਲਾ ਸਾਹਿਬ ਵੀ ਆ ਜਾਂਦਾ ਹੈ। ਕਈ ਵਾਰੀ ਹੋਰ ਪਵਿੱਤਰ ਚੀਜ਼ਾਂ ਵੀ ਵਿੱਚ ਗਿਣੀਆਂ ਜਾਂਦੀਆਂ ਹਨ। ਸਾਰਾ ਤੁਹਾਨੂੰ ਡਿਟੇਲ ਵਿੱਚ ਦੇਵਾਂਗੇ।

**ਮਾਣਯੋਗ ਸਪੀਕਰ** : ਬੈਂਸ ਸਾਹਿਬ, ਕੁਝ ਕਹਿਣਾ ਚਾਹੁੰਦੇ ਹਨ।

**ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)**: ਮਾਣਯੋਗ ਸਪੀਕਰ ਸਾਹਿਬ, ਧੰਨਵਾਦ ਜੀ। ਜਿੱਥੇ ਆਪਾਂ ਅੱਜ ਇੱਕ ਮਈ ਨੂੰ ਮਜ਼ਦੂਰ ਦਿਵਸ ਮਨਾ ਰਹੇ ਹਾਂ, ਬੁੱਧ ਪੂਰਨਿਮਾ ਮਨਾ ਰਹੇ ਹਾਂ ਤਾਂ ਮੈਂ ਦੱਸਣਾ ਚਾਹਾਂਗਾ ਕਿ ਅੱਜ ਬਹੁਤ ਹੀ ਇਤਿਹਾਸਕ ਸ਼ਹਿਰ ਸ੍ਰੀ ਕੀਰਤਪੁਰ ਸਾਹਿਬ ਦਾ 400 ਸਾਲਾ ਸਥਾਪਨਾ ਦਿਵਸ ਵੀ ਹੈ, ਇਸ ਲਈ ਪੂਰੀ ਸੰਗਤ ਨੂੰ ਵਧਾਈ ਹੋਵੇ। ਠੀਕ 1 ਮਈ, 1626 ਨੂੰ ਛੇਵੇਂ ਪਾਤਸ਼ਾਹ ਜੀ ਨੇ ਇਸ ਸ਼ਹਿਰ ਦੀ ਨੀਂਹ ਬਾਬਾ ਸ੍ਰੀ ਚੰਦ ਜੀ ਤੋਂ ਰਖਵਾਈ ਸੀ। ਸਪੀਕਰ ਸਾਹਿਬ, ਕੀਰਤਪੁਰ ਸਾਹਿਬ ਛੇ ਗੁਰੂ ਸਾਹਿਬਾਨਾਂ ਦੀ ਚਰਨ ਛੋਹ ਪ੍ਰਾਪਤ ਹੈ। ਇਹ 7ਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਏ ਸਾਹਿਬ ਅਤੇ 8ਵੇਂ ਪਾਤਸ਼ਾਹ ਬਾਲਾ ਪ੍ਰੀਤਮ ਧੰਨ-ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਜਨਮ ਅਸਥਾਨ ਹੈ। ਇਹ ਉਹ ਪਾਵਨ ਅਸਥਾਨ ਹੈ, ਜਿੱਥੇ ਛੇਵੇਂ ਪਾਤਸ਼ਾਹ, ਸੱਤਵੇਂ ਪਾਤਸ਼ਾਹ ਅਤੇ ਅੱਠਵੇਂ ਪਾਤਸ਼ਾਹ ਜੀ ਦਾ ਸਸਕਾਰ ਹੋਇਆ ਸੀ। ਇਹ ਬਾਬਾ ਬੁੱਢਣ ਸ਼ਾਹ ਜੀ ਅਤੇ ਬਾਬਾ ਗੁਰਦਿੱਤਾ ਜੀ ਦੀ ਧਰਤੀ ਹੈ। ਇਹ ਉਹੀ ਧਰਤੀ ਹੈ, ਜਿੱਥੋਂ ਨੌਂਵੇ ਪਾਤਸ਼ਾਹ ਜੀ ਨੇ ਚੱਲ ਕੇ ਚੱਕ ਨਾਨਕੀ ਅੱਜ ਦਾ ਸ੍ਰੀ ਅਨੰਦਪੁਰ ਸਾਹਿਬ ਵਸਾਇਆ ਅਤੇ ਉਹੀ ਪਵਿੱਤਰ ਅਸਥਾਨ ਹੈ, ਜਿੱਥੇ ਅਸੀਂ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350 ਸਾਲਾ ਸ਼ਹੀਦੀ ਪੁਰਬ ਮਨਾ ਰਹੇ ਹਾਂ। ਜਦੋਂ ਨੌਂਵੇ ਪਾਤਸ਼ਾਹ ਗੁਰੂ ਸਾਹਿਬ ਦਾ ਸੀਸ ਆਇਆ ਤਾਂ ਬਾਲ ਗੋਬਿੰਦ ਰਾਏ ਜੀ ਦਾ ਪੂਰੇ ਪਰਿਵਾਰ ਨਾਲ ਮੇਲ ਹੋਇਆ। ਅੱਜ ਉਸ ਮਹਾਨ ਪਵਿੱਤਰ ਧਰਤੀ ਦਾ 400 ਸਾਲਾ ਦਿਵਸ ਹੈ। ਮੈਂ, ਆਪਣੇ ਮੁੱਖ ਮੰਤਰੀ ਸਾਹਿਬ ਅਤੇ ਆਪਣੀ ਸਾਰੀ ਸਰਕਾਰ ਦਾ ਧੰਨਵਾਦ ਕਰਦਾ ਹਾਂ ਕਿ ਉਸ ਧਰਤੀ ਉੱਤੇ ਜਿੱਥੇ ਪਾਤਾਲਪੁਰੀ ਸਾਹਿਬ ਸਿਰਫ ਸਿੱਖਾਂ ਦੇ ਹੀ ਨਹੀਂ ਬਲਕਿ ਸਾਰਿਆਂ ਦੇ ਅਸਥ ਜਾਂਦੇ ਹਨ, ਉਥੇ ਸ਼ਹਿਰ ਦਾ ਸੀਵਰੇਜ ਆਉਂਦਾ ਸੀ ਅਤੇ ਸਾਰੇ ਉਥੇ ਹੀ ਅਸਥ ਪਾਈ ਜਾਂਦੇ ਸਨ। ਤਿੰਨ ਸਾਲ ਪਹਿਲਾਂ ਮਾਣਯੋਗ ਸਤਿਕਾਰਯੋਗ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਜੀ ਦੇ ਕਰ-ਕਮਲਾਂ ਅਨੁਸਾਰ ਕੰਮ ਸ਼ੁਰੂ ਕਰਵਾਇਆ ਸੀ, ਅੱਜ ਉਹ 4 ਕਰੋੜ ਰੁਪਏ ਦੀ ਲਾਗਤ ਨਾਲ ਬਣ ਕੇ ਤਿਆਰ ਹੋ ਗਿਆ ਹੈ। ਸਕੂਲ ਆਫ ਐਮੀਨੈਂਸ ਉੱਤੇ 12 ਕਰੋੜ ਰੁਪਿਆ ਲੱਗ ਰਿਹਾ ਹੈ। ਉੱਥੇ ਦਾ ਹਸਪਤਾਲ ਖੰਡਰ ਸੀ, ਅੱਜ ਉਹ ਹਸਪਤਾਲ ਬਣ ਗਿਆ ਹੈ, ਉਹ ਤਿਆਰ ਹੈ। ਚੀਮਾ ਸਾਹਿਬ ਅਤੇ ਅਰੋੜਾ ਸਾਹਿਬ ਜੀ ਕਰਕੇ ਸ਼ਹਿਰ ਵਿੱਚ ਸੀਵਰੇਜ ਅਤੇ ਇੱਕ ਨਵਾਂ ਬੱਸ ਸਟੈਂਡ ਬਣ ਰਿਹਾ ਹੈ। ਸਪੀਕਰ ਸਾਹਿਬ, ਸਰਕਾਰ ਵੱਲੋਂ

ਕੀਰਤਪੁਰ ਸਾਹਿਬ ਵਿਖੇ ਲਗਭਗ 50 ਕਰੋੜ ਰੁਪਏ ਦੀ ਲਾਗਤ ਨਾਲ ਕੰਮ ਕਰਵਾਏ ਗਏ ਹਨ। ਅੱਜ ਸਦਨ ਅਤੇ ਸਰਕਾਰ ਰਾਹੀਂ ਸਾਨੂੰ ਉਸ ਮਹਾਨ ਪਵਿੱਤਰ ਧਰਤੀ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ, ਇਸ ਲਈ ਸਾਰੀ ਸੰਗਤ ਨੂੰ ਵਧਾਈ ਹੋਵੇ ਜੀ। ਬਹੁਤ-ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ** : ਬਹੁਤ ਧੰਨਵਾਦ ਔਰ ਬਹੁਤ ਵਧਾਈ, ਜਿਹੜੀ ਕੀਰਤਪੁਰ ਸਾਹਿਬ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ ਅਤੇ ਗੁਰੂ ਸਾਹਿਬ ਨੇ ਬੜੀ ਬਖਸ਼ਿਸ਼ ਕੀਤੀ ਹੈ। ਹੁਣ ਮੈਂ ਬੇਨਤੀ ਕਰਦਾ ਹਾਂ ਕਿ ਮਾਣਯੋਗ ਮੁੱਖ ਮੰਤਰੀ ਸਾਹਿਬ ਮਤਾ ਪੇਸ਼ ਕਰਨ।

---

**CONFIDENCE MOTION**

**ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

" ਕਿ ਇਹ ਸਦਨ ਮੰਤਰੀ ਮੰਡਲ ਦੇ ਵਿੱਚ ਆਪਣਾ ਵਿਸ਼ਵਾਸ ਪ੍ਰਗਟ ਕਰਦਾ ਹੈ।"

ਸਪੀਕਰ ਸਾਹਿਬ, ਪਿਛਲੇ ਕੁਝ ਦਿਨਾਂ ਤੋਂ ਕੁਝ ਅਫਵਾਹਾਂ ਫੈਲ ਰਹੀਆਂ ਹਨ ਅਤੇ ਕੁਝ ਇਸ ਤਰ੍ਹਾਂ ਦੀਆਂ ਗੱਲਾਂ ਹੋ ਰਹੀਆਂ ਹਨ।

**ਮਾਣਯੋਗ ਸਪੀਕਰ** : ਇੱਕ ਮਿੰਟ ਜੀ, ਮਤਾ ਪੇਸ਼ ਹੋ ਗਿਆ ਹੈ ਜੀ। ਇੱਕ ਮਿੰਟ, ਮੈਂ ਆਪਣੇ ਵੱਲੋਂ ਵੀ ਪ੍ਰਸਤਾਵ ਪੇਸ਼ ਕਰ ਲਵਾਂ।

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ-

" ਕਿ ਇਹ ਸਦਨ ਮੰਤਰੀ ਮੰਡਲ ਦੇ ਵਿੱਚ ਆਪਣਾ ਵਿਸ਼ਵਾਸ ਪ੍ਰਗਟ ਕਰਦਾ ਹੈ।"

ਕੀ ਕੋਈ ਸੈਕਿੰਡ ਕਰਨਾ ਚਾਹੁੰਦਾ ਹੈ? ਹਾਂ ਜੀ, ਚੀਮਾ ਜੀ ਸੈਕਿੰਡ ਕਰਨਗੇ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)**: ਮਾਣਯੋਗ ਸਪੀਕਰ ਸਾਹਿਬ, ਜੋ ਪ੍ਰਸਤਾਵ ਸਾਡੇ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਵੱਲੋਂ ਪੇਸ਼ ਕੀਤਾ ਗਿਆ ਹੈ, ਮੈਂ ਉਸ ਦੀ ਤਾਈਦ ਕਰਦਾ ਹਾਂ। ਜੇਕਰ ਤੁਸੀਂ ਹੁਣੇ ਬਹਿਸ ਸ਼ੁਰੂ ਕਰਵਾਉਣੀ ਹੈ ਤਾਂ ਇਸ ਉੱਤੇ ਬਹਿਸ ਕਰਵਾ ਲਓ।

**ਮਾਣਯੋਗ ਸਪੀਕਰ** : ਹਾਂ ਜੀ।

**ਵਿੱਤ ਮੰਤਰੀ** : ਮੈਂ ਇਸ ਮਤੇ ਦੀ ਤਾਈਦ ਕਰਦਾ ਹਾਂ ਕਿਉਂਕਿ ਅੱਜ ਦੇਸ਼ ਦੇ ਲੋਕਤੰਤਰ ਲਈ ਜਿਹੜਾ ਬਹੁਤ ਵੱਡਾ ਖਤਰਾ ਹੈ।

**ਮਾਣਯੋਗ ਸਪੀਕਰ** : ਇੱਕ ਮਿੰਟ, ਮੰਤਰੀ ਜੀ। ਮਤਾ ਸੀ.ਐਮ. ਸਾਹਿਬ ਨੇ ਪੇਸ਼ ਕੀਤਾ ਹੈ ਅਤੇ ਸੀ.ਐਮ. ਸਾਹਿਬ ਕਨਕਲੂਡ ਕਰਨਗੇ।

**ਵਿੱਤ ਮੰਤਰੀ**: ਠੀਕ ਹੈ ਜੀ।

**ਮੁੱਖ ਮੰਤਰੀ**: ਸਪੀਕਰ ਸਾਹਿਬ, ਤੁਹਾਡਾ ਪਰੈਰੋਗੇਟਿਵ ਹੈ ਕਿ ਕੌਣ ਬੋਲਣਾ ਚਾਹੁੰਦਾ ਹੈ ਅਤੇ ਕਿਸ ਨੇ ਬੋਲਣਾ ਹੈ। ਜਿਵੇਂ ਤੁਸੀਂ ਕਹੋ ਜੀ।

**ਮਾਣਯੋਗ ਸਪੀਕਰ**: ਤੁਸੀਂ ਲੀਡਰ ਆਫ ਦਿ ਹਾਊਸ ਹੋ। You always have precedence. ਹਾਂ ਜੀ, ਤੁਸੀਂ ਬੋਲੋ ਜੀ।

**ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ)** : ਮਾਣਯੋਗ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪ੍ਰਸਤਾਵ ਪੇਸ਼ ਕਰਨ ਵੇਲੇ ਵੀ ਅਤੇ ਹੁਣ ਵੀ ਇਹੀ ਕਹਿਣਾ ਚਾਹੁੰਦਾ ਹਾਂ ਕਿ ਕਈ ਵਾਰੀ ਅਫਵਾਹਾਂ ਦਾ ਬਾਜ਼ਾਰ ਬਹੁਤ ਗਰਮ ਰਹਿੰਦਾ ਹੈ। ਖਾਸ ਤੌਰ 'ਤੇ ਨੈਗੇਟਿਵ ਖਬਰਾਂ ਤਾਂ ਬਹੁਤ ਛੇਤੀ ਫੈਲਦੀਆਂ ਹਨ ਕਿ ਪਤਾ ਨਹੀਂ ਕੀ ਹੋ ਜਾਵੇਗਾ। ਆਮ ਆਦਮੀ ਪਾਰਟੀ ਖਤਮ ਹੋ ਜਾਵੇਗੀ। ਆਮ ਆਦਮੀ ਪਾਰਟੀ ਦੇ ਐਮ.ਐਲ.ਏ. ਇੱਧਰ ਨੂੰ ਚਲੇ ਗਏ। ਕੋਈ ਕੱਲ੍ਹ ਇੱਧਰ ਫਿਰਦਾ ਸੀ। ਇਸ ਤਰ੍ਹਾਂ ਦੀਆਂ ਅਫਵਾਹਾਂ ਬਹੁਤ ਫੈਲ ਰਹੀਆਂ ਹਨ। ਇਹ ਅਫਵਾਹਾਂ ਆਮ ਲੋਕਾਂ ਦੇ ਦਿਲਾਂ ਵਿੱਚ ਥੋੜ੍ਹਾ ਜਿਹਾ ਭਰਮ ਪੈਦਾ ਕਰ ਦਿੰਦੀਆਂ ਹਨ। ਵੈਸੇ ਤਾਂ ਲੋਕਾਂ ਨੂੰ ਯਕੀਨ ਹੈ। ਪਿਛਲੇ ਕੁਝ ਦਿਨਾਂ ਤੋਂ ਇਸ ਤਰ੍ਹਾਂ ਦੀਆਂ ਘਟਨਾਵਾਂ ਹੋ ਰਹੀਆਂ ਹਨ। ਇਸ ਦੇ ਲਈ ਮੈਨੂੰ ਪੱਤਰਕਾਰਾਂ ਨੇ ਪੁੱਛਿਆ ਵੀ ਸੀ ਕਿ ਕੀ ਤੁਸੀਂ ਕਾਂਫੀਡੈਂਸ ਮੋਸ਼ਨ ਲੈ ਕੇ ਆ ਰਹੇ ਹੋ। ਮੈਂ ਕਿਹਾ ਕਿ ਸਾਨੂੰ ਇੰਨਾ ਕੁ ਕਾਂਫੀਡੈਂਸ ਤਾਂ ਹੈ ਕਿ ਜਦੋਂ ਕਾਂਫੀਡੈਂਸ ਮੋਸ਼ਨ ਪਾਸ ਹੋਵੇਗਾ ਤਾਂ ਤੁਸੀਂ ਬੰਦੇ ਗਿਣ ਲਵੋ। ਮੇਰੇ ਖਿਆਲ ਨਾਲ ਤਾਂ ਦੋ-ਚਾਰ ਵੱਧ ਹੀ ਨਿਕਲਣਗੇ। ਕਰਾਸ ਵੋਟਿੰਗ ਵੀ ਹੋ ਸਕਦੀ ਹੈ, ਉਹ ਵਿਚਾਰੇ ਚਲੇ ਗਏ। (ਆਪੋਜ਼ੀਸ਼ਨ ਬੈਂਚਿਜ ਵੱਲ ਇਸ਼ਾਰਾ)(ਥੰਪਿੰਗ) ਨਹੀਂ ਤਾਂ ਉਨ੍ਹਾਂ ਦਾ ਦਿਲ ਵੀ ਇੱਧਰ ਆਉਣ ਨੂੰ ਹੀ ਕਰਦਾ ਹੈ। ਸੋ, ਉਹ ਤਾਂ ਐਵੇਂ ਹੀ ਅਫਵਾਹਾਂ ਫੈਲਾ ਰਹੇ ਹਨ ਕਿ ਸਾਡੇ ਨਾਲ ਇੰਨੇ ਮੈਂਬਰ ਸੰਪਰਕ ਵਿੱਚ ਹਨ। ਉਨ੍ਹਾਂ ਦੇ ਆਪਣੇ ਹੀ ਸੰਪਰਕ ਵਿੱਚ ਨਹੀਂ ਹਨ। ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਦੇ ਸੰਪਰਕ ਵਿੱਚ ਨਹੀਂ ਰਿਹਾ, ਸੁਨੀਲ ਜਾਖੜ ਉਨ੍ਹਾਂ ਦੇ ਸੰਪਰਕ ਵਿੱਚ ਨਹੀਂ ਰਿਹਾ, ਮਨਪ੍ਰੀਤ ਬਾਦਲ ਉਨ੍ਹਾਂ ਦੇ ਸੰਪਰਕ ਵਿੱਚ ਨਹੀਂ ਰਿਹਾ, ਫਤਿਹਜੰਗ ਬਾਜਵਾ ਵੀ ਉਨ੍ਹਾਂ ਦੇ ਸੰਪਰਕ ਵਿੱਚ ਨਹੀਂ ਰਿਹਾ। ਉਹ ਤਾਂ ਲੀਡਰ ਆਫ ਦਿ ਆਪੋਜ਼ੀਸ਼ਨ ਦਾ ਭਰਾ ਹੈ। ਉਹ ਕਹੀ ਜਾਂਦੇ ਹਨ ਕਿ 60-65 ਇਸ ਦੇ ਸੰਪਰਕ ਵਿੱਚ ਹਨ, 15 ਇਸ ਦੇ ਸੰਪਰਕ ਵਿੱਚ ਹਨ। ਮੈਨੂੰ ਤਾਂ ਇਹੀ ਸਮਝ ਨਹੀਂ ਆਉਂਦੀ ਕਿ ਕਾਹਦਾ ਸੰਪਰਕ ਹੈ। ਖੈਰ, ਇਹ ਉਨ੍ਹਾਂ ਦੀ ਬੁਖਲਾਹਟ ਹੈ। ਉਨ੍ਹਾਂ ਨੂੰ ਅੱਗੇ ਸਾਲ 2027 ਦਿਸ ਰਿਹਾ ਹੈ। ਲੋਕ ਉਨ੍ਹਾਂ ਨੂੰ ਮੂੰਹ ਨਹੀਂ ਲਗਾ ਰਹੇ। ਸਪੀਕਰ ਸਾਹਿਬ, ਮੈਨੂੰ ਕਿਸੇ ਨੇ ਇੱਕ ਬਹੁਤ ਵਧੀਆ ਗੱਲ ਦੱਸੀ। ਪਿੰਡਾਂ ਦੇ ਲੋਕ ਗੱਲਾਂ ਬਹੁਤ ਹੀ ਕਮਾਲ ਦੀਆਂ ਕਰਦੇ ਹਨ। ਮੈਂ ਤਾਂ ਆਮ ਲੋਕਾਂ ਨਾਲ ਜੁੜਿਆ ਹੋਇਆ ਹਾਂ। ਕੱਲ੍ਹ ਮੈਂ ਪਿੰਡ ਜਾ ਕੇ ਆਇਆ। ਸਾਡੇ ਪਿੰਡ ਇੱਕ ਮਿੰਦੂ ਨਾਮ ਦਾ ਵਿਅਕਤੀ ਹੈ। ਉਸ ਨੇ ਮੈਨੂੰ ਕਿਹਾ ਕਿ ਇਹ ਕਹਿੰਦੇ ਹਨ ਕਿ ਤੁਹਾਡੇ ਰਾਜ ਸਭਾ ਵਾਲੇ ਤੁਹਾਨੂੰ ਕੁਝ ਕਰ ਗਏ। ਮੈਂ ਕਿਹਾ ਕੀ ਕਰ ਗਏ। ਕਹਿੰਦਾ, ਮੈਨੂੰ ਨਹੀਂ ਪਤਾ ਪਰ ਕੁਝ ਕਰ ਗਏ। ਉਸ ਨੂੰ ਇੰਨਾ ਵੀ ਨਹੀਂ ਪਤਾ। ਉਸ ਨੂੰ ਤਾਂ ਰਾਜ ਸਭਾ ਦਾ ਵੀ ਨਹੀਂ ਪਤਾ। ਉਹ ਕਹਿੰਦਾ ਕਿ ਉਨ੍ਹਾਂ ਨੂੰ ਇਸ ਤਰ੍ਹਾਂ ਕਹਿ ਦਿਓ ਕਿ ਜਦੋਂ ਝਾੜੂ ਸਫਾਈ ਕਰਦਾ ਹੁੰਦਾ ਹੈ ਤਾਂ ਉਸ ਵਿੱਚ ਕਮਜ਼ੋਰ ਜਿਹੇ ਤੀਲੇ ਡਿੱਗਦੇ ਰਹਿੰਦੇ

ਹਨ। ਜੇਕਰ ਸਫਾਈ ਕਰਦੇ-ਕਰਦੇ ਝਾੜੂ ਵਿਚੋਂ ਪੰਜ-ਛੇ-ਸੱਤ ਤੀਲੇ ਨਿਕਲ ਵੀ ਗਏ ਤਾਂ ਵੀ ਝਾੜੂ ਤਾਂ ਸਫਾਈ ਕਰਦਾ ਹੀ ਰਹਿੰਦਾ ਹੈ। ਕਹਿੰਦੇ ਪੰਜੇ ਵਿੱਚੋਂ ਇੱਕ ਉਂਗਲ ਵੱਢ ਜਾਵੇ ਤਾਂ ਅਰਲਾ ਕੋਟ ਬਣ ਜਾਂਦਾ ਹੈ। ਤੱਕੜੀ ਦੀ ਇੱਕ ਰੱਸੀ ਵੱਢ ਜਾਵੇ ਤਾਂ ਉਹ ਤੋਲਣ ਜੋਗੀ ਨਹੀਂ ਰਹਿੰਦੀ। ਜੇਕਰ ਕਮਲ ਦੀ ਇੱਕ ਪੱਤੀ ਤੋੜ ਲਈਏ ਤਾਂ ਉਹ ਫੁੱਲ ਨਹੀਂ ਰਹਿੰਦਾ। ਇਸ ਕਰਕੇ ਉਹ ਆਪਣੇ ਆਪ ਦਾ ਸਿਸਟਮ ਸੰਭਾਲ ਲੈਣ। ਕਹਿੰਦਾ, ਤੁਹਾਨੂੰ ਕੋਈ ਖਤਰਾ ਨਹੀਂ। ਮੈਂ ਕਿਹਾ ਕਿ ਇਹ ਤਾਂ ਬਹੁਤ ਵਧੀਆ ਗੱਲ ਹੈ। ਸੋ, ਕੋਈ ਅਜਿਹੀ ਗੱਲ ਨਹੀਂ ਹੈ। ਸ੍ਰੀ ਅਰਵਿੰਦ ਕੇਜਰੀਵਾਲ ਜੀ ਦੀ ਅਗਵਾਈ ਵਿੱਚ ਝਾੜੂ ਸਫਾਈ ਕਰ ਰਿਹਾ ਹੈ, ਸਫਾਈ ਹੋ ਰਹੀ ਹੈ। ਮੈਂ ਇਸ ਮੁਕੱਦਸ ਹਾਊਸ ਵਿੱਚ ਵਧਾਈ ਵੀ ਦੇਣੀ ਚਾਹੁੰਦਾ ਹਾਂ ਕਿ ਗੁਜਰਾਤ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਸਥਾਨਕ ਇਕਾਈ ਚੋਣਾਂ ਹੋਈਆਂ ਹਨ। ਉੱਥੇ 700 ਤੋਂ ਵੱਧ ਸੀਟਾਂ 'ਤੇ ਆਮ ਆਦਮੀ ਪਾਰਟੀ ਨੇ ਜਿੱਤ ਪ੍ਰਾਪਤ ਕੀਤੀ ਹੈ। (ਥੰਪਿੰਗ) ਡਾਡੀਆ ਪਾੜਾ ਇੱਕ ਆਦਿਵਾਸੀ ਵਿਧਾਨ ਸਭਾ ਹੈ, ਜਿੱਥੋਂ ਚੈਤਰ ਵਸਾਵਾ ਆਮ ਆਦਮੀ ਪਾਰਟੀ ਦਾ ਐਮ.ਐਲ.ਏ. ਹੈ। ਡਾਡੀਆ ਪਾੜਾ ਵਿੱਚ 13 ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਹੋਈਆਂ ਸਨ ਅਤੇ 13 ਦੀਆਂ 13 ਸੀਟਾਂ 'ਤੇ ਆਮ ਆਦਮੀ ਪਾਰਟੀ ਜਿੱਤੀ ਹੈ। ਬੀ.ਜੇ.ਪੀ. ਜ਼ੀਰੋ 'ਤੇ ਆਈ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਗੁਜਰਾਤ ਵਿੱਚ ਬੀ.ਜੇ.ਪੀ. ਜ਼ੀਰੋ 'ਤੇ ਆਈ ਹੈ। ਇਸ ਕਰਕੇ ਇਹ ਭਟਕੇ ਫਿਰਦੇ ਹਨ। ਇਸੇ ਕਰਕੇ ਇਨ੍ਹਾਂ ਨੂੰ ਇਹ ਲੱਗੀ ਜਾਂਦਾ ਹੈ ਕਿ ਇਹ ਤਾਂ ਸਾਡੇ ਘਰ ਹੀ ਜਾ ਵੜੇ। ਇੱਧਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਦਾ ਅਸੀਂ ਕਾਨੂੰਨ ਪਾਸ ਕਰ ਦਿੱਤਾ। ਉਹ ਕਹਿੰਦੇ ਕਿ ਹੁਣ ਧਰਮ ਦੇ ਨਾਮ ਤੇ ਲੜਾਈ ਵੀ ਨਹੀਂ ਕਰਵਾ ਸਕਦੇ। ਉਹ ਸੋਚਦੇ ਹਨ ਕਿ ਹੁਣ ਫਿਰ ਕੀ ਕਰੀਏ। ਕਹਿੰਦੇ ਇਸ ਤਰ੍ਹਾਂ ਕਰੋ ਕਿ 5-7 ਐਵੇਂ ਕਰਕੇ ਖਬਰਾਂ ਜਿਹੀਆਂ ਬਣਾ ਲਵੋ। ਇਹ ਖਬਰਾਂ ਬਣਾਉਂਦਿਆਂ ਹੀ 2-4 ਦਿਨ ਦੀਆਂ ਖਬਰਾਂ ਬਣ ਗਈਆਂ, ਚਲੀਆਂ ਗਈਆਂ। ਮੈਂ ਕੱਲ੍ਹ ਪਿੰਡ ਛਾਹੜ ਵਿਖੇ ਗਿਆ ਸੀ। ਮੀਡੀਆ ਵਿੱਚ ਤਸਵੀਰਾਂ ਵੀ ਆਈਆਂ ਹੋਣਗੀਆਂ। ਲੋਕ ਇੰਨੇ ਉੱਮੜੇ ਪਏ ਹਨ ਅਤੇ ਪੁੱਛਦੇ ਸਨ ਕਿ ਵੋਟਾਂ ਛੇਤੀ ਨਹੀਂ ਹੋ ਸਕਦੀਆਂ? ਮੈਂ ਕਿਹਾ ਕਿ ਕੋਈ ਗੱਲ ਨਹੀਂ, ਸਮੇਂ 'ਤੇ ਹੀ ਵੋਟਾਂ ਹੋਣਗੀਆਂ। ਤੁਸੀਂ ਸਬਰ ਰੱਖੋ। ਲੋਕ ਕਹਿੰਦੇ ਕਿ ਕਦੇ ਇਸ ਤਰ੍ਹਾਂ ਖਾਲਿਆਂ ਵਿੱਚ ਪਾਣੀ ਨਹੀਂ ਦੇਖਿਆ।

ਇਹ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ ਕਿ 1 ਮਈ ਨੂੰ ਅੱਜ ਦੇ ਦਿਨ ਪੌਣੇ ਪੰਜਾਬ ਨੂੰ ਪਾਣੀ ਪਹੁੰਚ ਗਿਆ ਅਤੇ ਕੱਲ੍ਹ ਨੂੰ ਟੇਲਾਂ ਤੱਕ ਪਹੁੰਚ ਜਾਵੇਗਾ। (ਥੰਪਿੰਗ) ਪਹਿਲੀ ਵਾਰ 21,000 ਕਿਊਸਿਕ ਪਾਣੀ ਪਰਸੋਂ ਛੱਡਿਆ ਗਿਆ ਹੈ। ਪਰਸੋਂ ਰਾਤ ਨੂੰ ਛੱਡਿਆ ਤਾਂ ਦੋ ਦਿਨਾਂ ਤੱਕ ਹੀ ਪਹੁੰਚਦਾ ਹੈ। ਉਹ ਪਾਣੀ ਟੇਲਾਂ ਤੱਕ ਪਹੁੰਚ ਜਾਵੇਗਾ। ਬਾਗਾਂ ਵਾਲਿਆਂ ਨੂੰ, ਮੱਕੀ ਵਾਲਿਆਂ ਨੂੰ, ਚਾਰੇ ਵਾਲਿਆਂ ਨੂੰ, ਨਰਮੇ ਵਾਲਿਆਂ ਨੂੰ ਅਤੇ ਕਪਾਹ ਵਾਲਿਆਂ ਨੂੰ ਫਾਇਦਾ ਹੋ ਜਾਵੇਗਾ। ਨਹੀਂ ਤਾਂ ਉਹ ਕਿਸਾਨ ਟਿਊਬਵੈੱਲ ਚਲਾ ਕੇ ਪਾਣੀ ਕੱਢਦੇ ਸਨ ਅਤੇ ਸਮਝ ਲਵੋ ਕਿ ਆਪਾਂ ਟਿਊਬਵੈੱਲ ਨਹੀਂ ਚਲਾਉਣੇ ਕਿਉਂਕਿ ਆਮ ਆਦਮੀ ਪਾਰਟੀ ਦੀ ਸਰਕਾਰ ਪਿਛਲੇ ਇੱਕ ਸਾਲ ਵਿੱਚ ਦੋ ਲੱਖ ਕਿਊਸਿਕ ਮੀਟਰਕ ਪਾਣੀ ਥੱਲੇ ਧਰਤੀ ਵਿੱਚ ਰੀਚਾਰਜ ਕਰ ਚੁੱਕੀ ਹੈ। (ਥੰਪਿੰਗ) ਆਪਣਾ ਜਿਹੜਾ ਪਾਣੀ ਦਾ ਪੱਧਰ ਹੈ, ਉਹ 2-4 ਮੀਟਰ ਉੱਤੇ ਆ ਗਿਆ ਹੈ ਜੀ, ਅਜੇ ਹੋਰ ਉੱਪਰ ਲੈ ਕੇ ਆਵਾਂਗੇ ਕਿਉਂਕਿ ਜਿਹੜੀਆਂ ਸਾਰੀਆਂ ਨਵੀਆਂ ਨਹਿਰਾਂ, ਕੱਸੀਆਂ ਬਣਾ ਰਹੇ ਹਾਂ, ਉਨ੍ਹਾਂ ਵਿੱਚ ਰੀਚਾਰਜਿੰਗ ਪੁਆਇੰਟ ਰੱਖੇ ਹਨ। ਉਨ੍ਹਾਂ ਨੂੰ ਚੈੱਕ ਕਰਨ ਵਾਸਤੇ ਹੀ ਅਸੀਂ 1 ਤਰੀਕ ਨੂੰ ਪਾਣੀ ਛੱਡਿਆ ਹੈ ਕਿ 1 ਤਰੀਕ ਤੱਕ ਪਾਣੀ ਪਹੁੰਚ ਜਾਵੇਗਾ। ਸੋ, ਜਿਹੜੀਆਂ ਇਹ ਗੱਲਾਂ ਕਰਦੇ ਹਨ ਕਿ ਪਾਰਟੀ ਨੂੰ ਇਹ ਹੋ ਜਾਵੇਗਾ, ਪਾਰਟੀ ਬਿਲਕੁਲ ਸਟਰੌਂਗ ਹੈ। ਪਾਰਟੀ ਤਾਂ ਜੰਮੂ ਕਸ਼ਮੀਰ ਤੋਂ ਲੈ ਕੇ ਗੋਆ ਤੱਕ ਫੈਲੀ ਪਈ ਹੈ। ਡੋਡਾ ਵਿੱਚ ਜੰਮੂ ਕਸ਼ਮੀਰ ਤੋਂ ਸਾਡਾ ਇੱਕ ਵਿਧਾਇਕ ਹੈ। ਪੰਜਾਬ ਵਿੱਚ ਸਾਡੀ ਸਰਕਾਰ ਸਫਲਤਾਪੂਰਵਕ ਚੱਲ ਰਹੀ ਹੈ। ਦਿੱਲੀ ਵਿੱਚ ਵਿਰੋਧੀ ਪਾਰਟੀ ਵਿੱਚ ਹਾਂ, ਸਾਡੇ ਪੰਜ ਐਮ.ਐਲ.ਏ. ਗੁਜਰਾਤ ਵਿੱਚ ਹਨ, ਦੋ ਐਮ.ਐਲ.ਏ. ਗੋਆ ਵਿੱਚ ਹਨ। ਸਾਡੇ ਮੇਅਰ ਹਨ, ਸਾਡੇ ਸਰਪੰਚ ਹਨ, ਸਾਡੇ ਕੌਂਸਲਰ ਹਨ। ਪਾਰਟੀ ਤਾਂ ਪੂਰੇ

ਨੈਸ਼ਨਲ ਲੈਵਲ 'ਤੇ ਫੈਲ ਗਈ ਹੈ। ਇਨ੍ਹਾਂ ਨੂੰ ਇਹੀ ਦੁੱਖ ਹੈ ਕਿ ਪਾਰਟੀ ਕਿਉਂ ਫੈਲ ਗਈ? ਕਾਂਗਰਸ ਅਤੇ ਬੀ.ਜੇ.ਪੀ. ਆਪਸ ਵਿੱਚ ਰਲੇ ਹੋਏ ਹਨ। ਕਾਂਗਰਸ ਵੀ ਇਸ ਗੱਲ ਵਿੱਚ ਰਲੀ ਹੋਈ ਹੈ ਕਿ okay ਤੁਸੀਂ ਆਮ ਆਦਮੀ ਪਾਰਟੀ ਵਾਲਿਆਂ ਨੂੰ ਦੱਬ ਲਵੋ, ਅਸੀਂ ਤੁਹਾਡਾ ਸਾਥ ਦੇਵਾਂਗੇ। ਕੀ ਕੋਈ ਬੋਲਿਆ ਹੈ? ਈ.ਡੀ. ਦੇ ਛਾਪੇ ਤਾਂ ਇਨ੍ਹਾਂ 'ਤੇ ਵੀ ਪੈਂਦੇ ਹਨ। ਉਹ ਇਨ੍ਹਾਂ ਦੇ ਬੰਦੇ ਵੀ ਪੁੱਟਦੇ ਹਨ, ਸਚਿਨ ਪਾਇਲਟ ਹੋਰੀਂ, ਸਿੰਧੀਆ, ਰਵਨੀਤ ਬਿੱਟੂ, ਉਨ੍ਹਾਂ ਨੂੰ ਵੀ ਤਾਂ ਉਹ ਪੁੱਟ ਕੇ ਲੈ ਗਏ। ਇਹ ਵੀ ਤਾਂ ਉਸੇ ਗੱਲ ਤੋਂ ਪੀੜ੍ਹਤ ਹਨ ਪਰ ਕੀ ਇਹ ਕਦੇ ਬੋਲੇ ਹਨ? ਨਹੀਂ, ਖੁਸ਼ੀ ਮਨਾ ਰਹੇ ਹਨ, ਕਹਿੰਦੇ ਹਨ ਕਿ ਬਹੁਤ ਵਧੀਆ ਹੋ ਗਿਆ, ਬਹੁਤ ਵਧੀਆ ਹੋ ਗਿਆ, ਆਮ ਆਦਮੀ ਪਾਰਟੀ ਟੁੱਟ ਰਹੀ ਹੈ। ਆਮ ਆਦਮੀ ਪਾਰਟੀ ਟੁੱਟਦੀ ਨਹੀਂ ਕਿਉਂਕਿ ਆਮ ਆਦਮੀ ਪਾਰਟੀ, ਆਮ ਆਦਮੀਆਂ ਦੀ ਪਾਰਟੀ ਹੈ। ਲੱਖਾਂ ਕਰੋੜਾਂ ਲੋਕਾਂ ਦੀ ਪਾਰਟੀ ਹੈ, ਜਿਹੜੇ ਲੋਕ ਝਾੜੂ ਨੂੰ ਸਫਾਈ ਦਾ ਇੱਕ ਮਾਧਿਅਮ ਮੰਨ ਕੇ ਵੋਟਾਂ ਪਾਉਂਦੇ ਹਨ। ਸੋ, ਮੈਂ ਚਾਹੁੰਦਾ ਹਾਂ ਕਿ ਇਹ Confidence Motion ਪਾਸ ਵੀ ਹੋਵੇ ਔਰ ਮੈਂ ਕਹਿੰਦਾ ਹਾਂ ਕਿ ਸਰਬਸੰਮਤੀ ਨਾਲ ਹੀ ਹੋਵੇ ਕਿਉਂਕਿ ਵਿਰੋਧੀ ਪਾਰਟੀ ਤਾਂ ਰਹੀ ਹੀ ਨਹੀਂ, ਹੈ ਹੀ ਨਹੀਂ। ਮੈਂ ਫੋਟੋਗ੍ਰਾਫਰਾਂ ਨੂੰ ਬੇਨਤੀ ਕਰਦਾ ਹਾਂ ਕਿ ਇਸ ਦੀ (ਆਪੋਜ਼ੀਸ਼ਨ ਪਾਰਟੀ ਦੀਆਂ ਖਾਲੀ ਪਈਆਂ ਸੀਟਾਂ ਵੱਲ ਇਸ਼ਾਰਾ ਕਰਦੇ ਹੋਏ) ਫੋਟੋ ਖਿੱਚ ਕੇ ਰੱਖ ਲਵੋ, ਇਸ ਤਰ੍ਹਾਂ ਦੀ ਇੱਕ ਫੋਟੋ ਖਿੱਚ ਕੇ ਰੱਖ ਲਵੋ, ਮੈਨੂੰ ਲੱਗਦਾ ਹੈ ਕਿ ਸਾਲ 2027 ਵਿੱਚ ਬਸ ਇੰਨੇ ਕੁ ਹੀ ਹੋਣਗੇ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਡਾਕਟਰ ਨਛੱਤਰ ਪਾਲ ਜੀ ਬੱਚ ਜਾਣਗੇ। ਮੈਨੂੰ ਲੱਗਦਾ ਹੈ ਕਿ ਉਹ (ਆਜ਼ਾਦ ਮੈਂਬਰ, ਰਾਣਾ ਇੰਦਰ ਪ੍ਰਤਾਪ ਨੂੰ ਸੰਬੋਧਨ ਕਰਦੇ ਹੋਏ) ਮੁੰਡਾ ਵੀ ਬੱਚ ਜਾਵੇਗਾ।

**(ਇੱਕ ਆਵਾਜ਼**: ਉਹ ਇੱਧਰ ਆ ਜਾਵੇਗਾ ਜੀ।)

**ਮੁੱਖ ਮੰਤਰੀ:** ਉਹ ਇੱਧਰ (ਟਰੈਜ਼ਰੀ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਆ ਜਾਵੇਗਾ, ਚਲੋ ਕੋਈ ਗੱਲ ਨਹੀਂ, ਉਸ ਦੀ ਸੀਟ ਥੋੜ੍ਹੀ ਜਿਹੀ ਇੱਧਰ ਨੂੰ ਕਰ ਦੇਵਾਂਗੇ, (ਹਾਸਾ) ਬਾਕੀ ਤਾਂ ਇੱਥੋਂ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਤਾਂ ਸਫਾਇਆ ਹੈ, ਇਨ੍ਹਾਂ ਨੇ ਆਪ ਹੀ ਦੱਸ ਦਿੱਤਾ ਹੈ। ਇਨ੍ਹਾਂ ਨੇ ਆਪ ਹੀ ਆਪਣੀ ਝਲਕ ਦਿਖਾ ਦਿੱਤੀ ਹੈ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਬਹੁਤ-ਬਹੁਤ ਧੰਨਵਾਦ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।।

**ਮਾਣਯੋਗ ਸਪੀਕਰ**: ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਆਨਰੇਬਲ ਸਪੀਕਰ ਸਾਹਿਬ, ਬਹੁਤ-ਬਹੁਤ ਸ਼ੁਕਰੀਆ। ਅੱਜ ਦੇਸ਼ ਦੇ ਅੰਦਰ ਜਿਹੜੀਆਂ ਦੋ ਮੁੱਖ ਧਾਰਾਵਾਂ ਚੱਲ ਰਹੀਆਂ ਹਨ। ਇੱਕ ਪਾਸੇ ਉਹ ਧਿਰ ਖੜ੍ਹੀ ਹੈ ਜਿਹੜੀ ਲੋਕਤੰਤਰ ਵਿੱਚ ਵਿਸ਼ਵਾਸ ਰੱਖਦੀ ਹੈ, ਜਿਸ ਦਾ ਮਤ ਹੈ ਕਿ ਦੇਸ਼ ਦਾ ਲੋਕਤੰਤਰ ਜ਼ਿੰਦਾ ਰਹਿਣਾ ਚਾਹੀਦਾ ਹੈ ਕਿਉਂਕਿ ਭਾਰਤ ਦੇਸ਼ ਦੁਨੀਆ ਦਾ ਉਹ ਦੇਸ਼ ਹੈ ਜਿਹੜਾ ਸਭ ਤੋਂ ਵੱਡਾ ਲੋਕਤੰਤਰਕ ਦੇਸ਼ ਹੈ, ਜਿਸ ਦੀਆਂ ਡੈਮੋਕ੍ਰੇਟਿਕ ਪਰੰਪਰਾਵਾਂ ਬਹੁਤ ਮਜ਼ਬੂਤ ਹਨ, ਬਹੁਤ ਡੂੰਘੀਆਂ ਹਨ। ਦੂਜੇ ਪਾਸੇ, ਮੈਂ ਸਮਝਦਾ ਹਾਂ ਕਿ ਦੂਜੇ ਪਾਸੇ ਥੋੜ੍ਹੇ ਸਾਲ, 12-13 ਸਾਲ ਪਹਿਲਾਂ ਦੇਸ਼ ਦੀ ਸੱਤਾ ਵਿੱਚ ਆਈ ਭਾਰਤੀ ਜਨਤਾ ਪਾਰਟੀ ਹੈ, ਜਿਹੜੀ ਗੈਰ-ਸੰਵਿਧਾਨਕ undemocratic ਪਰੰਪਰਾਵਾਂ ਇਸ ਦੇਸ਼ ਦੇ ਅੰਦਰ ਪਾ ਰਹੀ ਹੈ। ਤੁਸੀਂ ਸੋਚਿਆ ਹੋਵੇਗਾ ਕਿ ਕਿਸ ਤਰ੍ਹਾਂ ਹਰਿਆਣਾ ਦੇ ਅੰਦਰ, ਕਿਸ ਤਰ੍ਹਾਂ ਹਿਮਾਚਲ ਪ੍ਰਦੇਸ਼ ਦੇ ਅੰਦਰ, cross voting ਕਾਂਗਰਸ ਪਾਰਟੀ ਦੀ ਲੈਜਿਸਲੇਟਿਵ ਵਿੰਗ ਦੇ ਅੰਦਰ ਕਰਵਾਈ ਗਈ। ਕਿਸ ਤਰ੍ਹਾਂ ਰਾਜ ਸਭਾ ਵਿੱਚ ਆਪਣੀ ਇਕੱਲਿਆਂ ਦੀ majority ਕਿਵੇਂ ਹੋਵੇ, ਉਸ ਨੂੰ prove ਕਰਨ ਦੇ ਲਈ ਗੈਰ-ਸੰਵਿਧਾਨਕ ਤੌਰ-ਤਰੀਕਾ ਭਾਰਤੀ ਜਨਤਾ ਪਾਰਟੀ ਨੇ ਵਰਤਿਆ ਹੈ। ਇਸ ਤੋਂ ਪਹਿਲਾਂ ਗੁਜਰਾਤ ਵਿੱਚ ਕਾਂਗਰਸ ਪਾਰਟੀ ਦੇ 5 ਵਿਧਾਇਕ ਤੋੜੇ, ਆਮ ਆਦਮੀ ਪਾਰਟੀ ਦਾ ਇੱਕ ਵਿਧਾਇਕ ਤੋੜਿਆ ਲੇਕਿਨ ਜਦੋਂ ਬਾਇ-

ਇਲੈਕਸ਼ਨ ਹੋਈ, ਜਿੱਥੋਂ ਮਾਣਯੋਗ ਸੀ.ਐਮ. ਸਾਹਿਬ ਹੁਣੇ ਹੀ ਦੱਸ ਕੇ ਗਏ ਹਨ, ਜਦੋਂ ਬਾਇ-ਇਲੈਕਸ਼ਨ ਹੋਈ ਤਾਂ ਦੁਬਾਰਾ ਉਹ ਜਿਹੜੀ ਇਕਲੌਤੀ ਸੀਟ ਸੀ, ਉਹ ਆਮ ਆਦਮੀ ਪਾਰਟੀ ਦੇ ਹਿੱਸੇ ਆਈ ਪਰ ਜਿਹੜੀਆਂ ਪੰਜ ਕਾਂਗਰਸ ਦੀਆਂ ਸੀਟਾਂ ਸਨ, ਉਹ ਪੰਜ ਦੀਆਂ ਪੰਜ ਸੀਟਾਂ ਕਾਂਗਰਸ ਪਾਰਟੀ ਹਾਰ ਗਈ। ਸੋ, ਮੇਰਾ ਕਹਿਣ ਦਾ ਭਾਵ ਹੈ ਕਿ ਦੇਸ਼ ਦੇ ਅੰਦਰ ਬਹੁਤ ਵੱਡੀ ਉਦਾਹਰਣ ਹੈ, ਮਹਾਰਾਸ਼ਟਰ ਵਿੱਚ, ਕਿਵੇਂ ਸ਼ਿਵ ਸੈਨਾ ਨੂੰ ਤੋੜਿਆ ਗਿਆ, ਕਿਸ ਤਰ੍ਹਾਂ ਬਿਹਾਰ ਵਿੱਚ ਨਿਤੀਸ਼ ਕੁਮਾਰ ਜੀ ਦੇ ਨਾਂ ਦੇ ਉੱਤੇ ਵੋਟਾਂ ਮੰਗ ਕੇ ਉੱਥੇ ਸਰਕਾਰ ਬਣਾਈ ਗਈ ਔਰ ਫਿਰ ਅਲਟੀਮੇਟਲੀ ਨਿਤੀਸ਼ ਕੁਮਾਰ ਜੀ ਨੂੰ ਮਜਬੂਰ ਕਰਕੇ ਉਨ੍ਹਾਂ ਤੋਂ resign ਲਿਆ ਗਿਆ ਅਤੇ ਉਨ੍ਹਾਂ ਨੂੰ ਰਾਜ ਸਭਾ ਵਿੱਚ ਭੇਜਿਆ ਗਿਆ। ਹੁਣ ਪੰਜਾਬ 'ਤੇ ਅਟੈਕ ਕੀਤਾ, ਪੰਜਾਬ ਦੇ ਲੋਕਾਂ ਨੇ, ਜੇ ਮੈਂ ਨੈਤਿਕ ਕਦਰਾਂ-ਕੀਮਤਾਂ ਦੀ ਗੱਲ ਕਰਾਂ, ਜੇ ਮੈਂ ਉਨ੍ਹਾਂ ਡੈਮੋਕ੍ਰੇਟਿਕ ਪਰੰਪਰਾਵਾਂ ਦੀ ਗੱਲ ਕਰਾਂ ਤਾਂ ਪੰਜਾਬ ਦੇ ਲੋਕਾਂ ਨੇ ਭਾਰਤੀ ਜਨਤਾ ਪਾਰਟੀ ਦੇ ਹਿੱਸੇ ਸਿਰਫ ਦੋ ਵਿਧਾਇਕ ਦਿੱਤੇ ਸਨ। 117 ਦੀ ਵਿਧਾਨ ਸਭਾ ਅਸੈਂਬਲੀ ਵਿੱਚੋਂ ਸਿਰਫ਼ ਦੋ ਵਿਧਾਇਕ ਭਾਰਤੀ ਜਨਤਾ ਪਾਰਟੀ ਦੇ ਜਿੱਤ ਕੇ ਆਏ ਸਨ। ਇਸ ਦਾ ਮਤਲਬ, ਸਾਰੇ ਪੰਜਾਬ ਨੂੰ ਪਤਾ ਹੈ ਕਿ ਜਦੋਂ ਰਾਜ ਸਭਾ ਦੀ ਨਾਮੀਨੇਸ਼ਨ ਹੋ ਰਹੀ ਸੀ ਤਾਂ ਨਾਮੀਨੇਸ਼ਨ ਤਾਂ ਕੀ ਫਾਈਲ ਕਰਨੀ ਸੀ, ਉਨ੍ਹਾਂ ਨੇ ਆਪਣਾ ਕੈਂਡੀਡੇਟ ਤੱਕ ਡਿਕਲੇਅਰ ਨਹੀਂ ਕੀਤਾ, ਨਾ ਸ਼੍ਰੋਮਣੀ ਅਕਾਲੀ ਦਲ ਨੇ ਕੀਤਾ, ਨਾ ਕਾਂਗਰਸ ਪਾਰਟੀ ਨੇ ਕੀਤਾ ਅਤੇ ਨਾ ਹੀ ਇਨ੍ਹਾਂ ਨੇ ਕੋਈ ਜੁਆਇੰਟ ਕੈਂਡੀਡੇਟ ਖੜ੍ਹਾ ਕੀਤਾ। ਇੱਕ ਵੀ ਕੈਂਡੀਡੇਟ ਉਸ ਸਮੇਂ ਖੜ੍ਹਾ ਨਹੀਂ ਹੋਇਆ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਆਮ ਆਦਮੀ ਪਾਰਟੀ ਪਾਰਟੀ ਕੋਲ ਮੈਜਾਰਿਟੀ ਹੈ ਔਰ ਸਾਡੇ 7 ਮੈਂਬਰ ਚੁਣ ਕੇ ਪੰਜਾਬ ਤੋਂ ਪੰਜਾਬ ਦੀ ਨੁਮਾਇੰਦਗੀ ਕਰਦੇ ਰਾਜ ਸਭਾ ਵਿੱਚ ਪਹੁੰਚੇ। ਹੁਣ ਪੰਜਾਬ ਦੇ ਨਾਲ ਧੱਕਾ ਕਿਵੇਂ ਹੋਇਆ ਕਿ ਉਨ੍ਹਾਂ ਵਿੱਚੋਂ 6 ਮੈਂਬਰ ਤੋੜੇ ਗਏ। ਸਭ ਨੂੰ ਪਤਾ ਹੈ ਕਿ ਕਿਸ ਤਰ੍ਹਾਂ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਜਿਹੜੇ ਡਾਇਰੈਕਟਰ ਹਨ, ਐਮ.ਡੀ. ਹਨ, ਉਨ੍ਹਾਂ ਦੇ ਘਰ ਦੇ ਅੰਦਰ ਈ.ਡੀ. ਦਾ ਪ੍ਰਵੇਸ਼ ਹੁੰਦਾ ਹੈ, ਸੀ.ਬੀ.ਆਈ. ਦਾ ਪ੍ਰਵੇਸ਼ ਹੁੰਦਾ ਹੈ। ਉਨ੍ਹਾਂ ਨੂੰ ਡਰਾ ਦਿੱਤਾ ਜਾਂਦਾ ਹੈ, ਬਾਂਹ ਮਰੋੜ ਦਿੱਤੀ ਜਾਂਦੀ ਹੈ ਔਰ ਬਾਂਹ ਮਰੋੜ ਕੇ ਦੂਜਿਆਂ ਨੂੰ ਧਮਕੀ ਦੇ ਕੇ ਭਾਰਤੀ ਜਨਤਾ ਪਾਰਟੀ ਆਪਣੇ ਵਿੱਚ ਸ਼ਾਮਲ ਕਰਵਾਉਂਦੀ ਹੈ ਕਿਉਂਕਿ ਇਹ ਦੇਸ਼ ਜਿਹੜਾ ਲੋਕਤੰਤਰ ਉਤੇ ਜਿਊਂਦਾ ਹੈ, ਦੇਸ਼ ਨੇ ਜਿਹੜਾ ਸੰਵਿਧਾਨ ਬਣਾਇਆ, ਸੰਵਿਧਾਨ ਦੇ ਆਰਟੀਕਲ ਨੂੰ, ਸੰਵਿਧਾਨ ਦੇ ਅੰਦਰ ਜੋ ਸਾਨੂੰ ਅਜ਼ਾਦੀ ਮਿਲੀ ਹੈ, ਉਸ ਤਹਿਤ ਚੱਲਦਾ ਹੈ ਲੇਕਿਨ ਭਾਰਤੀ ਜਨਤਾ ਪਾਰਟੀ ਸੰਵਿਧਾਨ ਦੇ ਪੈਰਲਲ undemocratic ਪਰੰਪਰਾਵਾਂ ਨੂੰ ਚਲਾ ਰਹੀ ਹੈ ਕਿਉਂਕਿ ਦੇਸ਼ ਦੀ ਰਾਜ ਸਭਾ 245 ਮੈਂਬਰਾਂ ਦੀ ਹੈ, ਇਨ੍ਹਾਂ ਨੂੰ 245 ਮੈਂਬਰਾਂ ਵਿੱਚੋਂ ਮੈਜਾਰਿਟੀ ਲਈ 123 ਮੈਂਬਰ ਚਾਹੀਦੇ ਹਨ। ਭਾਰਤੀ ਜਨਤਾ ਪਾਰਟੀ ਨੂੰ ਮੈਜਾਰਿਟੀ ਲਈ 123 ਮੈਂਬਰ ਚਾਹੀਦੇ ਹਨ। ਇਨ੍ਹਾਂ ਕੋਲ ਹੁਣ ਕਿੰਨੇ ਹਨ, 106 ਸਨ, 7 ਸਾਡੇ ਸ਼ਾਮਲ ਕਰ ਲਏ, ਇਨ੍ਹਾਂ ਕੋਲ ਹੁਣ 113 ਮੈਂਬਰ ਹੋ ਗਏ। ਸੋ, ਇਸ ਦਾ ਮਤਲਬ ਅਜੇ ਵੀ ਭਾਰਤੀ ਜਨਤਾ ਪਾਰਟੀ ਦੇਸ਼ ਦੇ ਹੋਰਨਾਂ ਰਾਜਾਂ ਦੇ ਉੱਤੇ ਇਸੇ undemocratic ਪ੍ਰਾਸੈੱਸ ਨੂੰ ਫਾਲੋ ਕਰੇਗੀ ਔਰ ਜਿੰਨੇ ਮੈਂਬਰ ਘਟਦੇ ਹਨ, ਉਨ੍ਹਾਂ ਨੂੰ ਸ਼ਾਮਲ ਕਰਕੇ ਆਪਣੀ ਮੈਜਾਰਿਟੀ ਪੂਰੀ ਕਰੇਗੀ। ਸਰ, ਰਾਜਨੀਤੀ ਕਿਸ 'ਤੇ ਚੱਲਦੀ ਹੈ। ਰਾਜਨੀਤੀ ਕਦਰਾਂ ਕੀਮਤਾਂ 'ਤੇ ਚੱਲਦੀ ਹੈ। ਰਾਜਨੀਤੀ ਕਿਨ੍ਹਾਂ ਲਈ ਹੈ, ਰਾਜਨੀਤੀ ਲੋਕਾਂ ਲਈ ਹੈ ਕਿ ਲੋਕਾਂ ਲਈ ਅੱਛੇ ਕਾਨੂੰਨ ਬਣਾਏ ਜਾਣ, ਲੋਕਾਂ ਦੀ ਤਰੱਕੀ ਕਿਵੇਂ ਹੋਵੇ ਲੇਕਿਨ ਜੋ ਸੰਵਿਧਾਨ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਨੇ ਬਣਾਇਆ ਸੀ, ਜਿਸ ਸੰਵਿਧਾਨ ਦੇ ਅੰਦਰ ਸਭ ਨੂੰ ਬਰਾਬਰ ਹੱਕ ਲੈ ਕੇ ਦਿੱਤੇ ਗਏ ਹਨ, ਜਿਸ ਸੰਵਿਧਾਨ ਦੇ ਅੰਦਰ electoral poll ਨਿਰਧਾਰਿਤ ਕੀਤਾ ਗਿਆ ਹੈ, ਅੱਜ ਭਾਰਤੀ ਜਨਤਾ ਪਾਰਟੀ ਵੱਲੋਂ ਉਸ 'ਤੇ ਵੀ ਹਮਲਾ ਹੋ ਰਿਹਾ ਹੈ। ਅੱਜ ਐਸ.ਆਈ.ਆਰ. ਦੇ ਜ਼ਰੀਏ ਕਿਸ ਤਰ੍ਹਾਂ ਸੂਬਿਆਂ ਦੀਆਂ ਜਿਹੜੀਆਂ ਵੋਟਾਂ ਹਨ, ਉਹ ਕੱਟ ਕੇ ਉੱਥੇ ਇਲੈਕਸ਼ਨਾਂ ਕਰਵਾਈਆਂ ਜਾ ਰਹੀਆਂ ਹਨ ਤਾਂ ਕਿ ਭਾਰਤੀ ਜਨਤਾ ਪਾਰਟੀ ਅਸਿੱਧੇ ਤੌਰ ਨਾਲ ਸੂਬੇ ਉੱਤੇ ਕਾਬਜ਼ ਹੋ ਸਕੇ ਕਿਉਂਕਿ ਜਦੋਂ ਕਾਨੂੰਨ ਬਣਿਆ

ਤਾਂ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਨੇ ਉਨ੍ਹਾਂ ਪੰਜ ਡਿਵੈਲਪ ਕੰਟਰੀਜ਼ ਦੇ ਕਾਨੂੰਨ ਸਟੱਡੀਜ਼ ਕਰਕੇ ਬਣਾਇਆ, ਜਿੱਥੇ ਕਿ ਮੈਂ ਸਮਝਦਾ ਹਾਂ ਕਿ ਉਨ੍ਹਾਂ ਸਟੇਟਾਂ ਦੇ ਅੰਦਰ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ ਕਾਨੂੰਨ ਆਪਣਾ ਕੰਮ ਕਰ ਰਿਹਾ ਹੈ ਲੇਕਿਨ ਅੱਜ ਦੇਸ਼ ਦਾ ਜਿਹੜਾ ਕਾਨੂੰਨ ਹੈ, ਜਿਹੜਾ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਨੇ ਬਣਾਇਆ, ਕਿਸ ਦੇ ਹੱਕ ਵਿੱਚ ਆ ਗਿਆ, ਉਹ ਭਾਰਤੀ ਜਨਤਾ ਪਾਰਟੀ ਦੇ ਉਨ੍ਹਾਂ ਲੋਕਾਂ ਦੇ ਹੱਕ ਵਿੱਚ ਆ ਗਿਆ, ਜਿਹੜਾ ਸੰਵਿਧਾਨ ਵਿੱਚ ਆਪਣਾ ਵਿਸ਼ਵਾਸ ਹੀ ਨਹੀਂ ਰੱਖਦੇ ਹਨ। ਪੂਰੀ ਦੁਨੀਆ ਜਾਣਦੀ ਹੈ ਕਿ ਗੁਜਰਾਤ ਦੇ ਅੰਦਰ ਕਿਸ ਤਰ੍ਹਾਂ ਗੋਧਰਾ ਕਾਂਡ ਹੋਇਆ, ਉਸ ਤੋਂ ਹੀ ਬੀ.ਜੇ.ਪੀ. ਦੀ ਸ਼ੁਰੂਆਤ ਹੁੰਦੀ ਹੈ। ਸੋ, ਅੱਜ ਉਸ ਤਰ੍ਹਾਂ ਦਾ ਹੀ ਮਾਹੌਲ ਦੇਸ਼ ਦੇ ਅੰਦਰ ਭਾਰਤੀ ਜਨਤਾ ਪਾਰਟੀ ਸਿਰਜਣਾ ਚਾਹੁੰਦੀ ਹੈ। ਅੱਜ ਭਾਰਤੀ ਜਨਤਾ ਪਾਰਟੀ ਚਾਹੁੰਦੀ ਹੈ ਕਿ ਦੇਸ਼ ਦੇ ਵੱਖ ਵੱਖ ਸੂਬਿਆਂ ਵਿੱਚ ਹਿੰਸਾ ਹੋਵੇ, ਦੰਗੇ ਹੋਣ ਔਰ ਉਨ੍ਹਾਂ ਦੰਗਿਆਂ ਵਿੱਚੋਂ, ਹਿੰਸਾ ਵਿੱਚੋਂ ਆਪਣੀ ਰਾਜਨੀਤੀ ਚਲਾਈ ਜਾਵੇ ਲੇਕਿਨ ਸਾਡੀ ਪਾਰਟੀ ਦੇ ਸੁਪਰੀਮੋ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਔਰ ਸਾਡੇ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਵੱਲੋਂ ਬਣਾਏ ਗਏ ਸੰਵਿਧਾਨ ਵਿੱਚ ਅਟੁੱਟ ਵਿਸ਼ਵਾਸ ਹੈ। ਜੋ ਸਾਨੂੰ ਅਜ਼ਾਦੀ ਸਰਦਾਰ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ, ਸ਼ਹੀਦ ਸੁਖਦੇਵ ਸਿੰਘ, ਲਾਲਾ ਲਾਜਪਤ ਰਾਏ, ਸ਼ਹੀਦ ਊਧਮ ਸਿੰਘ ਸੁਨਾਮ ਹੁਰਾਂ ਦੀਆਂ ਕੁਰਬਾਨੀਆਂ ਸਦਕਾ ਮਿਲੀ ਹੈ, ਮੈਂ ਸਮਝਦਾ ਹਾਂ ਕਿ ਅੱਜ ਉਸ ਅਜ਼ਾਦੀ ਨੂੰ ਕਾਇਮ ਰੱਖਣ ਦਾ ਸਮਾਂ ਹੈ, ਅੱਜ ਉਨ੍ਹਾਂ ਡੈਮੋਕਰੇਟਿਕ ਪਰੰਪਰਾਵਾਂ ਨੂੰ ਕਾਇਮ ਰੱਖਣ ਦਾ ਸਮਾਂ ਹੈ। ਅੱਜ ਮੈਂ ਸਮਝਦਾ ਹਾਂ ਕਿ ਸਾਨੂੰ ਇਸ ਮੰਚ ਤੋਂ ਸੱਦਾ ਦੇਣਾ ਚਾਹੀਦਾ ਹੈ ਕਿ ਅੱਜ ਦੇਸ਼ ਦਾ ਦੂਜਾ ਅੰਦੋਲਨ ਚੱਲੇ, ਲੋਕਤੰਤਰ ਦੀ ਰੱਖਿਆ ਲਈ, ਦੇਸ਼ ਦੇ ਸੰਵਿਧਾਨ ਦੀ ਰੱਖਿਆ ਲਈ ਸਾਨੂੰ ਅਜ਼ਾਦੀ ਦੀ ਇੱਕ ਹੋਰ ਮੂਵਮੈਂਟ ਸ਼ੁਰੂ ਕਰਨੀ ਪੈਣੀ ਹੈ ਤਾਂ ਅਸੀਂ ਭਾਰਤੀ ਜਨਤਾ ਪਾਰਟੀ ਦੇ ਜਿਹੜੇ ਗੈਰ ਸੰਵਿਧਾਨਕ ਇਰਾਦੇ ਹਨ, ਗੱਲਾਂ ਹਨ, ਉਨ੍ਹਾਂ ਤੋਂ ਬਚ ਸਕਦੇ ਹਾਂ। ਸੋ, ਮੈਂ ਮਾਣਯੋਗ ਸੀ.ਐਮ.ਸਾਹਿਬ ਦੁਆਰਾ ਪੇਸ਼ ਕੀਤੇ ਗਏ ਇਸ ਪ੍ਰਸਤਾਵ ਦਾ, ਇਸ ਮੋਸ਼ਨ ਦਾ ਸਮਰਥਨ ਕਰਦਾ ਹਾਂ। ਮੈਂ ਮਾਣਯੋਗ ਸੀ.ਐਮ. ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿਉਂਕਿ ਇਹ ਬਹੁਤ ਜ਼ਰੂਰੀ ਹੈ ਕਿ ਜਿਸ ਪਾਰਟੀ ਦੀਆਂ ਵਿਧਾਨ ਸਭਾ ਸੀਟਾਂ ਤਾਂ 2 ਹੀ ਹੋਣ, ਰਾਜ ਸਭਾ ਵਿੱਚ 6 ਸੀਟਾਂ ਕਿਵੇਂ ਹੋ ਸਕਦੀਆਂ ਹਨ? ਇਸ ਗੱਲ ਦੀ ਕਾਨੂੰਨ ਬਿਲਕੁਲ ਇਜਾਜ਼ਤ ਨਹੀਂ ਦਿੰਦਾ। ਇਸ ਵਾਸਤੇ ਕਿਸੇ ਵੀ ਪ੍ਰਕਾਰ ਦਾ ਕਾਨੂੰਨ ਨਹੀਂ ਬਣਿਆ ਲੇਕਿਨ ਕਾਨੂੰਨ ਨੂੰ ਤਰੋੜ-ਮਰੋੜ ਕੇ ਛੇ ਬੰਦਿਆਂ ਦੀ ਬਾਂਹ ਮਰੋੜ ਕੇ ਕਾਨੂੰਨ ਨੂੰ ਵੀ ਤੋੜਿਆ ਗਿਆ ਹੈ, ਇਥੋਂ ਪਤਾ ਲੱਗਦਾ ਹੈ ਕਿ ਕਿੰਨਾ ਵੱਡਾ ਗੁੰਡਾ ਰਾਜ ਦੇਸ਼ ਦੀ ਹਕੂਮਤ ਕਰ ਰਹੀ ਹੈ, ਭਾਰਤੀ ਜਨਤਾ ਪਾਰਟੀ ਕਰ ਰਹੀ ਹੈ ਅਤੇ ਦੇਸ਼ ਦੀ ਸੈਂਟਰ ਸਰਕਾਰ ਕਰ ਰਹੀ ਹੈ। ਇਸ ਦੇ ਨਾਲ ਹੀ ਇਹ ਫੈਡਰਲ ਸਟ੍ਰਕਚਰ ਉੱਤੇ ਬਹੁਤ ਵੱਡਾ ਹਮਲਾ ਹੈ। ਇਸ ਨੂੰ ਬਚਾਉਣ ਦੀ ਬਹੁਤ ਲੋੜ ਹੈ। ਬਹੁਤ-ਬਹੁਤ ਸ਼ੁਕਰੀਆ। ਧੰਨਵਾਦ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਡਾਕਟਰ ਬਲਬੀਰ ਸਿੰਘ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਡਾਕਟਰ ਬਲਬੀਰ ਸਿੰਘ)** : ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ। ਮਾਣਯੋਗ ਮੁੱਖ ਮੰਤਰੀ ਸਾਹਿਬ ਇਹ ਜਿਹੜਾ ਮਤਾ ਲੈ ਕੇ ਆਏ ਹਨ, ਮੈਂ ਇਸ ਦਾ ਸਮਰਥਨ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਸਪੀਕਰ ਸਾਹਿਬ, ਮੈਂ ਤੁਹਾਡੇ ਨਾਲ ਇੱਕ ਗੱਲ ਸਾਂਝੀ ਕਰਨੀ ਚਾਹੁੰਦਾ ਹਾਂ। ਅਸੀਂ ਜਿਨ੍ਹਾਂ ਹਾਲਤਾਂ ਵਿੱਚ ਅੱਜ ਹਾਂ, ਲੋਕ ਰਾਜ ਵਿੱਚ ਲੋਕ ਸਰਕਾਰ ਚੁਣਦੇ ਹੁੰਦੇ ਸੀ ਪਰ ਬੀ.ਜੇ.ਪੀ. ਦੀ ਇਹ ਕਿਹੋ ਜਿਹੀ ਸਰਕਾਰ ਹੈ, ਜਿਹੜੀ ਫੈਸਲਾ ਕਰਦੀ ਹੈ ਕਿ ਕੌਣ ਵੋਟ ਪਾਏਗਾ ਅਤੇ ਕੌਣ ਨਹੀਂ ਪਾਏਗਾ। ਇਨ੍ਹਾਂ ਨੇ ਵੋਟਰ ਚੁਣਨੇ ਸ਼ੁਰੂ ਕਰ ਦਿੱਤੇ। ਇਨ੍ਹਾਂ ਨੇ ਲੋਕ ਰਾਜ ਨੂੰ ਸਿਰ ਭਾਰ ਕਰ ਦਿੱਤਾ ਹੈ, ਉਲਟਾ ਕਰ ਦਿੱਤਾ ਹੈ। ਮੇਰਾ ਇੱਕ ਡਾਕਟਰ ਦੋਸਤ ਹੈ, ਮੈਂ ਉਸ ਨੂੰ ਫੋਨ

ਕੀਤਾ। ਉਸ ਦਾ ਫੋਨ ਆਇਆ ਸੀ, I returned his call. ਮੈਂ ਜਦੋਂ ਉਸ ਨਾਲ ਗੱਲਬਾਤ ਕੀਤੀ ਤਾਂ ਉਹ ਕਹਿਣ ਲੱਗਿਆ ਕਿ ਤੁਹਾਡੇ ਕਾਂਗਰਸ ਦੇ ਲੀਡਰ ਮੇਰੇ ਕੋਲ ਬੈਠੇ ਹਨ, ਚੈਕ-ਅੱਪ ਕਰਵਾਉਣ ਆਏ ਹਨ, ਮੈਂ ਥੋੜ੍ਹੀ ਦੇਰ ਤੱਕ ਗੱਲ ਕਰਦਾ ਹਾਂ। ਮੈਂ ਕਿਹਾ ਕਿ ਇਨ੍ਹਾਂ ਨੂੰ ਪੁੱਛ ਲੈਣਾ ਕਿ ਇਹ ਅਸੰਬਲੀ ਵਿੱਚ ਆ ਕੇ ਮੁੱਦੇ ਕਿਉਂ ਨਹੀਂ ਚੁੱਕਦੇ? ਜਦੋਂ ਉਹ ਚਲੇ ਗਏ ਤਾਂ ਮੈਨੂੰ ਉਸ ਦਾ ਫੋਨ ਆਇਆ ਤੇ ਕਹਿਣ ਲੱਗਿਆ ਕਿ ਮੈਂ ਪੁੱਛਿਆ ਸੀ। ਮੈਂ ਪੁੱਛਿਆ, ਫੇਰ ਕੀ ਕਹਿੰਦੇ ਹਨ? ਉਹ ਕਹਿਣ ਲੱਗਿਆ ਕਿ ਕਹਿੰਦੇ ਹਨ ਕਿ ਅਸੀਂ ਉੱਥੇ ਜਾ ਕੇ ਕੀ ਕਰੀਏ? ਇਹ ਕਹਿੰਦੇ ਸੀ ਫਰੀ ਬਿਜਲੀ ਦੇਵਾਂਗੇ, ਉਹ ਦੇ ਦਿੱਤੀ। ਇਨ੍ਹਾਂ ਨੇ ਕਿਹਾ ਸੀ, ਸਕੂਲ ਠੀਕ ਕਰ ਦੇਵਾਂਗੇ, ਉਹ ਵੀ ਕਰ ਦਿੱਤੇ। ਇਨ੍ਹਾਂ ਨੇ ਮੁਹੱਲਾ ਕਲੀਨਿਕ ਬਣਾਏ ਹਨ, ਜਿੱਥੋਂ ਦਵਾਈ ਵੀ ਮਿਲਦੀ ਹੈ ਅਤੇ ਟੈਸਟ ਵੀ ਹੁੰਦੇ ਪਏ ਹਨ। 10 ਲੱਖ ਰੁਪਏ ਦਾ ਸਿਹਤ ਬੀਮਾ ਦੇ ਦਿੱਤਾ। ਸਾਡੇ ਕੋਲ ਇੱਕ ਮੁੱਦਾ ਰਹਿ ਗਿਆ ਸੀ ਕਿ ਔਰਤਾਂ ਨੂੰ ਇਨ੍ਹਾਂ ਨੇ 1000/- ਰੁਪਿਆ ਨਹੀਂ ਦੇਣਾ, ਹੁਣ ਇਨ੍ਹਾਂ ਨੇ 1500/- ਦੇ ਦਿੱਤਾ ਹੈ। ਇਸ ਕਰਕੇ ਮੁੱਦਾ ਕੋਈ ਨਹੀਂ ਛੱਡਿਆ।

ਅੱਜ ਜਦੋਂ ਇੰਟਰਨੈਸ਼ਨਲ ਲੇਬਰ ਡੇਅ ਹੈ, ਜਿਸ ਨੂੰ ਅਸੀਂ May day ਕਹਿੰਦੇ ਹਾਂ, ਮੈਂ ਦੁਨੀਆ ਭਰ ਦੇ ਮਿਹਨਤਕਸ਼ਾਂ ਨੂੰ ਸਲਿਊਟ ਕਰਦਾ ਹਾਂ, ਉਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਲੜਾਈ ਲੜੀ। ਸਪੀਕਰ ਸਾਹਿਬ, ਮੈਂ ਤੁਹਾਡੇ ਨਾਲ ਇੱਕ ਡਾਟਾ ਸ਼ੇਅਰ ਕਰਨਾ ਹੈ। This is on record. ਬੀ.ਜੇ.ਪੀ. ਦੀ ਸਰਕਾਰ ਨੇ ਕਾਨੂੰਨ ਤੋੜ ਕੇ ਈ-ਸ਼੍ਰਮ ਪੋਰਟਲ ਬਣਾਇਆ ਹੈ। ਉਸ ਉੱਤੇ 30 ਕਰੋੜ ਮਜ਼ਦੂਰਾਂ ਨੇ ਰਜਿਸਟਰਡ ਕੀਤਾ ਹੈ, ਜਿਨ੍ਹਾਂ ਵਿਚੋਂ 27 ਕਰੋੜ ਨੇ ਲਿਖਿਆ ਹੈ ਕਿ ਅਸੀਂ 10 ਹਜ਼ਾਰ ਰੁਪਿਆ ਮਹੀਨਾ ਤੋਂ ਘੱਟ ਕਮਾਉਂਦੇ ਹਾਂ। ਇਹ ਗੁਲਾਮੀ ਵਾਪਸ ਆਈ ਹੈ। ਅੱਜ ਜਦੋਂ ਭਗਵੰਤ ਮਾਨ ਸਰਕਾਰ ਮਜ਼ਦੂਰਾਂ ਦੇ ਮਸਲਿਆਂ 'ਤੇ ਗੱਲ ਕਰਕੇ ਉਨ੍ਹਾਂ ਦੀ ਮਿਨੀਮਮ ਉਜਰਤ ਵਧਾਉਣ ਜਾ ਰਹੀ ਹੈ, same day ਬੀ.ਜੇ.ਪੀ. ਦੇ ਚਾਹ ਬਣਾਉਣ ਵਾਲੇ ਪ੍ਰਧਾਨ ਮੰਤਰੀ ਨੇ, ਚਾਹ ਬਣਾਉਣ ਵਾਲਿਆਂ ਵਾਸਤੇ, ਸਮੋਸੇ ਚੋਰੀ ਕਰਨ ਵਾਲਿਆਂ ਨਾਲ ਮਿਲ ਕੇ ਢਾਬੇ ਚਲਾਉਣ ਵਾਲਿਆਂ, ਰੈਸਟੋਰੈਂਟ ਚਲਾਉਣ ਵਾਲਿਆਂ ਜਾਂ ਹੋਰ ਛੋਟੇ-ਮੋਟੇ ਕੰਮ ਕਰਨ ਵਾਲਿਆਂ ਲਈ ਕਮਰਸ਼ੀਅਲ ਸਿਲੰਡਰ ਦਾ ਰੇਟ ਵਧਾ ਕੇ ਉਨ੍ਹਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ। ਸੋ, ਮੈਂ ਆਖਰੀ ਗੱਲ ਕਰ ਰਿਹਾ ਹਾਂ ਕਿ ਅੱਜ ਆਪਾਂ ਤਕੜੇ ਹੋਈਏ, ਜਿਵੇਂ ਸ਼ਿਕਾਗੋ ਵਿੱਚ ਲੜਾਈ ਲੜੀ ਗਈ ਸੀ, ਅਗਲੀ ਲੜਾਈ ਦਿੱਲੀ ਵਿੱਚ ਲੜੀ ਜਾਣੀ ਹੈ, ਉਥੇ ਅਗਲੇ ਮੋਰਚੇ ਵਾਸਤੇ ਜਿਸ ਪ੍ਰਕਾਰ ਸਾਡੇ ਲੀਡਰ ਸ੍ਰੀ ਅਰਵਿੰਦ ਕੇਜਰੀਵਾਲ ਤੇ ਸ੍ਰੀ ਮਨੀਸ਼ ਸਿਸੋਦੀਆ ਡੱਟੇ ਹੋਏ ਹਨ, ਇਹ ਇਤਿਹਾਸਕ ਪਲ ਹੈ ਜਦੋਂ ਇਨਸਾਫ ਦੀ ਲੜਾਈ ਲੜੀ ਜਾਣੀ ਹੈ। ਜਦੋਂ ਸੱਤਿਆਗ੍ਰਹਿ ਦੁਬਾਰਾ ਸ਼ੁਰੂ ਹੋਇਆ ਹੈ, ਇਸ ਦੀ ਸਾਨੂੰ ਲੋੜ ਕਿਉਂ ਪਈ? ਡੈਮੋਕ੍ਰੇਸੀ ਦੇ ਦੋ ਪਾਰਟ ਹੁੰਦੇ ਹਨ, ਇੱਕ free and fair elections, ਬੰਗਾਲ ਵਿੱਚ ਕੀ ਹੋਇਆ ਹੈ, ਇਹ ਤੁਹਾਡੇ ਸਾਹਮਣੇ ਹੈ। ਢਾਈ ਲੱਖ ਬੰਦੇ ਬਾਹਰੋਂ ਲਿਆ ਕੇ, ਫੌਜਾਂ ਲਿਜਾ ਕੇ ਆਪਣੇ ਆਪ ਨੂੰ ਸਿੰਘਮ ਕਹਿਣ ਵਾਲੇ, ਟੀ.ਐਮ.ਸੀ. ਦੇ ਮੈਂਬਰਾਂ ਦੇ ਘਰਾਂ ਦੇ ਬਾਹਰ ਜਾ ਕੇ ਧਮਕੀਆਂ ਦੇਣ ਵਾਲੇ ਮਾਹੌਲ ਵਿੱਚ ਇਲੈਕਸ਼ਨਜ ਹੋ ਰਹੀਆਂ ਹਨ। ਮੈਂ ਕਹਿੰਦਾ ਹਾਂ ਕਿ ਇਹ ਬੇਈਮਾਨ ਫੇਰ ਵੀ ਹਾਰਨਗੇ। ਉਸ free and fair elections ਨੂੰ ਇਨ੍ਹਾਂ ਨੇ ਖਤਮ ਕਰ ਦਿੱਤਾ ਹੈ, ਦੂਜਾ democratic accountability ਹੁੰਦੀ ਹੈ, ਜਿਸ ਵਿੱਚ ਚਾਹੇ ਜੁਡੀਸ਼ਰੀ ਦੀ ਗੱਲ ਕਰ ਲਈਏ, ਜੋ ਦਿੱਲੀ ਵਿੱਚ ਹੋ ਰਿਹਾ ਹੈ, ਮਾਣਯੋਗ ਅਦਾਲਤ ਦੀ ਮੁੱਖੀ ਜੱਜ ਕਹਿ ਰਹੀ ਹੈ ਕਿ ਮੈਂ ਆਰ.ਐਸ.ਐਸ. ਦੇ ਐਫੀਲੀਏਟਿਡ ਆਫਿਸ ਵਿੱਚ ਜਾਂਦੀ ਹਾਂ ਅਤੇ ਜਦੋਂ ਵੀ ਮੈਂ ਉੱਥੇ ਜਾਂਦੀ ਹਾਂ, ਮੇਰੀ ਤਰੱਕੀ ਹੋ ਜਾਂਦੀ ਹੈ, ਮੇਰੇ ਬੱਚੇ ਉਨ੍ਹਾਂ ਕੋਲ ਕੰਮ ਕਰਦੇ ਹਨ। ਫਿਰ ਇਨਸਾਫ ਕਿਵੇਂ ਮਿਲੇਗਾ? ਜਿਹੜੇ ਸਾਡੇ ਲੀਡਰ ਇਸ ਵੇਲੇ ਲੜ ਰਹੇ ਹਨ, ਚਾਹੇ ਪੰਜਾਬ ਦੇ ਪਾਣੀਆਂ ਲਈ, ਚੰਡੀਗੜ੍ਹ ਲਈ, ਪੰਜਾਬ ਦੇ ਲੋਕਾਂ ਦੇ ਹੱਕਾਂ ਲਈ, ਆਰ.ਡੀ.ਐਫ. ਲਈ ਭਗਵੰਤ ਮਾਨ ਜੀ ਲੜਾਈ ਲੜ ਰਹੇ ਹਨ,

ਸਾਨੂੰ ਚਾਹੀਦਾ ਹੈ ਕਿ ਇਸ ਵੇਲੇ ਸਾਰੇ ਇਕੱਠੇ ਹੁੰਦੇ। ਸਾਨੂੰ ਚਾਹੀਦਾ ਤਾਂ ਇਹ ਸੀ ਕਿ ਮੁੱਦਿਆਂ ਦੀ ਗੱਲ ਕਰਦੇ, ਪਾਲਿਸੀਜ਼ ਦੀ ਗੱਲ ਕਰਦੇ ਪਰ ਇਹ ਨਿੱਜੀ ਹਮਲੇ ਕਰਦੇ ਹਨ।

**ਮਾਣਯੋਗ ਸਪੀਕਰ :** ਥੈਂਕ ਯੂ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ** : ਸੋ, ਤੁਹਾਡਾ ਬਹੁਤ-ਬਹੁਤ ਧੰਨਵਾਦ, ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਅਤੇ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ।

**ਮਾਣਯੋਗ ਸਪੀਕਰ:** ਥੈਂਕ ਯੂ। ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਤੁਸੀਂ ਪੰਜ ਮਿੰਟ ਵਿੱਚ ਕਨਕਲੂਡ ਕਰੋਗੇ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਐਸ.ਸੀ.)**: ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ। ਜੋ ਮੁੱਖ ਮੰਤਰੀ ਸਾਹਿਬ ਮਤਾ ਲੈ ਕੇ ਆਏ ਹਨ, ਅਸੀਂ ਇਸ ਦੀ ਪ੍ਰੋੜ੍ਹਤਾ ਕਰਦੇ ਹਾਂ। ਸਪੀਕਰ ਸਾਹਿਬ, ਜਿਸ ਪ੍ਰਕਾਰ ਦਾ ਮਾਹੌਲ ਚੱਲ ਰਿਹਾ ਹਾਂ, ਪਾਰਟੀ ਬਦਲਣ ਦੀਆਂ ਗੱਲਾਂ, ਸਰਕਾਰ ਤੋੜਨ ਦੀਆਂ ਗੱਲਾਂ ਹੋ ਰਹੀਆਂ ਹਨ। ਅਸੀਂ ਸਰਕਾਰ ਨੂੰ, ਸਾਡੇ ਮੁੱਖ ਮੰਤਰੀ ਸਾਹਿਬ, ਸਰਦਾਰ ਭਗਵੰਤ ਸਿੰਘ ਜੀ ਮਾਨ, ਇਨ੍ਹਾਂ ਨੂੰ ਪੂਰਨ ਯਕੀਨ ਦਿਵਾਉਂਦੇ ਹਾਂ ਕਿ ਅਸੀਂ ਪਾਰਟੀ ਦੇ ਨਾਲ ਹਾਂ, ਅਸੀਂ ਸਰਕਾਰ ਦੇ ਨਾਲ ਹਾਂ, ਅਸੀਂ ਕੇਜਰੀਵਾਲ ਸਾਹਿਬ ਦੇ ਨਾਲ ਹਾਂ। ਚਾਹੇ ਅਸੀਂ ਮਾਰੇ ਜਾਈਏ, ਕਾਲ਼ੇ ਪਾਣੀ ਨੂੰ ਭੇਜ ਦੇਣ, ਪੁੱਠੇ ਲਟਕਾ ਦੇਣ, ਅਸੀਂ ਹਮੇਸ਼ਾ ਪਾਰਟੀ ਦੇ ਨਾਲ ਸੀ, ਪਾਰਟੀ ਦੇ ਨਾਲ ਹਾਂ ਅਤੇ ਪਾਰਟੀ ਦੇ ਨਾਲ ਰਹਾਂਗੇ। (ਥੰਪਿੰਗ) ਸਪੀਕਰ ਸਾਹਿਬ, ਸਾਡਾ ਤਾਂ ਇਤਿਹਾਸ ਵੀ ਇਹ ਹੈ। ਸਾਡੇ ਰਹਿਬਰ ਚਰਖੜ੍ਹੀਆਂ 'ਤੇ ਵੀ ਚੜ੍ਹੇ ਹਨ, ਆਰਿਆਂ ਦੇ ਨਾਲ ਵੀ ਚਿਰਾਏ ਗਏ ਹਨ, ਹੋਰ ਵੀ ਬੜੇ ਤਸ਼ਦੱਦ ਤੇ ਬੜੇ ਤਸੀਹੇ ਦਿੱਤੇ ਗਏ ਹਨ, ਤੱਤੀਆਂ ਤਵੀਆਂ ਉੱਤੇ ਬਿਠਾਏ ਗਏ ਹਨ ਪਰ ਉਹ ਅਡੋਲ ਰਹੇ। ਅਸੀਂ ਵੀ ਹਮੇਸ਼ਾ ਅਡੋਲ ਰਹਾਂਗੇ। ਸਪੀਕਰ ਸਾਹਿਬ, ਸਾਲ 2014 ਦੇ ਵਿੱਚ ਜਦੋਂ ਪਾਰਟੀ ਦੀ ਸ਼ੁਰੂਆਤ ਹੋਈ ਤਾਂ ਉਸ ਤੋਂ ਬਾਅਦ ਪਾਰਟੀ ਉੱਤੇ ਬੜੇ ਸੰਕਟ ਆਏ ਪਰ ਅਸੀਂ ਪਾਰਟੀ ਨਾਲ ਚਟਾਨ ਵਾਂਗ ਖੜ੍ਹੇ ਹਾਂ ਅਤੇ ਖੜ੍ਹੇ ਰਹਾਂਗੇ। ਤੁਹਾਨੂੰ ਵੀ ਪਿਛਲਾ ਟਾਈਮ ਪਤਾ ਹੈ, ਇਹੀ ਖਹਿਰਾ ਸਾਹਿਬ ਜਿਹੜੇ ਅੱਜ ਬਹੁਤ ਸਾਰੀਆਂ ਗੱਲਾਂ ਕਰਦੇ ਸੀ ਤੇ ਸਾਡੀ ਪਾਰਟੀ ਤੋੜਨ ਦੀ ਗੱਲ ਕੀਤੀ ਸੀ। ਸਾਡੇ 7 ਐਮ.ਐਲ.ਏ. ਵੀ ਨਾਲ ਲੈ ਗਏ ਸੀ। ਉਸ ਸਮੇਂ ਇਨ੍ਹਾਂ ਨੇ ਐਲਾਨ ਕਰ ਦਿੱਤਾ ਸੀ ਕਿ ਆਮ ਆਦਮੀ ਪਾਰਟੀ ਟੁੱਟ ਗਈ। ਆਮ ਆਦਮੀ ਪਾਰਟੀ ਖੇਰੂੰ ਖੇਰੂੰ ਹੋ ਗਈ ਪਰ ਉਦੋਂ ਇਨ੍ਹਾਂ ਨੂੰ ਬੜਾ ਦੁੱਖ ਲੱਗਿਆ ਹੋਣਾ, ਜਿਸ ਦਿਨ ਅਸੀਂ 92 ਸੀਟਾਂ ਨਾਲ ਸਰਕਾਰ ਬਣਾਈ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਸ ਕਰਕੇ ਮੈਂ ਭਾਜਪਾ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਵਹਿਮ ਕੱਢ ਦਿਉ। ਅਸੀਂ ਆਮ ਆਦਮੀ ਪਾਰਟੀ ਦੇ ਸਿਪਾਹੀ ਹਾਂ, ਅਸੀਂ ਆਮ ਘਰਾਂ ਦੇ ਹਾਂ। ਸਾਨੂੰ ਕਿਸੇ ਪ੍ਰਕਾਰ ਦਾ ਲਾਲਚ ਨਹੀਂ। ਸਪੀਕਰ ਸਾਹਿਬ, ਜੇ ਮੈਂ ਨਿੱਜੀ ਤੌਰ ਤੇ ਆਪਣੀ ਗੱਲ ਕਰਾਂ ਤਾਂ ਮੈਂ ਆਮ ਆਦਮੀ ਪਾਰਟੀ ਦਾ ਉਹ ਸਿਪਾਹੀ ਹਾਂ ਜਿਸ ਦੇ ਉੱਪਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦੇ ਵਿੱਚ ਸਾਲ 2016 ਦੇ ਵਿੱਚ ਵੀ ਮੇਰੇ ਖਿਲਾਫ ਥਾਣਾ ਨਿਹਾਲ ਸਿੰਘ ਵਾਲਾ ਦੇ ਵਿੱਚ ਪਰਚਾ ਦਰਜ ਹੋਇਆ ਸੀ। ਉਸ ਤੋਂ ਬਾਅਦ 7 ਪਰਚੇ ਦਰਜ ਹੋਏ, ਜਿਨ੍ਹਾਂ ਵਿੱਚ 2 ਪਰਚਿਆਂ ਵਿੱਚ ਸੀ.ਐਮ. ਸਾਹਿਬ ਵੀ ਸ਼ਾਮਲ ਹਨ, 2 ਪਰਚੇ ਸ੍ਰੀ ਤਰਨ ਤਾਰਨ ਵਿਖੇ ਹੋਏ, ਤੁਸੀਂ ਵੀ ਸ਼ਾਮਲ ਹੋ, ਮੇਰਾ ਖਿਆਲ ਹੈ ਕਿ ਸ੍ਰੀ ਅਮਨ ਅਰੋੜਾ ਜੀ ਵੀ ਸ਼ਾਮਲ ਹੋਣਗੇ, 2-3 ਮੰਤਰੀ ਵੀ ਇਨ੍ਹਾਂ ਵਿੱਚ ਸ਼ਾਮਲ ਹਨ। ਮੇਰੇ ਕਹਿਣ ਤੋਂ ਭਾਵ ਹੈ ਕਿ ਅਸੀਂ ਅਡੋਲ ਹਾਂ ਅਤੇ ਅਡੋਲ ਰਹਾਂਗੇ। ਸਾਡੇ ਲਈ ਪਾਰਟੀ ਸਭ ਕੁਝ ਹੈ। ਅਸੀਂ ਘਰੇ ਬੈਠ ਜਾਵਾਂਗੇ ਪਰ ਜਿਹੜੇ ਇਹ ਆਮ ਘਰਾਂ ਦੇ ਮੁੰਡੇ ਕੁੜੀਆਂ ਬੈਠੇ ਹਨ, ਸਾਡੇ ਵਿੱਚੋਂ ਕੋਈ

ਕਿਸੇ ਪ੍ਰਕਾਰ ਦਾ ਗਲਤ ਫੈਸਲਾ ਨਹੀਂ ਲਵੇਗਾ। ਇਨ੍ਹਾਂ ਦੇ ਜਿਹੜੇ ਵਹਿਮ ਹਨ, ਉਹ ਇਨ੍ਹਾਂ ਨੂੰ ਕੱਢ ਦੇਣੇ ਚਾਹੀਦੇ ਹਨ ਔਰ ਆਮ ਆਦਮੀ ਪਾਰਟੀ ਸਾਲ 2027 ਵਿੱਚ ਵੀ ਇਸੇ ਤਰ੍ਹਾਂ ਹੀ ਸਰਕਾਰ ਬਣਾਏਗੀ। ਹੁਣ 92 ਮੈਂਬਰਜ਼ ਨਾਲ ਸਰਕਾਰ ਬਣੀ ਹੈ ਤੇ ਆਉਣ ਵਾਲੇ ਸਮੇਂ ਵਿੱਚ ਮੇਰਾ ਖਿਆਲ ਹੈ ਕਿ ਅਸੀਂ 100 ਨੂੰ ਪਾਰ ਕਰਾਂਗੇ। (ਥੰਪਿੰਗ) ਇਸ ਕਰਕੇ ਇਨ੍ਹਾਂ ਦੇ ਜਿਹੜੇ ਵਹਿਮ ਹਨ, ਇਹ ਰਹਿਣੇ ਨਹੀਂ। ਜਿਹੜੇ 14-15 ਮੈਂਬਰ ਆਪੋਜ਼ੀਸ਼ਨ ਬੈਂਚਿਜ਼ 'ਤੇ ਬੈਠੇ ਹਨ, ਇਨ੍ਹਾਂ 14-15 ਵਿੱਚੋਂ ਵੀ ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਫੋਟੋ ਕਰ ਲਵੋ, ਵੀਡੀਉ ਬਣਾ ਲਵੋ, ਮੇਰਾ ਖਿਆਲ ਹੈ ਕਿ ਅਗਲੀ ਵਾਰ ਇਨ੍ਹਾਂ ਵਿੱਚੋਂ 4-5 ਵੀ ਨਹੀਂ ਆਉਣੇ। ਇਨ੍ਹਾਂ ਦਾ ਬੜਾ ਮਾੜਾ ਹਾਲ ਹੈ, ਇਹ ਦਿਮਾਗੀ ਤੌਰ ਤੇ ਹਿੱਲੇ ਹੋਏ ਹਨ। ਇਨ੍ਹਾਂ ਕੋਲ ਖ਼ਬਰਾਂ ਤੋਂ ਬਿਨਾ ਅਤੇ ਊਲ-ਜਲੂਲ ਗੱਲਾਂ ਤੋਂ ਬਿਨਾ ਹੋਰ ਕੋਈ ਗੱਲ ਇਨ੍ਹਾਂ ਦੇ ਪੱਲੇ ਨਹੀਂ ਹੈ।

**ਮਾਣਯੋਗ ਸਪੀਕਰ**: ਸਦਨ ਦੇ ਸਾਰੇ ਸਤਿਕਾਰਯੋਗ ਮੈਂਬਰਾਂ ਦੇ ਸਤਿਕਾਰ ਦਾ ਖਿਆਲ ਰੱਖਿਆ ਜਾਵੇ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ**: ਹਾਂ ਜੀ। ਸੋ, ਮੈਂ ਹੁਣ ਜ਼ਿਆਦਾ ਸਮਾਂ ਨਹੀਂ ਲਵਾਂਗਾ। ਤੁਹਾਡਾ ਸਾਰਿਆਂ ਦਾ ਬਹੁਤ-ਬਹੁਤ ਧੰਨਵਾਦ। ਜਿਹੜਾ ਮਤਾ ਸੀ.ਐਮ. ਸਾਹਿਬ ਲੈ ਕੇ ਆਏ ਹਨ, ਅਸੀਂ ਉਸ ਦੀ ਪ੍ਰੋੜ੍ਹਤਾ ਕਰਦੇ ਹਾਂ ਔਰ ਉਨ੍ਹਾਂ ਦੇ ਨਾਲ ਕਿਸੇ ਪ੍ਰਕਾਰ ਦਾ ਕਿਸੇ ਨੂੰ ਕੋਈ ਵਹਿਮ ਨਹੀਂ ਹੋਣਾ ਚਾਹੀਦਾ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।।

**ਮਾਣਯੋਗ ਸਪੀਕਰ**: ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।। ਸ਼੍ਰੀ ਸੰਜੀਵ ਅਰੋੜਾ, ਮੰਤਰੀ ਸਾਹਿਬ ਜੀ।

**ਸਥਾਨਕ ਸਰਕਾਰ ਤੇ ਊਰਜਾ ਮੰਤਰੀ (ਸ਼੍ਰੀ ਸੰਜੀਵ ਅਰੋੜਾ)** : ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਸਾਡੇ ਮਾਣਯੋਗ ਮੁੱਖ ਮੰਤਰੀ ਜੀ ਜਿਹੜਾ ਮਤਾ ਲਿਆਏ ਹਨ, ਉਸ ਦੇ ਲਈ ਮੈਨੂੰ ਬੋਲਣ ਦਾ ਮੌਕਾ ਦਿੱਤਾ ਗਿਆ ਹੈ। ਇਹ ਤਾਂ ਕਹਿਣ ਦੀ ਲੋੜ ਹੀ ਨਹੀਂ ਕਿ ਅਸੀਂ ਹੱਕ ਵਿੱਚ ਬੋਲਣਾ ਹੈ ਕਿਉਂਕਿ ਸਾਰੇ ਹੱਕ ਵਿੱਚ ਬੋਲਣ ਲਈ ਹੀ ਇੱਥੇ ਬੈਠੇ ਹਨ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਅਜ਼ਾਦੀ ਤੋਂ ਬਾਅਦ ਸਾਡੀ ਸਰਕਾਰ 70 ਸਾਲਾਂ ਬਾਅਦ ਆਈ ਹੈ। ਸਾਡੀ ਸਰਕਾਰ ਨੇ 4 ਸਾਲਾਂ ਵਿੱਚ ਉਹ ਕੰਮ ਕੀਤੇ ਹਨ, ਜਿਹੜੇ ਪਿਛਲੇ 70 ਸਾਲਾਂ ਵਿੱਚ ਨਹੀਂ ਹੋਏ। (ਥੰਪਿੰਗ) ਮੈਂ ਦੱਸਣਾ ਚਾਹੁੰਦਾ ਹਾਂ ਕਿ ਅੰਕੜੇ ਵੀ ਸਾਡੇ ਹਨ, ਹੌਸਲੇ ਵੀ ਸਾਡੇ ਹਨ, ਬਹੁਮਤ ਵੀ ਪੱਕਾ ਹੈ ਅਤੇ ਸਰਕਾਰ ਵੀ ਅਟੱਲ ਹੈ। (ਥੰਪਿੰਗ) ਅਸੀਂ ਗੱਲਾਂ ਦੀ ਨਹੀਂ, ਸਗੋਂ ਕੰਮ ਦੀ ਰਾਜਨੀਤੀ ਕਰਦੇ ਹਾਂ। ਹਰ ਖੇਤਰ ਵਿੱਚ ਨਤੀਜੇ ਹਨ। ਮੇਰੇ ਕੋਲ ਤਿੰਨ ਮਹਿਕਮੇ ਹਨ, ਪੁਰਾਣੇ ਕੰਮ ਵੀ ਹੋਏ ਹਨ। ਸਪੀਕਰ ਸਾਹਿਬ, ਉਹ ਕੰਮ ਕੀਤੇ ਹਨ, ਜਿਹੜਾ ਵੀ ਕੋਈ ਆਉਂਦਾ ਹੈ, ਮੈਂ ਉਸ ਨੂੰ ਪੁੱਛਦਾ ਹਾਂ ਕਿ ਤੇਰਾ ਕੰਮ ਕਦੋਂ ਦਾ ਪੈਂਡਿੰਗ ਹੈ? ਉਹ ਦੱਸਦੇ ਹਨ ਕਿ ਇਹ ਸਾਲ 2014 ਦਾ ਹੈ ਜਾਂ 2010 ਦਾ ਹੈ। ਮੈਂ ਜਦੋਂ ਇਹ ਪੁੱਛਦਾ ਹਾਂ ਕਿ ਕੀ ਇਹ ਸਾਲ 2022 ਤੋਂ ਬਾਅਦ ਦਾ ਕੰਮ ਹੈ, ਉਹ ਕਹਿੰਦੇ ਹਨ ਕਿ ਨਹੀਂ ਜੀ, 2022 ਤੋਂ ਬਾਅਦ ਦਾ ਕੋਈ ਕੰਮ ਪੈਂਡਿੰਗ ਨਹੀਂ ਹੈ। ਕੋਈ ਕੰਮ 10 ਸਾਲ ਪੁਰਾਣਾ ਹੈ, ਕੋਈ 15 ਸਾਲ ਅਤੇ ਕੋਈ 20 ਸਾਲ ਪੁਰਾਣਾ ਹੈ। ਲੋਕਾਂ ਦੇ ਇਹੋ ਜਿਹੇ ਪੁਰਾਣੇ ਕੰਮ ਫਸੇ ਹੋਏ ਸੀ, ਇੰਡਸਟਰੀਆਂ ਦੇ ਕੰਮ ਫਸੇ ਹੋਏ ਸੀ, ਪਾਲਿਸੀਆਂ ਦੇ ਕੰਮ ਫਸੇ ਹੋਏ ਸੀ, ਜਿਹੜੇ ਅਸੀਂ ਮੁਕੰਮਲ ਕੀਤੇ ਹਨ। ਸਪੀਕਰ ਸਾਹਿਬ, ਅਸੀਂ ਜਦੋਂ ਤੋਂ ਆਏ ਹਾਂ, ਚਾਰ ਸਾਲ ਬਿਜਲੀ ਮੁਫ਼ਤ ਦਿੱਤੀ ਹੈ। ਕਿਸੇ ਨੇ ਸੁਪਨੇ ਦੇ ਵਿੱਚ ਵੀ ਨਹੀਂ ਸੋਚਿਆ ਹੋਣਾ ਕਿ ਚੌਥੇ ਸਾਲ ਵਿੱਚ ਅਸੀਂ ਬਿਜਲੀ ਸਸਤੀ ਕਰ ਦਿਆਂਗੇ। ਇੱਕ ਅਪ੍ਰੈਲ ਤੋਂ ਜਿਹੜੇ ਸਾਡੇ ਪੰਜਾਬੀ ਭੈਣ ਭਰਾ ਬਿਜਲੀ ਦਾ ਬਿੱਲ

ਦਿੰਦੇ ਵੀ ਹਨ, ਉਨ੍ਹਾਂ ਦੀ ਬਿਜਲੀ ਵੀ ਸਸਤੀ ਕਰ ਦਿੱਤੀ ਹੈ। (ਥੰਪਿੰਗ) 7000 ਕਰੋੜ ਰੁਪਏ ਨਾਲ ਬਿਜਲੀ ਦੀ ਸਬਸਿਡੀ ਘਟਾ ਦਿੱਤੀ ਹੈ। ਅਸੀਂ ਬਿਜਲੀ ਵਿਭਾਗ ਵਾਲਿਆਂ ਨੂੰ ਇਹੀ ਕਿਹਾ ਕਿ ਆਪਣੀ ਐਫੀਸ਼ੀਐਂਸੀ ਵਧਾਓ ਅਤੇ ਵਿਭਾਗ ਦੀ ਇਨਕਮ ਵਧਾਓ ਤਾਂ ਕਿ ਪੰਜਾਬੀਆਂ ਦਾ ਭਲਾ ਹੋ ਸਕੇ। ਸਾਲ 2025-26 ਜਿਹੜਾ ਇਹ ਸਾਲ ਲੰਘਿਆ ਹੈ, ਇਸ ਦੌਰਾਨ 60,256 ਕਰੋੜ ਰੁਪਏ ਦਾ ਨਿਵੇਸ਼ ਹੋਇਆ ਹੈ। ਪੰਜਾਬ ਦੇ ਇਤਿਹਾਸ ਵਿੱਚ ਸਭ ਨਾਲੋਂ ਵੱਧ ਇਨਵੈਸਟਮੈਂਟ ਹੋਈ ਹੈ। ਹੁਣ ਹਰ ਸਾਲ ਨਵਾਂ ਰਿਕਾਰਡ ਬਣੇਗਾ, ਇਹ ਮੈਂ ਸਾਰਿਆਂ ਨੂੰ ਯਕੀਨ ਦਿਵਾਉਂਦਾ ਹਾਂ।

ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਸ ਸਰਕਾਰ ਵਿਚ ਦਲਾਲੀ ਵੀ ਖਤਮ ਹੈ ਅਤੇ ਭ੍ਰਿਸ਼ਟਾਚਾਰ ਵੀ ਖਤਮ ਹੈ। ਸਾਫ਼ ਸੁਥਰਾ ਪ੍ਰਸ਼ਾਸਨ ਚੱਲ ਰਿਹਾ ਹੈ। ਇਹ ਨਵਾਂ ਪੰਜਾਬ ਹੈ, ਨਵੀਂ ਸੋਚ ਹੈ। ਤਰੱਕੀ ਹੀ ਸਾਡਾ ਮਕਸਦ ਹੈ। ਮੈਂ ਹੁਣ ਕੀ ਬੋਲਾਂ, ਸਾਡੇ ਆਪਣੇ ਹੀ ਭਰਾ ਭੈਣ ਹਨ। ਸਾਡੇ ਮਾਣਯੋਗ ਮੁੱਖ ਮੰਤਰੀ ਜੀ ਕਹਿ ਕੇ ਗਏ ਸੀ ਕਿ ਸਾਹਮਣੇ ਬੈਂਚਿਜ ਵਾਲੀ ਫੋਟੋ ਲੈ ਲਓ। ਮੈਂ ਫੋਟੋਗ੍ਰਾਫ਼ਰ ਭਰਾਵਾਂ ਨੂੰ ਬੇਨਤੀ ਕਰਦਾ ਹਾਂ ਕਿ ਉੱਪਰ ਚੜ੍ਹ ਕੇ ਸਾਡੇ ਵਾਲੇ ਪਾਸੇ ਦੀ ਫੋਟੋ ਲੈ ਲਓ ਕਿਉਂਕਿ ਇੱਕ ਫਰੇਮ ਵਿੱਚ ਇਹ ਫੋਟੋ ਆਉਣੀ ਨਹੀਂ, ਜਿੰਨੇ ਸਾਡੇ ਐਮ.ਐਲ.ਏ. ਬੈਠੇ ਹਨ ਤਾਂ ਕਿ ਬਾਕੀ ਲੋਕਾਂ ਕੋਲ ਇਹ ਫੋਟੋ ਜਾਵੇ ਤੇ ਉਹ ਗਿਣ ਸਕਣ ਕਿ ਕਿੰਨੇ ਬੰਦੇ ਹਨ। ਰੋਜ਼ ਖ਼ਬਰਾਂ ਆਉਂਦੀਆਂ ਹਨ ਕਿ 32 ਇੱਥੇ ਚਲੇ ਗਏ, 40 ਇੱਥੇ ਚਲੇ ਗਏ, 30 ਇੱਥੇ ਚਲੇ ਗਏ। ਇਹ ਇੱਕ ਪਾਸੇ ਦੀ ਫੋਟੋ ਖਿੱਚ ਲਓ। ਬਹੁਤ-ਬਹੁਤ ਸ਼ੁਕਰੀਆ ਜੀ।

**ਸ੍ਰੀਮਤੀ ਅਨਮੋਲ ਗਗਨ ਮਾਨ (ਖਰੜ) :** ਬਹੁਤ-ਬਹੁਤ ਧੰਨਵਾਦ ਸਪੀਕਰ ਸਾਹਿਬ, ਕਿ ਤੁਸੀਂ ਮੈਨੂੰ ਇੱਕ ਬੜੇ ਮਹੱਤਵਪੂਰਨ ਮੁੱਦੇ 'ਤੇ ਬੋਲਣ ਦਾ ਸਮਾਂ ਦਿੱਤਾ ਹੈ। ਮੈਂ ਮੁੱਖ ਮੰਤਰੀ ਜੀ ਨੂੰ ਭਰੋਸਾ ਦਿਵਾਉਂਦੀ ਹਾਂ ਕਿ ਸਿਰਫ਼ ਮੈਂ ਹੀ ਨਹੀਂ ਬਲਕਿ ਇੱਥੇ ਬੈਠੇ ਹਰ ਇਨਸਾਨ ਨੂੰ ਸ੍ਰੀ ਅਰਵਿੰਦ ਕੇਜਰੀਵਾਲ ਜੀ ਨੇ ਐਮ.ਐਲ.ਏ. ਬਣਾਇਆ ਹੈ। ਅਸੀਂ ਕਦੇ ਸੁਪਨਾ ਵੀ ਨਹੀਂ ਲਿਆ ਸੀ ਕਿ ਅਸੀਂ ਰਾਜਨੀਤੀ ਵਿੱਚ ਜਾ ਸਕਦੇ ਹਾਂ। ਮੈਂ ਆਪਣੇ ਵੀਰਾਂ ਨੂੰ ਬੇਨਤੀ ਕਰਦੀ ਹਾਂ ਕਿ ਦੋ ਮਿੰਟ ਸ਼ਾਂਤੀ ਰੱਖਿਓ। ਯਕੀਨ ਰੱਖਿਓ ਕਿ ਕਦੇ ਸਾਨੂੰ ਇਨ੍ਹਾਂ ਕੋਲੋਂ ਡਾਂਟ ਵੀ ਪੈ ਜਾਵੇ, ਅਸੀਂ ਤਾਂ ਵੀ ਇਨ੍ਹਾਂ ਦੇ ਬੱਚੇ ਹਾਂ। ਸਾਡਾ ਜਨਮ ਵੀ ਆਮ ਆਦਮੀ ਪਾਰਟੀ ਵਿੱਚ ਹੋਇਆ ਹੈ, ਇਸੇ ਵਿੱਚ ਰਹਾਂਗੇ। ਕਦੇ ਸੁਪਨਾ ਵੀ ਨਹੀਂ ਲੈ ਸਕਦੇ ਕਿ ਇੱਕ ਪਰਸੈਂਟ ਵੀ ਅਸੀਂ ਆਮ ਆਦਮੀ ਪਾਰਟੀ ਤੋਂ ਪਰਾਂ ਹੋ ਸਕਦੇ ਹਾਂ। ਅਸੀਂ ਡੱਟ ਕੇ, ਆਖਰੀ ਸਾਹ ਤੱਕ ਆਮ ਆਦਮੀ ਪਾਰਟੀ ਦੇ ਸਿਪਾਹੀ ਹਾਂ। (ਥੰਪਿੰਗ) ਸਾਡਾ ਮਕਸਦ ਪੰਜਾਬ ਨੂੰ ਟਾਪ ਦਾ ਸੂਬਾ ਬਣਾਉਣਾ ਹੈ ਕਿਉਂਕਿ ਗੁਰੂਆਂ ਪੀਰਾਂ ਦੀ ਧਰਤੀ ਹੈ, ਜਿਸ ਦਿਨ ਪੰਜਾਬ ਲਾਜਵਾਬ ਬਣਿਆ, ਜਿਸ ਦਿਨ ਪੰਜਾਬ ਦੀ ਧਰਤੀ ਨੇ ਤਰੱਕੀ ਕੀਤੀ, ਪੰਜਾਬ ਦੀ ਕਾਇਆ ਕਲਪ ਹੋਈ, ਉਸ ਦਿਨ ਪੂਰੇ ਦੇਸ਼ ਨੇ ਆਮ ਆਦਮੀ ਪਾਰਟੀ ਨੂੰ ਚੰਗੇ ਤਰੀਕੇ ਨਾਲ ਗਲਵੱਕੜੀ ਵਿੱਚ ਲੈ ਲੈਣਾ ਹੈ। ਸਾਡਾ ਜਿਹੜਾ ਮੁੱਖ ਮਕਸਦ ਹੈ, ਉਹ ਇਹ ਹੈ ਕਿ ਪੰਜਾਬ ਦੇ ਵਿੱਚ ਅਸੀਂ ਸ਼ਾਨਦਾਰ ਵਿਕਾਸ ਕਰਕੇ ਸ੍ਰੀ ਅਰਵਿੰਦ ਕੇਜਰੀਵਾਲ ਜੀ ਨੂੰ ਪੂਰੇ ਦੇਸ਼ ਦੀ ਵਾਗਡੋਰ ਸੰਭਾਲਣੀ ਹੈ। ਅਸੀਂ ਮਰਦੇ ਦਮ ਤੱਕ ਆਮ ਆਦਮੀ ਪਾਰਟੀ ਦੇ ਸਿਪਾਹੀ ਹਾਂ ਤੇ ਰਹਾਂਗੇ। ਮੈਂ ਇਸ ਗੱਲ ਦਾ ਦਾਅਵਾ ਕਰਦੀ ਹਾਂ ਕਿ ਇੱਥੇ ਬੈਠਾ ਹਰ ਬੰਦਾ ਇਹ ਜਾਣਦਾ ਹੈ ਕਿ ਸਾਨੂੰ ਆਮ ਆਦਮੀ ਪਾਰਟੀ ਨੇ ਇਹ ਮੌਕਾ ਦਿੱਤਾ ਹੈ। ਇੱਥੇ ਸਰਪੰਚੀ ਲੈਣ ਵਾਸਤੇ ਬੰਦਾ ਸਾਰੀ ਉਮਰ ਲੀਡਰਾਂ ਦੇ ਨੱਕ ਰਗੜੀ ਜਾਂਦਾ ਹੈ ਤੇ ਇਨ੍ਹਾਂ ਨੇ ਸਾਨੂੰ ਆਮ ਘਰਾਂ ਵਿੱਚੋਂ ਚੁੱਕ ਕੇ ਐਮ.ਐਲ.ਏ. ਬਣਾਇਆ ਹੈ। ਯਾਦ ਰੱਖਿਓ, ਬਹੁਤਿਆਂ ਦੇ ਮਨਾਂ ਵਿੱਚ ਗੁੱਸੇ-ਗਿਲੇ ਹੁੰਦੇ ਹਨ ਕਿ ਸਾਡੀ ਆਹ ਗੱਲ ਨਹੀਂ ਸੁਣੀ ਗਈ, ਸਾਡੀ ਉਹ ਗੱਲ ਨਹੀਂ ਸੁਣੀ ਗਈ। ਸਾਨੂੰ ਇਸ ਮੁਕਾਮ ਤੱਕ ਲੈ ਕੇ ਆਉਣ ਵਾਲੇ, ਇਨ੍ਹਾਂ ਉਮਰਾਂ ਵਿੱਚ ਸਾਨੂੰ ਆਮ ਘਰਾਂ ਵਿੱਚੋਂ ਲਿਆ ਕੇ ਐਮ.ਐਲ.ਏ. ਬਣਾਉਣ ਵਾਲੇ ਸ੍ਰੀ ਭਗਵੰਤ ਮਾਨ ਜੀ ਹਨ। ਇਨ੍ਹਾਂ ਦੀ ਸੋਚ ਨੂੰ ਵੇਖ ਕੇ ਅਸੀਂ ਰਾਜਨੀਤੀ ਵਿੱਚ ਆਏ

ਸੀ। ਅੱਜ ਅਸੀਂ ਅਜਿਹੀਆਂ ਕੁਰਸੀਆਂ 'ਤੇ ਬੈਠੇ ਹਾਂ ਜਿੱਥੇ ਪੰਜਾਬ ਦੇ ਲਈ ਅਸੀਂ ਕੋਈ ਸੁਨਹਿਰੀ ਚੈਪਟਰ ਲਿਖ ਸਕਦੇ ਹਾਂ। ਸੁਨਹਿਰੀ ਕਿਤਾਬ ਲਿਖ ਸਕਦੇ ਹਾਂ ਤੇ ਸਾਡੇ ਨੌਜਵਾਨਾਂ ਦੀ ਹਮੇਸ਼ਾ ਇਹ ਕੋਸ਼ਿਸ਼ ਰਹੀ ਹੈ, ਅਸੀਂ ਪੂਰੇ ਯਤਨ ਕੀਤੇ ਹਨ ਕਿ ਅਸੀਂ ਇਸ ਗੁਰੂਆਂ, ਪੀਰਾਂ ਦੀ ਧਰਤੀ ਨੂੰ, ਸੂਰਵੀਰਾਂ ਦੀ ਧਰਤੀ ਨੂੰ, ਕਮਾਲ ਦੀ ਧਰਤੀ ਨੂੰ ਜਿੱਥੇ ਭਗਤੀ ਵੀ ਹੈ ਅਤੇ ਜਿੱਥੇ ਸ਼ਹੀਦੀਆਂ ਵੀ ਹਨ ਤੇ ਜਿੱਥੇ ਸੂਰਵੀਰਾਂ ਨੇ ਸ਼ਹੀਦ ਭਗਤ ਸਿੰਘ ਹੁਰਾਂ ਨੇ, ਸ਼ਹੀਦ ਊਧਮ ਸਿੰਘ ਹੁਰਾਂ ਨੇ ਆਪਣਾ ਖੂਨ ਪੂਰੇ ਦੇਸ਼ ਵਾਸਤੇ ਕੁਰਬਾਨ ਕੀਤਾ ਤੇ ਜਿਸ ਦੇਸ਼ ਲਈ ਉਸ 23 ਸਾਲਾਂ ਦੇ ਨੌਜਵਾਨ ਨੇ ਰੱਸਾ ਚੁੰਮ ਕੇ ਗਲ ਵਿੱਚ ਪਾ ਲਿਆ ਸੀ। ਅਸੀਂ ਸ਼ਹੀਦ ਭਗਤ ਸਿੰਘ ਜੀ ਨੂੰ, ਉਸ ਦੀ ਰੂਹ ਨੂੰ, ਉਸ ਦੀ ਊਰਜਾ ਨੂੰ ਯਕੀਨ ਦਿਵਾਉਂਦੇ ਹਾਂ ਕਿ ਅਸੀਂ ਇਸ ਪਾਰਟੀ ਨਾਲ ਇਸੇ ਕਰਕੇ ਜੁੜੇ ਹਾਂ ਕਿ ਇੱਕ ਦਿਨ ਇਹ ਪਾਰਟੀ ਪੂਰੇ ਦੇਸ਼ ਵਿੱਚ ਆਏਗੀ, ਅਸੀਂ ਇਸ ਪਾਰਟੀ ਨਾਲ ਪੂਰਾ ਡੱਟ ਕੇ ਖੜ੍ਹੇ ਹਾਂ। ਸਪੀਕਰ ਸਾਹਿਬ, ਤੁਸੀਂ ਇਸ ਮੌਕੇ 'ਤੇ ਮੈਨੂੰ ਉਠਾਇਆ ਹੈ ਤੇ ਮੈਂ ਤੁਹਾਡਾ ਆਪਣੇ ਦਿਲ ਦੀਆਂ ਗਹਿਰਾਈਆਂ ਤੋਂ ਸ਼ੁਕਰਗੁਜ਼ਾਰ ਕਰਦੀ ਹਾਂ।

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ)** : ਸਪੀਕਰ ਸਾਹਿਬ, ਅਰੋੜਾ ਸਾਹਿਬ ਮੰਤਰੀ ਜੀ ਬੋਲ ਰਹੇ ਸੀ, ਮੈਂ ਪਹਿਲਾਂ ਉਦੋਂ ਬੋਲਣਾ ਚਾਹਿਆ ਸੀ ਪਰ ਮੈਂ ਕਿਹਾ ਨਹੀਂ ਕਿ ਇਹ ਮੇਰੇ ਸਤਿਕਾਰਯੋਗ ਹਨ, ਮੈਂ ਨਹੀਂ ਬੋਲਣਾ। ਇਹ ਬਹੁਤ ਹੀ ਮਿਹਨਤੀ ਅਤੇ ਇੰਟੈਲੀਜੈਂਟ ਮੰਤਰੀ ਹਨ। ਇੱਕ ਗੱਲ ਦੱਸੋ ਮੰਤਰੀ ਸਾਹਿਬ, ਤੁਸੀਂ ਕਿਹਾ ਹੈ ਕਿ 7000 ਕਰੋੜ ਰੁਪਏ ਦੀ ਪਾਵਰ ਸਬਸਿਡੀ ਘਟਾ ਦਿੱਤੀ। ਅਸੀਂ ਪਾਵਰ ਸਬਸਿਡੀ ਜਾਂ ਤਾਂ ਇੰਡਸਟਰੀ ਨੂੰ ਦਿੰਦੇ ਹਾਂ ਜਾਂ ਜੋ 500 ਯੂਨਿਟ ਘਰਾਂ ਨੂੰ ਦਿੰਦੇ ਹਾਂ ਤੇ ਜਾਂ ਖੇਤੀਬਾੜੀ ਨੂੰ ਦਿੰਦੇ ਹਾਂ। ਐਨਾਲਾਈਜ਼ ਤਾਂ ਇਹ ਕਰਨ ਦੀ ਲੋੜ ਹੈ ਕਿ 20 ਹਜ਼ਾਰ ਕਰੋੜ ਵਿੱਚੋਂ ਇਹ 7000 ਕਰੋੜ ਰੁਪਏ ਦੀ ਸਬਸਿਡੀ ਕਿਸ ਤਰ੍ਹਾਂ ਘਟੀ ਹੈ। ਸਰ, ਕੀ ਸਾਡੀ 40% ਬਿਜਲੀ ਦੀ ਖਪਤ ਘੱਟ ਗਈ ਹੈ? ਜਾਂ ਫਿਰ ਕੀ ਅਸੀਂ ਉਨ੍ਹਾਂ ਨੂੰ ਸਬਸਿਡੀ ਨਹੀਂ ਦੇਣੀ ਹੈ? ਬਿਜਲੀ ਦਾ ਹਾਲ ਬੜਾ ਮਾੜਾ ਹੈ, ਇਸ 'ਤੇ ਧਿਆਨ ਦੇਣ ਦੀ ਲੋੜ ਹੈ। ਇਹ ਤੁਹਾਡੀ ਗਲਤੀ ਨਹੀਂ ਹੈ। ਕੁਝ climatic conditions ਹੀ ਇਸ ਤਰ੍ਹਾਂ ਦੀਆਂ ਹੋ ਗਈਆਂ ਹਨ। El-Nino ਆ ਰਿਹਾ ਹੈ। ਐਤਕੀਂ ਬਾਰਸ਼ ਘੱਟ ਪੈਣੀ ਹੈ। ਬਿਜਲੀ ਦੀ ਡਿਮਾਂਡ ਅੱਜ ਹੀ ਪੂਰੀ ਹੋ ਚੁੱਕੀ ਹੈ। ਸਾਡੀਆਂ ਬਿਜਲੀ ਦੀਆਂ ਲਾਈਨਾਂ 16-17 ਹਜ਼ਾਰ ਮੈਗਾਵਾਟ cater ਕਰ ਸਕਦੀਆਂ ਹਨ। ਮੰਤਰੀ ਸਾਹਿਬ, ਅੱਜ 15000 ਮੈਗਾਵਾਟ ਦਾ ਲੋਡ ਤਾਂ ਚੱਲ ਹੀ ਰਿਹਾ ਹੈ। ਕਿੰਨਾ ਲੋਡ ਚੱਲ ਰਿਹਾ ਹੈ?

**ਸਥਾਨਕ ਸਰਕਾਰ ਤੇ ਊਰਜਾ ਮੰਤਰੀ (ਬੈਠੇ ਬੈਠੇ)** : ਵੱਧ ਤੋਂ ਵੱਧ 12,000 ਮੈਗਾਵਾਟ ਗਿਆ ਹੈ ।

**ਰਾਣਾ ਇੰਦਰ ਪ੍ਰਤਾਪ ਸਿੰਘ** : ਸਰ, 12,000 ਮੈਗਾਵਾਟ ਲੋਡ ਅੱਜ ਚੱਲ ਰਿਹਾ ਹੈ। ਕੱਲ੍ਹ ਨੂੰ ਘਰਾਂ ਦੇ ਬਿੱਲ ਵੀ ਵੱਧਣੇ ਹਨ ਤੇ 4 ਤੋਂ 5 ਹਜ਼ਾਰ ਮੈਗਾਵਾਟ ਦਾ ਲੋਡ ਖੇਤੀਬਾੜੀ ਸੈਕਟਰ ਦਾ ਹੈ। ਮੁੱਖ ਮੰਤਰੀ ਸਾਹਿਬ ਨੇ ਕਿਹਾ ਕਿ ਮੈਂ ਖੇਤੀਬਾੜੀ ਲਈ 8 ਘੰਟੇ ਬਿਜਲੀ ਦਿਆਂਗਾ, ਇਸ ਤਰ੍ਹਾਂ ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚ ਰਾਤ ਨੂੰ ਨਹੀਂ ਜਾਣਾ ਪਵੇਗਾ। ਜੇਕਰ ਬਿਜਲੀ ਸੈਕਟਰ ਨੂੰ 8 ਘੰਟੇ ਬਿਜਲੀ ਆਵੇ ਤਾਂ ਇਹ 4000 ਮੈਗਾਵਾਟ ਬਣਦੀ ਹੈ, ਜੇ ਸਾਰਿਆਂ ਨੂੰ ਸਾਈਕਲ ਦੇ ਹਿਸਾਬ ਨਾਲ 'ਤੇ ਦੇ ਦੇਈਏ ਤਾਂ 12,000 ਮੈਗਾਵਾਟ ਲੋਡ ਆ ਜਾਣਾ ਹੈ। ਸਰ,12+12=24 ਹੋ ਜਾਣਾ ਹੈ। ਸਾਡੇ ਕੋਲ ਇਸ ਤਰ੍ਹਾਂ ਦਾ infrastructure ਹੀ ਨਹੀਂ ਹੈ। ਬਾਕੀ ਘਰਾਂ ਦਾ ਬਿਜਲੀ ਦਾ ਲੋਡ ਵੀ ਆਉਣਾ ਹੈ। ਸੋ, ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਆਪਾਂ ਇਸ ਚੀਜ਼ ਨੂੰ ਪਲਾਨ ਕਰ ਲਈਏ, ਫਰੀ ਬਿਜਲੀ ਆਪਾਂ ਦੇ ਰਹੇ ਹਾਂ ਪਰ ਹੋ ਕੀ ਰਿਹਾ ਹੈ? ਕਿਉਂਕਿ ਧਰਤੀ ਹੇਠ ਪਾਣੀ ਹੋਰ ਥੱਲੇ ਜਾ ਰਿਹਾ ਹੈ, ਜਿੱਥੇ 5 ਹਾਰਸ ਪਾਵਰ ਦੀ ਮੋਟਰ ਸੀ, ਉੱਥੇ 15 ਹਾਰਸ ਪਾਵਰ ਦੀ ਹੋ ਗਈ ਅਤੇ ਜਿੱਥੇ 15 ਹਾਰਸ ਪਾਵਰ ਦੀ ਸੀ, ਉੱਥੇ 25 ਹਾਰਸ ਪਾਵਰ ਦੀ ਮੋਟਰ ਹੋ

ਗਈ। ਇਸ ਲਈ ਇਸ ਦਾ ਇੱਕ long term solution ਸਾਨੂੰ ਕੱਢਣਾ ਚਾਹੀਦਾ ਹੈ ਤਾਂ ਕਿ ਪੰਜਾਬ ਦਾ ਪਾਣੀ ਅਤੇ ਬਿਜਲੀ ਦੋਵੇਂ ਬਚ ਸਕਣ। ਬਹੁਤ-ਬਹੁਤ ਧੰਨਵਾਦ।

**ਸਥਾਨਕ ਸਰਕਾਰ ਤੇ ਊਰਜਾ ਮੰਤਰੀ (ਸ੍ਰੀ ਸੰਜੀਵ ਅਰੋੜਾ)** : ਰਾਣਾ ਜੀ, ਪਹਿਲਾਂ ਤਾਂ ਤੁਹਾਡਾ ਸ਼ੁਕਰੀਆ ਕਿ ਤੁਸੀਂ ਮੈਨੂੰ ਮਿਹਨਤੀ ਵੀ ਕਿਹਾ ਹੈ ਅਤੇ ਇੰਟੈਲੀਜੈਂਟ ਵੀ ਕਿਹਾ ਹੈ। ਹੁਣ ਮੈਂ ਤੁਹਾਨੂੰ ਸਿਰਫ ਇੱਕ ਸਵਾਲ ਦਾ ਜਵਾਬ ਦਿਆਂਗਾ। ਤੁਸੀਂ ਕਿਹਾ ਕਿ 20,000 ਕਰੋੜ ਰੁਪਏ ਤੋਂ 7000 ਕਰੋੜ ਸਬਸਿਡੀ ਕਿਵੇਂ ਘਟਾ ਦਿੱਤੀ। ਪਹਿਲਾਂ ਤਾਂ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ 20,000 ਕਰੋੜ ਨਹੀਂ, ਇਹ 22,000 ਹਜ਼ਾਰ ਕਰੋੜ ਹੈ। ਦੂਜੀ ਗੱਲ, ਅਸੀਂ ਪੀ.ਐਸ.ਪੀ.ਸੀ.ਐੱਲ. ਦੀ efficiency ਵਧਾ ਰਹੇ ਹਾਂ, ਟਰਾਂਸਮਿਸ਼ਨ ਅਤੇ ਡਿਸਟ੍ਰੀਬਿਊਸ਼ਨ ਦੇ losses ਘਟਾ ਰਹੇ ਹਾਂ। ਆਰ.ਟੀ.ਐਮ. ਵਿੱਚ ਲਈ ਜਾਣ ਵਾਲੀ ਬਿਜਲੀ ਸਸਤੀ ਕਰ ਰਹੇ ਹਾਂ। ਜਿਹੜਾ ਅਸੀਂ ਕੋਲਾ ਲੈਂਦੇ ਹਾਂ, ਅਸੀਂ ਪ੍ਰਾਈਵੇਟ ਪਲਾਂਟਾਂ ਨੂੰ ਵੀ ਆਪਣਾ ਕੋਲਾ ਦੇਣ ਦੀ ਕੋਸ਼ਿਸ਼ ਕਰ ਰਹੇ ਹਾਂ। ਪੁਰਾਣੇ ਥਰਮਲ ਪਲਾਂਟਾਂ ਦੀਆਂ ਮਸ਼ੀਨਾਂ ਦੀ ਐਫੀਸ਼ੈਂਸੀ ਵਧਾ ਕੇ ਬਿਜਲੀ ਸਸਤੀ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਜਿਹੜੀ ਮੈਂ ਸਬਸਿਡੀ ਘਟਾਈ ਹੈ, ਇਹ ਉਸ ਦਾ ਜਵਾਬ ਹੈ। (ਥੰਪਿੰਗ) ਕਿਸੇ ਨੂੰ ਬਿਜਲੀ ਘੱਟ ਦੇ ਕੇ ਨਹੀਂ ਕਰਨੀ ਹੈ। ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਜਿਵੇਂ ਤੁਸੀਂ ਖੇਤਾਂ ਨੂੰ ਬਿਜਲੀ ਦੇਣ ਬਾਰੇ ਕਿਹਾ ਹੈ, ਕਿਸਾਨ ਭਰਾਵਾਂ ਦੇ ਖੇਤਾਂ ਨੂੰ ਵੀ ਬਿਜਲੀ ਜਾਵੇਗੀ, 300 ਯੂਨਿਟ ਪ੍ਰਤੀ ਮਹੀਨਾ ਫਰੀ ਵੀ ਜਾਵੇਗੀ ਅਤੇ ਬਿਜਲੀ ਦਾ ਕੱਟ ਵੀ ਨਹੀਂ ਲੱਗਣ ਦਿੱਤਾ ਜਾਵੇਗਾ। (ਥੰਪਿੰਗ) ਇਹ ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ। ਸ਼ੁਕਰੀਆ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸ੍ਰੀ ਅਮਨ ਅਰੋੜਾ)** : ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬਹੁਤ ਹੀ ਪਵਿੱਤਰ ਦਿਨ 'ਤੇ ਬੋਲਣ ਦਾ ਮੌਕਾ ਦਿੱਤਾ ਹੈ। ਅੱਜ ਦੋ ਅਹਿਮ ਮੁੱਦਿਆਂ ਉੱਤੇ, ਦੋ ਨਹੀਂ ਬਲਕਿ ਤਿੰਨ ਅਹਿਮ ਮੁੱਦਿਆਂ 'ਤੇ ਡਿਸਕਸ਼ਨ ਹੋਈ ਹੈ। ਸਰ, ਅੱਜ ਲੇਬਰ ਡੇਅ ਹੈ ਜੋ ਕਿ ਪੂਰੀ ਦੁਨੀਆ ਵਿੱਚ ਮਨਾਇਆ ਜਾਂਦਾ ਹੈ। ਚਾਹੇ ਇਸ ਤੋਂ ਪਹਿਲਾਂ ਬਹਿਸ ਹੋ ਚੁੱਕੀ ਹੈ, ਪਰ ਮੈਂ ਮੰਨ ਕੇ ਚੱਲਦਾ ਹਾਂ ਕਿ ਅੱਜ ਦਾ ਪਵਿੱਤਰ ਦਿਨ ਹੈ, ਇਸ ਦਿਨ ਦੋਵੇਂ ਮਤੇ ਚਾਹੇ ਕਿਰਤੀ, ਕਾਮੇ ਵੀਰਾਂ ਦਾ ਹੋਵੇ ਜਾਂ ਮੁੱਖ ਮੰਤਰੀ ਜੀ ਵੱਲੋਂ ਡੈਮੋਕਰੇਸੀ ਨੂੰ ਬਚਾਉਣ ਦਾ ਮਤਾ ਲਿਆਂਦਾ ਗਿਆ ਹੈ, ਇਹ ਸਿੱਧੇ ਤੌਰ 'ਤੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਨਾਲ ਜੁੜਿਆ ਹੋਇਆ ਹੈ। ਸਰ, ਉਨ੍ਹਾਂ ਨੇ ਕਿਹਾ ਸੀ ਕਿ the progress of any nation and its democracy is measured not just by the wealth of its elite but by the dignity with which it treats its workers. ਮਤਲਬ ਕਿ ਦੇਸ਼ ਦੀ ਤਰੱਕੀ ਅਮੀਰਾਂ ਨਾਲ ਨਹੀਂ ਮਾਪੀ ਜਾਂਦੀ, ਸਗੋਂ ਜਿਸ ਆਤਮ ਸਨਮਾਨ ਨਾਲ ਉਥੋਂ ਦੇ ਕਿਰਤੀ ਕਾਮੇ ਕੰਮ ਕਰਦੇ ਹਨ, ਉਸ ਨਾਲ ਉਸ ਦੇਸ਼ ਦੀ ਡੈਮੋਕਰੇਸੀ ਮਾਪੀ ਜਾਂਦੀ ਹੈ। ਸਰ, ਇਸ ਤੋਂ ਪਹਿਲਾਂ ਜਿਹੜਾ ਮਤਾ ਆਇਆ ਸੀ, ਮੈਂ ਉਦੋਂ ਵੀ ਬੋਲਣਾ ਚਾਹੁੰਦਾ ਸੀ ਪਰ ਮੌਕਾ ਨਹੀਂ ਮਿਲਿਆ ਸੀ। ਮੈਂ ਆਪਣੇ ਦਿਲ ਦੇ ਵਲਵਲੇ ਰੋਕ ਨਹੀਂ ਸਕਦਾ ਹਾਂ। ਅੱਜ ਜਦੋਂ ਆਪਾਂ ਇਸ ਪਵਿੱਤਰ ਦਿਵਸ ਦੀ ਗੱਲ ਕਰਦੇ ਹਾਂ ਤਾਂ ਮੈਂ ਸਮਝਦਾ ਹਾਂ ਕਿ ਜਿਹੜੇ ਕਿਰਤੀ ਕਾਮੇ ਭਰਾ ਹਨ, ਉਨ੍ਹਾਂ ਬਾਰੇ ਅੰਬੇਦਕਰ ਸਾਹਿਬ ਨੇ ਹੀ ਸੋਚਿਆ ਸੀ, ਜਦੋਂ 1942 ਤੋਂ 1946 ਤੱਕ Viceroy Executive Council ਦੇ ਲੇਬਰ ਮਨਿਸਟਰ ਸਨ, ਜਿਨ੍ਹਾਂ ਨੇ 8-10 ਕਾਨੂੰਨ ਐਸੇ ਬਣਾਏ ਸਨ। ਚਾਹੇ ਗੱਲ ਕਰੀਏ 8 ਘੰਟੇ ਕੰਮ ਕਰਨ ਦੀ, ਜਿਹੜੀ ਕਿ ਪਹਿਲਾਂ 14-15 ਘੰਟੇ ਚੱਲਦਾ ਸੀ, ਚਾਹੇ ESI (Employees State Insurance) ਦੀ ਗੱਲ ਕਰੀਏ, ਚਾਹੇ Mines Maternity Benefit, ਪ੍ਰੈਗਨੈਂਟ ਲੇਡੀਜ਼ ਦੀ ਸੇਫਟੀ ਦੀ ਗੱਲ ਕਰ ਲਈਏ, ਚਾਹੇ ਮਿਨੀਮਮ ਵੇਜਿਜ਼ ਦੀ ਗੱਲ ਕਰੀਏ, ਚਾਹੇ tripartite mechanism, ਜਿਸ ਵਿੱਚ ਸਰਕਾਰ

ਅਤੇ ਮੁਲਾਜ਼ਮ ਦੇ ਡਿਸਪਿਊਟਜ਼ ਦੇ ਹੱਲ ਦੀ ਗੱਲ ਕਰ ਲਈਏ, ਇਹ ਸਾਰੇ ਦੇ ਸਾਰੇ ਕਾਨੂੰਨ ਅੰਬੇਦਕਰ ਸਾਹਿਬ ਲਿਆਏ ਸਨ। ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ ਅੱਜ ਦੇ ਦਿਨ ਸਿਜਦਾ ਕਰਨਾ ਬਣਦਾ ਹੈ। ਉਹ ਵੀ ਉਸੇ ਫਿਲਾਸਫੀ 'ਤੇ ਚੱਲੇ ਸਨ ਜਿਵੇਂ ਸ੍ਰੀ ਗੁਰੂ ਨਾਨਕ ਜੀ ਨੇ ਕਿਹਾ ਸੀ "ਕਿਰਤ ਕਰੋ, ਨਾਮ ਜਪੋ, ਵੰਡ ਛਕੋ"। ਮੇਰੇ ਤੋਂ ਪਹਿਲਾਂ ਸਾਰੇ ਸਤਿਕਾਰਯੋਗ ਸਾਥੀਆਂ ਨੇ ਗੱਲ ਕੀਤੀ ਹੈ, ਕਿਸੇ ਨੇ ਗੱਲ ਕੀਤੀ ਹੈ ਕਿ ਜੇਕਰ ਸਾਡੇ ਲੇਬਰ, ਕਿਰਤੀ ਕਾਮੇ ਵੀਰ ਨਾ ਹੁੰਦੇ ਤਾਂ ਨਾ ਟੇਬਲ ਹੁੰਦਾ, ਨਾ ਕੁਰਸੀ ਹੁੰਦੀ। ਕਿਸੇ ਨੇ ਕਿਹਾ ਕਿ ਸੂਈ ਤੋਂ ਜਹਾਜ਼ ਤੱਕ ਉਨ੍ਹਾਂ ਤੋਂ ਬਿਨਾ ਨਹੀਂ ਬਣ ਸਕਦਾ। ਕਿਸੇ ਮੇਰੇ ਵੀਰ ਨੇ ਕਿਹਾ ਕਿ ਉਨ੍ਹਾਂ ਤੋਂ ਬਿਨਾ ਤੂੜੀ ਵੀ ਨਹੀਂ ਬਣ ਸਕਦੀ। ਇਹ ਤਾਂ ਉਹ ਚੀਜ਼ਾਂ ਹਨ, ਜਿਹੜੀਆਂ ਕਿ ਉਨ੍ਹਾਂ ਦੇ ਹੱਥੀਂ ਬਣਦੀਆਂ ਹਨ। ਮੈਂ ਜੇਕਰ ਆਪਣੀ ਗੱਲ ਕਰਾਂ ਤਾਂ ਅੱਜ ਅਮਨ ਅਰੋੜਾ ਜੋ ਵੀ ਸਿਆਸੀ ਤੌਰ ਤੇ ਹੈ ਤਾਂ ਇਹ ਮੇਰੇ ਹਲਕੇ ਦੇ ਕਿਰਤੀ ਕਾਮੇ ਗਰੀਬ ਮਜ਼ਦੂਰ ਲੋਕਾਂ ਦੀ ਬਹੁਤ ਵੱਡੀ ਦੇਣ ਹੈ। ਮੈਨੂੰ ਇੱਥੇ ਤੱਕ ਪਹੁੰਚਾਉਣ ਵਿੱਚ ਉਨ੍ਹਾਂ ਦੀ ਬਹੁਤ ਵੱਡੀ ਦਾਤ ਹੈ। ਇਸ ਵਿੱਚ ਕੋਈ ਦੋ ਰਾਇ ਨਹੀਂ ਕਿ ਸਾਡੀ ਪਾਰਟੀ ਦੀ ਨੈਸ਼ਨਲ ਲੀਡਰਸ਼ਿਪ, ਸ੍ਰੀ ਅਰਵਿੰਦ ਕੇਜਰੀਵਾਲ ਜੀ, ਮਾਨ ਸਾਹਿਬ ਅਤੇ ਸਾਰੇ ਹਲਕੇ ਨੇ ਮੇਰਾ ਸਾਥ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਆਪਣੇ ਦਿਲ ਦੀ ਗੱਲ ਤੁਹਾਡੇ ਨਾਲ ਸਾਂਝੀ ਕਰਨ ਲੱਗਾ ਹਾਂ। ਮੇਰੇ ਲਈ ਇਹ ਬੜਾ ਭਾਵੁਕ ਮੌਕਾ ਸੀ ਅਤੇ ਬਹੁਮੁੱਲਾ ਸਮਾਂ ਸੀ। ਸਰ, ਮੈਂ ਇਸ ਕਰਕੇ ਕਹਿ ਰਿਹਾ ਹਾਂ ਕਿ ਮੇਰੇ ਹਲਕੇ ਦੇ ਕਿਰਤੀ ਕਾਮਿਆਂ ਦੀ ਮਿਹਨਤ ਕਰਕੇ, ਉਨ੍ਹਾਂ ਦੇ ਆਸ਼ੀਰਵਾਦ ਕਰਕੇ ਮੈਂ ਇੱਥੇ ਤੱਕ ਪਹੁੰਚਿਆ ਹਾਂ। ਸਾਲ 2017 ਵਿੱਚ ਜਦੋਂ ਆਪਾਂ ਸਾਰੇ ਪਹਿਲੀ ਵਾਰੀ ਐਮ.ਐਲ.ਏ. ਬਣੇ ਸੀ, ਉਦੋਂ ਤੋਂ ਮੈਂ ਆਪਣੇ ਘਰ, ਆਪਣੇ ਦਫ਼ਤਰ ਵਿੱਚ ਸੇਵਾ ਕੇਂਦਰ ਚਲਾਉਂਦਾ ਹਾਂ ਜਿੱਥੇ ਆਮ ਲੋਕਾਂ ਦੇ ਕੰਮ ਹੁੰਦੇ ਹਨ, ਚਾਹੇ ਕਿਸੇ ਦਾ ਪੈਨਸ਼ਨ ਦਾ ਕੰਮ ਹੋਵੇ, ਲੇਬਰ ਕਾਰਡ ਜਾਂ ਹੈਲਥ ਕਾਰਡ ਬਣਾਉਣਾ ਹੋਵੇ, ਉੱਥੇ ਲੋਕਾਂ ਦੇ ਕੰਮ ਕੀਤੇ ਜਾਂਦੇ ਹਨ। ਮੈਂ ਸਾਲ 2022 ਦੀ ਇਲੈਕਸ਼ਨ ਤੋਂ ਪਹਿਲਾਂ campaign 'ਤੇ ਨਿਕਲਿਆ ਸੀ ਤਾਂ ਮੇਰੇ ਹਲਕੇ ਦੇ ਇੱਕ ਪਿੰਡ ਸ਼ਾਹਪੁਰ ਕਲਾਂ ਦੀ ਗੱਲ ਹੈ। ਸਰ, ਮੈਂ ਇਹ ਗੱਲ ਅੱਜ ਕਰ ਰਿਹਾ ਹਾਂ ਕਿਉਂਕਿ ਤੁਸੀਂ ਮੈਨੂੰ ਮੌਕਾ ਦਿੱਤਾ ਹੈ। ਜੇਕਰ ਮੈਨੂੰ ਤੁਸੀਂ ਮੌਕਾ ਨਾ ਦਿੱਤਾ ਹੁੰਦਾ ਤਾਂ ਸ਼ਾਇਦ ਮੈਂ ਇਹ ਗੱਲ ਨਾ ਕਰਦਾ ਪਰ ਉਹ ਮੇਰੇ ਲਈ ਜ਼ਿੰਦਗੀ ਦਾ ਇੰਨਾ ਬਹੁਮੁੱਲਾ ਤਜਰਬਾ ਸੀ, ਜਿਹੜਾ ਮੈਂ ਤੁਹਾਡੇ ਨਾਲ ਸ਼ੇਅਰ ਕਰਨਾ ਚਾਹਾਂਗਾ। ਮੇਰੇ ਹਲਕੇ ਦਾ ਇੱਕ ਪਿੰਡ ਸ਼ਾਹਪੁਰ ਕਲਾਂ ਹੈ, ਮੈਂ ਉੱਥੇ ਗਿਆ ਤਾਂ ਉੱਥੇ ਲੇਬਰ ਵਾਲੀਆਂ, ਨਰੇਗਾ ਵਾਲੀਆਂ ਮਾਈਆਂ ਕੰਮ ਲੱਗੀਆਂ ਹੋਈਆਂ ਸੀ। ਉਨ੍ਹਾਂ ਨੇ ਮੇਰੀ ਗੱਡੀ ਨੂੰ ਦੇਖ ਕੇ ਹੱਥ ਦਿੱਤਾ ਤੇ ਮੇਰੀ ਗੱਡੀ ਰੋਕ ਲਈ। ਮੈਂ ਰੁਕ ਗਿਆ ਤੇ ਮੈਂ ਬੇਬੇ ਦੇ ਗੋਡੇ ਹੱਥ ਲਗਾ ਦਿੱਤੇ ਤੇ ਮੈਂ ਕਿਹਾ, 'ਹਾਂ ਜੀ ਬੇਬੇ?' ਉਨ੍ਹਾਂ ਮਾਈਆਂ ਨੇ ਕਿਸੇ ਨੇ ਮੇਰਾ ਸਿਰ ਪਲੋਸ ਦਿੱਤਾ, ਕਿਸੇ ਨੇ ਆਸ਼ੀਰਵਾਦ ਦਿੱਤਾ ਤੇ ਇੱਕ ਬੇਬੇ ਨੇ ਮੈਨੂੰ ਘੁੱਟ ਕੇ ਜੱਫੀ ਪਾ ਲਈ, ਸਿਰ ਪਲੋਸਿਆ, ਆਸ਼ੀਰਵਾਦ ਦਿੱਤਾ ਤੇ ਆਪਣੇ ਗਿੱਝੇ ਵਿੱਚੋਂ ਮੈਨੂੰ ਇਹ 100 ਰੁਪਏ ਦਾ ਨੋਟ (ਨੋਟ ਦਿਖਾਉਂਦੇ ਹੋਏ) ਕੱਢ ਕੇ ਦੇ ਦਿੱਤਾ। ਮੈਂ ਕਿਹਾ, 'ਬੇਬੇ ਇਹ ਕਾਹਦਾ?' ਤਾਂ ਉਹ ਕਹਿੰਦੀ ਕਿ ਪੁੱਤ ਮੈਂ ਅੱਠ-ਨੌ ਵਾਰੀ ਆਪਣੀ ਪੈਨਸ਼ਨ ਦੇ ਫਾਰਮ ਭਰੇ ਸੀ, ਨਾ ਅਕਾਲੀਆਂ ਨੇ ਪੈਨਸ਼ਨ ਲਵਾਈ, ਨਾ ਕਾਂਗਰਸੀਆਂ ਨੇ ਪੈਨਸ਼ਨ ਲਵਾਈ, ਤੇਰੇ ਦਫ਼ਤਰ ਗਈ ਸੀ, ਉੱਥੇ ਮੇਰੀ ਪੈਨਸ਼ਨ ਲੱਗੀ ਹੈ। ਪਹਿਲੀ ਪੈਨਸ਼ਨ ਵਿੱਚੋਂ ਮੈਂ 100 ਰੁਪਏ ਤੇਰੇ ਸ਼ਗਨ ਵਾਸਤੇ ਰੱਖੇ ਸੀ ਕਿ ਜਿਸ ਦਿਨ ਮੈਨੂੰ ਅਮਨ ਮਿਲੇਗਾ ਤਾਂ ਮੈਂ ਉਸ ਨੂੰ ਦਿਆਂਗੀ। ਸਰ, ਇਹ ਸੁਣ ਕੇ ਮੇਰੀਆਂ ਅੱਖਾਂ ਭਰ ਆਈਆਂ। ਇਲੈਕਸ਼ਨਾਂ ਦੌਰਾਨ ਇਲੈਕਸ਼ਨ ਫੰਡ ਵਿੱਚ ਬਥੇਰੇ ਪੈਸੇ ਆਏ, ਬਥੇਰੇ ਪੈਸੇ ਗਏ, ਬਿਜ਼ਨਸ ਵਿੱਚ ਵੀ ਬਥੇਰੇ ਪੈਸੇ ਆਉਂਦੇ ਹਨ ਤੇ ਬਥੇਰੇ ਲੱਗਦੇ ਹਨ ਪਰ ਆਹ ਸੌ ਦਾ ਨੋਟ ਮੇਰੇ ਲਈ ਅਰਬਾਂ-ਖਰਬਾਂ ਦੇ ਬਰਾਬਰ ਹੈ ਕਿਉਂਕਿ ਇਹ ਉਸ ਮਾਈ ਦੀ ਮਿਹਨਤ ਦੀ ਕਮਾਈ ਵਿੱਚੋਂ ਹੈ। ਕਈ ਵਾਰੀ ਸਾਰੇ ਮੈਨੂੰ ਕ੍ਰੈਡਿਟ ਦੇ ਦਿੰਦੇ ਹਨ ਕਿ ਅਮਨ 75 ਹਜ਼ਾਰ ਪਲੱਸ ਲੀਡ 'ਤੇ ਜਿੱਤ ਗਿਆ ਹੈ। ਉਹ ਮੈਂ ਨਹੀਂ

ਜਿੱਤਿਆ ਸੀ, ਇਹ ਸਾਡੀ ਮਾਈ ਦੇ ਪਸੀਨੇ ਨਾਲ ਕੀਤੀ ਗਈ ਕਮਾਈ ਤੇ ਉਸ ਦਾ ਦਿੱਤਾ ਆਸ਼ੀਰਵਾਦ ਸੀ। ਇਸ ਕਰਕੇ ਮੈਂ ਉਨ੍ਹਾਂ ਮਾਈਆਂ, ਗਰੀਬ ਲੋਕਾਂ ਨੂੰ, ਕਿਰਤੀ ਕਾਮਿਆਂ ਨੂੰ ਸਿਜਦਾ ਕਰਦਾ ਹਾਂ।

ਦੂਜਾ, ਅੱਜ ਡੈਮੋਕ੍ਰੇਸੀ ਬਚਾਉਣ ਦੀ ਗੱਲ ਹੈ। ਸਰ, ਸੀ.ਐਮ. ਸਾਹਿਬ ਨੇ ਇੱਕ ਬਹੁਤ ਇੰਪਾਰਟੈਂਟ ਰੈਜ਼ੋਲਿਊਸ਼ਨ ਰੱਖਿਆ ਹੈ ਔਰ ਇਹ ਰੈਜ਼ੋਲਿਊਸ਼ਨ ਕਾਂਫੀਡੈਂਸ ਮੋਸ਼ਨ ਦਾ ਹੈ। ਸਹੀ ਮਾਅਨਿਆਂ ਵਿੱਚ ਇਸ ਕਾਂਫੀਡੈਂਸ ਮੋਸ਼ਨ ਦੀ ਕੋਈ ਲੋੜ ਨਹੀਂ ਸੀ। ਇਹ ਸਾਨੂੰ ਵੀ ਪਤਾ ਹੈ ਅਤੇ ਸਾਰੇ ਪੰਜਾਬ ਨੂੰ ਵੀ ਪਤਾ ਹੈ। ਇਸ ਦੀ ਲੋੜ ਕਿਉਂ ਨਹੀਂ ਸੀ ਕਿਉਂਕਿ ਆਮ ਆਦਮੀ ਪਾਰਟੀ ਦੀ, ਸ਼੍ਰੀ ਅਰਵਿੰਦ ਕੇਜਰੀਵਾਲ ਜੀ ਦੀ ਰਹਿਨੁਮਾਈ ਵਿੱਚ, ਪੰਜਾਬ ਵਿੱਚ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਰਹਿਨੁਮਾਈ ਵਿੱਚ, ਇਨ੍ਹਾਂ ਦੀ ਸੀ.ਐਮ.ਸ਼ਿਪ ਵਿੱਚ, ਸਰਕਾਰ ਨੇ ਜੋ ਪਿਛਲੇ ਚਾਰ ਸਾਲਾਂ ਵਿੱਚ ਕੰਮ ਕੀਤੇ ਹਨ, ਉਨ੍ਹਾਂ ਦਾ ਪੂਰੇ ਦਾ ਪੂਰਾ ਪਰਿਵਾਰ ਅਤੇ ਉਨ੍ਹਾਂ ਦਾ ਪੂਰੇ ਦਾ ਪੂਰਾ ਕੁਨਬਾ ਇੱਕਮੁੱਠ ਹੋ ਕੇ ਖੜ੍ਹਾ ਹੈ ਔਰ ਇਕੱਲੇ ਅਸੀਂ 93 ਮੈਂਬਰ ਹੀ ਨਹੀਂ ਜੋ ਸੀ.ਐਮ. ਸਾਹਿਬ ਦੇ ਨਾਲ ਖੜ੍ਹੇ ਹਾਂ ਜਾਂ ਅਰਵਿੰਦ ਕੇਜਰੀਵਾਲ ਜੀ ਦੇ ਨਾਲ ਖੜ੍ਹੇ ਹਾਂ, ਬਲਕਿ ਅੱਜ ਪੂਰਾ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਸਰਕਾਰ ਦੇ ਕੰਮਾਂ ਦੇ ਨਾਲ ਖੜ੍ਹਾ ਹੈ। (ਥੰਪਿੰਗ) ਇਹ ਕਾਂਫੀਡੈਂਸ ਮੋਸ਼ਨ ਅੱਜ ਇਸ ਕਰਕੇ ਲਿਆਉਣ ਦੀ ਲੋੜ ਪਈ ਕਿ ਆਹ ਜਿਹੜੇ ਮੇਰੇ ਸਾਥੀ ਭਾਵੇਂ ਕੋਈ ਸ਼੍ਰੋਮਣੀ ਅਕਾਲੀ ਦਲ ਵਾਲੇ ਹਨ, ਭਾਵੇਂ ਕੋਈ ਭਾਜਪਾ ਵਾਲੇ ਹਨ ਜਾਂ ਕਾਂਗਰਸ ਵਾਲੇ ਹਨ, ਬੜੇ ਦਿਨਾਂ ਤੋਂ ਇਨ੍ਹਾਂ ਨੇ ਕਾਵਾਂ-ਰੌਲੀਂ ਪਾਈ ਹੋਈ ਸੀ ਕਿ ਇੰਨੇ ਐਮ.ਐਲ.ਏ. ਸਾਡੇ ਸੰਪਰਕ ਵਿੱਚ ਹਨ, ਕੋਈ ਕਹਿੰਦਾ ਹੈ ਕਿ 63 ਐਮ.ਐਲ.ਏ. ਮੇਰੇ ਸੰਪਰਕ ਵਿੱਚ ਹਨ ਅਤੇ ਕੋਈ ਕਹਿੰਦਾ ਹੈ ਕਿ 40 ਐਮ.ਐਲ.ਏ. ਮੇਰੇ ਸੰਪਰਕ ਵਿੱਚ ਹਨ। ਇਨ੍ਹਾਂ ਦੇ ਆਪਣੇ ਬੰਦੇ ਹੀ ਸੰਪਰਕ ਵਿੱਚ ਨਹੀਂ ਰਹਿੰਦੇ ਹਨ। ਇਹ ਕਾਂਫੀਡੈਂਸ ਮੋਸ਼ਨ ਸਿਰਫ ਤੇ ਸਿਰਫ ਅੱਜ ਇਨ੍ਹਾਂ ਲੋਕਾਂ ਦੇ ਮੂੰਹ ਬੰਦ ਕਰਵਾਉਣ ਲਈ ਲਿਆਉਣ ਦੀ ਲੋੜ ਪਈ ਹੈ ਔਰ ਤੁਸੀਂ ਕਮਾਲ ਦੀ ਗੱਲ ਤਾਂ ਇਹ ਦੇਖੋ ਕਿ ਜਦੋਂ ਤੱਕ ਇਹ ਡਿਸਾਈਡ ਨਹੀਂ ਕੀਤਾ ਗਿਆ ਸੀ ਕਿ ਅਸੀਂ ਸੈਸ਼ਨ ਬੁਲਾ ਰਹੇ ਹਾਂ ਔਰ ਕਾਂਫੀਡੈਂਸ ਮੋਸ਼ਨ ਲਿਆ ਰਹੇ ਹਾਂ, ਉਦੋਂ ਤੱਕ ਤਾਂ ਕਹਿੰਦੇ ਸੀ ਕਿ ਬੜੇ ਮੈਂਬਰ ਸਾਡੇ ਸੰਪਰਕ ਵਿੱਚ ਹਨ ਤੇ ਹੁਣ ਕਹਿੰਦੇ ਹਨ ਕਿ ਕੀ ਲੋੜ ਸੀ, ਸਰਕਾਰ ਤਾਂ ਚੱਲ ਹੀ ਰਹੀ ਹੈ। ਸੋ, ਇਨ੍ਹਾਂ ਦੇ ਡਬਲ ਸਟੈਂਡਰਡਜ਼ ਹਨ ਤੇ ਜਿਹੜਾ ਪੁੱਟ-ਪੁਟਾਈ ਵਾਲਾ ਕੰਮ ਹੈ ਕਿ ਐਮ.ਐਲ.ਏ. ਪੁੱਟ ਲਓ, ਐਮ.ਪੀ. ਪੁੱਟ ਲਓ, ਇਹ ਕਾਂਗਰਸ ਵਾਲਿਆਂ ਦੀ ਹੀ ਦੇਣ ਹੈ। ਤੁਹਾਨੂੰ ਯਾਦ ਹੋਵੇਗਾ ਕਿ ਸਾਲ 1967 ਵਿੱਚ ਕਾਂਗਰਸ ਦਾ ਇੱਕ ਐਮ.ਐਲ.ਏ. ਗਯਾ ਲਾਲ ਸੀ, ਬਾਅਦ ਵਿੱਚ ਉਸ ਦਾ ਨਾਂ ਗਿਆ ਰਾਮ ਪੈ ਗਿਆ ਸੀ। ਹਰਿਆਣਾ ਵਿੱਚ ਸਾਲ 1967 ਵਿੱਚ ਉਹ ਇੱਕ ਦਿਨ ਵਿੱਚ ਤਿੰਨ ਪਾਰਟੀਆਂ ਬਦਲ ਗਿਆ ਸੀ। ਉਦੋਂ ਗੱਲ ਚਲੀ ਸੀ ਕਿ ਆਇਆ ਰਾਮ, ਗਿਆ ਰਾਮ। ਇਹੋ ਜਿਹੀਆਂ ਮਾੜੀਆਂ ਹਰਕਤਾਂ ਇਨ੍ਹਾਂ ਦੇ ਲੋਕਾਂ ਦੀਆਂ ਪਾਈਆਂ ਹੋਈਆਂ ਹਨ। ਦੂਜੇ ਪਾਸੇ ਬੀ.ਜੇ.ਪੀ. ਵਾਲਿਆਂ ਦੀ ਗੱਲ ਕਰ ਲਈਏ। ਮੈਂ ਸਵੇਰੇ ਪੇਪਰ ਵਿੱਚ ਪੜ੍ਹਿਆ ਤੇ ਟੀ.ਵੀ. ਤੇ ਵੀ ਦੇਖਿਆ ਕਿ ਬੀ.ਜੇ.ਪੀ. ਵਾਲੇ ਆਪਣੇ ਦਫ਼ਤਰ ਵਿੱਚ ਅੱਜ ਮੌਕ ਸੈਸ਼ਨ ਲਗਾ ਰਹੇ ਹਨ ਤੇ ਉੱਥੇ ਵਿਧਾਨ ਸਭਾ ਚਲਾਉਣਗੇ। ਸਰ, ਮੈਨੂੰ ਹੈਰਾਨੀ ਵੀ ਹੋਈ, ਪਰੇਸ਼ਾਨੀ ਵੀ ਹੋਈ ਔਰ ਸੀ.ਐਮ. ਸਾਹਿਬ ਮੈਨੂੰ ਹਾਸਾ ਵੀ ਆਇਆ। ਉਹ ਕਿਉਂ? ਹਾਸਾ ਇਸ ਕਰਕੇ ਆਇਆ ਕਿਉਂਕਿ ਮੌਕ ਸੈਸ਼ਨ ਚਲਾਉਣ ਲਈ ਵੀ ਘੱਟੋ-ਘੱਟ ਤਿੰਨ ਬੰਦੇ ਤਾਂ ਜ਼ਰੂਰ ਚਾਹੀਦੇ ਹਨ। ਇੱਕ ਸਪੀਕਰ ਬਣ ਜਾਵੇ, ਦੂਜਾ ਸਰਕਾਰ ਤੇ ਤੀਜਾ ਵਿਰੋਧੀ ਧਿਰ ਬਣ ਜਾਵੇ ਪਰ ਪੱਟੂ ਤੁਹਾਡੇ ਕੋਲ ਤਾਂ ਮੈਂਬਰ ਹੀ ਦੋ ਹਨ, ਤਿੰਨ ਮੈਂਬਰ ਕਿਵੇਂ ਲਿਆਓਗੇ? ਸੋ, ਮੇਰੇ ਕਹਿਣ ਦਾ ਮਤਲਬ ਹੈ ਕਿ ਇਹ ਡਰਾਮੇਬਾਜ਼ੀਆਂ ਹਨ। ਇਹ ਆਪਟਿਕਸ ਹਨ। ਇਹ ਸਿਰਫ ਤੇ ਸਿਰਫ ਲੋਕਾਂ ਨੂੰ ਗੁੰਮਰਾਹ ਕਰਨ ਅਤੇ ਲੋਕਾਂ ਨੂੰ ਬੇਵਕੂਫ ਬਣਾਉਣ ਦੀਆਂ ਗੱਲਾਂ ਹਨ। ਇਹ ਦੋਨੋਂ ਗੱਲਾਂ ਇਸ ਕਰਕੇ ਜ਼ਰੂਰੀ ਨਹੀਂ ਕਿਉਂਕਿ ਅੱਜ ਜਿੱਥੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਸਾਹਿਬ ਦੇ ਅਸੂਲਾਂ ਅਤੇ ਕਾਨੂੰਨਾਂ 'ਤੇ ਚੱਲਣ ਦੀ ਲੋੜ ਹੈ, ਜਿਸ ਵਿੱਚ ਕਿਰਤੀਆਂ-ਕਾਮਿਆਂ ਨੂੰ ਮਾਣ-

ਸਨਮਾਨ ਦੇ ਨਾਲ ਜਿਊਣ ਦਾ ਮੌਕਾ ਦਿੱਤਾ ਸੀ, ਉਥੇ ਇਸ ਗੱਲ ਦੀ ਵੀ ਜ਼ਰੂਰਤ ਹੈ ਕਿ ਜਿਹੜਾ ਸਾਡੇ ਦੇਸ਼ ਦਾ ਸੰਵਿਧਾਨ ਹੈ, ਉਸ ਉੱਤੇ ਗੱਜ-ਵੱਜ ਕੇ ਪਹਿਰਾ ਦਿੱਤਾ ਜਾਵੇ ਔਰ ਮੈਂ ਸਮਝਦਾ ਹਾਂ ਕਿ ਅੱਜ ਸਮੁੱਚੇ ਪੰਜਾਬ ਨੂੰ ਸਾਰਾ ਚਾਨਣ ਹੋ ਜਾਣਾ ਹੈ ਕਿਉਂਕਿ ਜਿਹੜੀਆਂ ਇਨ੍ਹਾਂ ਦੀਆਂ ਡਰਾਮੇਬਾਜ਼ੀਆਂ ਚੱਲਦੀਆਂ ਹਨ, ਉਨ੍ਹਾਂ ਨੂੰ ਲੋਕਾਂ ਨੇ ਮੂੰਹ ਨਹੀਂ ਲਗਾਉਣਾ ਹੈ। ਮੈਂ, ਫਿਰ ਭਗਵੰਤ ਮਾਨ ਸਰਕਾਰ ਦਾ ਹਿੱਸਾ ਹੋਣ ਦੇ ਨਾਤੇ, ਕੈਬਨਿਟ ਦਾ ਹਿੱਸਾ ਹੋਣ ਦੇ ਨਾਤੇ ਅਤੇ ਆਮ ਆਦਮੀ ਪਾਰਟੀ, ਪੰਜਾਬ ਦਾ ਪ੍ਰਧਾਨ ਹੋਣ ਦੇ ਨਾਤੇ, ਬੜਾ ਕਲੀਅਰ ਕਰ ਦਿੰਦਾ ਹਾਂ ਕਿ ਅੱਜ ਪੂਰੀ ਦੀ ਪੂਰੀ ਪਾਰਟੀ ਅਤੇ ਪੂਰੀ ਦੀ ਪੂਰੀ ਸਰਕਾਰ ਔਰ ਪੰਜਾਬ ਦੇ ਤਿੰਨ ਕਰੋੜ ਲੋਕ, ਉਹ ਆਮ ਆਦਮੀ ਪਾਰਟੀ ਅਤੇ ਭਗਵੰਤ ਸਿੰਘ ਮਾਨ ਕਰਕੇ ਨਹੀਂ ਬਲਕਿ ਆਮ ਆਦਮੀ ਪਾਰਟੀ ਵੱਲੋਂ ਕੀਤੇ ਗਏ ਕੰਮਾਂ ਕਰਕੇ ਇਨ੍ਹਾਂ ਨਾਲ ਹਨ ਕਿਉਂਕਿ ਇਨ੍ਹਾਂ ਵੱਲੋਂ ਕੀਤੇ ਕੰਮ ਅੱਜ ਤੱਕ 70 ਸਾਲਾਂ ਵਿੱਚ ਕਿਸੇ ਪਾਰਟੀ ਜਾਂ ਸਰਕਾਰ ਨੇ ਨਹੀਂ ਕੀਤੇ ਹਨ, ਜਦੋਂ ਕਿ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਸਿਰਫ ਚਾਰ ਸਾਲਾਂ ਵਿੱਚ ਕਰਕੇ ਵਿਖਾ ਦਿੱਤੇ ਹਨ। ਤੁਹਾਡਾ ਬਹੁਤ-ਬਹੁਤ ਧੰਨਵਾਦ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਲੋਕਾਂ ਨੇ ਇਨ੍ਹਾਂ ਨੂੰ ਆਉਣ ਵਾਲੇ ਸਮੇਂ ਵਿੱਚ ਮੂੰਹ-ਤੋੜਵਾਂ ਜਵਾਬ ਦੇਣਾ ਹੈ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਹਾਂ ਜੀ, ਮਾਣਯੋਗ ਮੁੱਖ ਮੰਤਰੀ ਸਾਹਿਬ।

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ):** ਬਹੁਤ-ਬਹੁਤ ਧੰਨਵਾਦ ਸਪੀਕਰ ਸਾਹਿਬ। ਸਾਰਿਆਂ ਨੇ ਆਪਣੇ-ਆਪਣੇ ਪੱਖ ਰੱਖੇ ਹਨ ਅਤੇ ਸਾਰਿਆਂ ਨੇ ਆਪਣਾ-ਆਪਣਾ ਵਿਸ਼ਵਾਸ ਸਰਕਾਰ ਵਿੱਚ ਜਤਾਇਆ ਹੈ ਅਤੇ ਲੋਕਾਂ ਨੇ ਇਨ੍ਹਾਂ ਵਿੱਚ ਵਿਸ਼ਵਾਸ ਜਤਾਇਆ ਹੈ। ਸੋ, ਬੜਾ ਕਰੂਸ਼ਲ ਟਾਈਮ ਹੈ। ਜਿਵੇਂ ਅਮਨ ਜੀ ਕਹਿ ਰਹੇ ਸਨ ਕਿ ਬਾਬਾ ਸਾਹਿਬ ਭੀਮ ਰਾਓ ਅੰਬਦੇਕਰ ਜੀ ਦਾ ਲਿਖਿਆ ਸੰਵਿਧਾਨ ਅੱਜ ਦੇਸ਼ ਵਿੱਚ ਤਾਰ-ਤਾਰ ਹੋ ਰਿਹਾ ਹੈ, ਜਗ੍ਹਾ-ਜਗ੍ਹਾ ਲੋਕਤੰਤਰ ਦੀ ਹੱਤਿਆ ਹੋ ਰਹੀ ਹੈ। ਕਿਤੇ ਵੋਟਾਂ ਕੱਟੀਆਂ ਜਾ ਰਹੀਆਂ ਹਨ, ਕਿਤੇ ਜਾਅਲੀ ਵੋਟਾਂ ਬਣਾਈਆਂ ਜਾ ਰਹੀਆਂ ਹਨ। ਕਿਤੇ ਕਿਸੇ ਤਰੀਕੇ ਨਾਲ ਅਤੇ ਕਿਤੇ ਈ.ਡੀ. ਦੇ ਛਾਪੇ ਕਰਵਾਏ ਜਾ ਰਹੇ ਹਨ। ਕਿਸੇ ਨੂੰ ਡਰਾ ਕੇ, ਕਿਸੇ ਨੂੰ ਲਲਚਾ ਕੇ ਸੰਵਿਧਾਨ ਦੀ ਹੱਤਿਆ ਕੀਤੀ ਜਾ ਰਹੀ ਹੈ। ਸਪੀਕਰ ਸਾਹਿਬ, ਤੁਰਕੀ ਵਿੱਚ ਰਿਸੈਂਟਲੀ ਇੱਕ ਰੈਵੋਲਿਊਸ਼ਨ ਆਇਆ, ਉਹ ਬੰਦਾ ਬਿਲਕੁਲ ਸਾਡੇ ਜਿਹੜੇ ਸਾਹਿਬ ਹਨ, ਮੋਦੀ ਸਾਹਿਬ, ਉਨ੍ਹਾਂ ਦੇ ਨਕਸ਼ੇ-ਕਦਮ 'ਤੇ ਚੱਲ ਰਿਹਾ ਸੀ ਜਾਂ ਮੋਦੀ ਸਾਹਿਬ ਉਨ੍ਹਾਂ ਦੇ ਨਕਸ਼ੇ-ਕਦਮ ਉੱਤੇ ਚੱਲ ਰਹੇ ਸਨ। ਉਸ ਨੇ ਸਾਰਾ ਮੀਡੀਆ, ਸਾਰੀ ਜੁਡੀਸ਼ਰੀ ਅਤੇ ਸਾਰੀ ਈ.ਡੀ. ਦੀਆਂ ਟੀਮਾਂ ਖਰੀਦ ਲਈਆਂ ਸਨ। ਉਸ ਨੇ ਹੰਗਰੀ ਦੀਆਂ ਇਨਵੈਸਟੀਗੇਸ਼ਨ ਏਜੰਸੀਆਂ ਖਰੀਦ ਲਈਆਂ ਸਨ। ਉਸ ਨੂੰ ਲੱਗਿਆ ਕਿ ਮੈਨੂੰ ਤਾਂ ਹੁਣ ਕੋਈ ਹਰਾ ਨਹੀਂ ਸਕਦਾ ਪਰ ਜਨਤਾ ਨੇ ਪਲਟਾ ਮਾਰ ਦਿੱਤਾ। ਇਹ ਸਿਰਫ ਵੀਹ ਦਿਨ ਪਹਿਲਾਂ ਦੀ ਗੱਲ ਹੈ। ਜੇਕਰ ਤੁਸੀਂ ਹੰਗਰੀ ਰੈਵੋਲਿਊਸ਼ਨ ਯੂ-ਟਿਊਬ ਜਾਂ ਗੂਗਲ ਉੱਤੇ ਸਰਚ ਕਰੋ ਤਾਂ ਸਾਰਾ ਕੁਝ ਸਾਹਮਣੇ ਆ ਜਾਵੇਗਾ। ਸਪੀਕਰ ਸਾਹਿਬ, ਲੈਂਡ ਸਲਾਈਡਿੰਗ ਵਿਕਟਰੀ ਵਿਰੋਧੀ ਪਾਰਟੀ ਦੀ ਹੋਈ ਹੈ। ਬਸ ਇਸੇ ਗੱਲ ਤੋਂ ਡਰਦੇ ਹਨ। ਬਸ ਕਦੇ ਨੇਪਾਲ ਤੋਂ ਡਰਨ ਲੱਗ ਜਾਂਦੇ ਹਨ ਅਤੇ ਕਦੇ ਹੰਗਰੀ ਤੋਂ ਡਰਨ ਲੱਗ ਜਾਂਦੇ ਹਨ ਔਰ ਗੁੱਸਾ ਸਾਡੇ ਉੱਤੇ ਝੜ ਜਾਂਦਾ ਹੈ। ਸੋ, ਇਹ ਨੈਸ਼ਨਲ ਪਾਰਟੀ ਹੈ, ਹੁਣ ਤਾਂ ਇਨ੍ਹਾਂ ਨੂੰ ਸਪੇਸ ਦੇਣੀ ਪਵੇਗੀ। ਹੁਣ ਇਹ ਨਹੀਂ ਕਰ ਸਕਦੇ ਕਿ ਪੰਜ ਤੋੜ ਲਓ ਜਾਂ ਚਾਰ ਤੋੜ ਲਓ। ਪੰਜ-ਚਾਰ ਤੋੜਨ ਨਾਲ ਕੋਈ ਪਾਰਟੀਆਂ ਨਹੀਂ ਟੁੱਟਦੀਆਂ ਹੁੰਦੀਆਂ। ਸਪੀਕਰ ਸਾਹਿਬ, ਬੀ.ਜੇ.ਪੀ. ਕੋਲ ਤਾਂ ਆਪਣੇ ਬੰਦੇ ਹੀ ਨਹੀਂ ਹਨ। 117 ਬੰਦੇ ਕਿੱਥੋਂ ਲਿਆਉਣਗੇ? ਜੇ ਇਕੱਲੇ ਚੋਣਾਂ ਲੜਨਗੇ ਤਾਂ 117 ਬੰਦੇ ਕਿੱਥੋਂ ਲਿਆਉਣਗੇ? ਕਹਿੰਦੇ ਹਨ ਕਿ ਇਹ ਦੁਨੀਆ ਦੀ ਸਭ ਤੋਂ ਵੱਡੀ ਪਾਰਟੀ ਹੈ ਪਰ ਇਨ੍ਹਾਂ ਕੋਲ ਦੇਸ਼ ਵਿੱਚ ਲੜਨ ਲਈ ਬੰਦੇ ਨਹੀਂ ਹਨ। ਇਨ੍ਹਾਂ ਕੋਲ ਸਾਰੇ ਫਿਲਮ ਸਟਾਰ ਹਨ। ਇਨ੍ਹਾਂ ਕੋਲ

ਧਰਮਿੰਦਰ, ਹੇਮਾ ਮਾਲਿਨੀ, ਐਮ.ਪੀ., ਸੰਨੀ ਦਿਓਲ, ਗੁਰਦਾਸਪੁਰ ਤੋਂ ਐਮ.ਪੀ. ਪਹਿਲਾਂ ਵਿਨੋਦ ਖੰਨਾ ਸੀ, ਪਰੇਸ਼ ਰਾਵਲ, ਹੰਸਰਾਜ, ਅਰੁਣ ਗੋਵਿਲ, ਜਿਸ ਨੇ ਰਾਮਾਇਣ ਵਿੱਚ ਰਾਮ ਦਾ ਰੋਲ ਕੀਤਾ ਸੀ, ਹੋਰ ਬਹੁਤ ਸਾਰੇ ਲੋਕਲ ਫਿਲਮ ਸਟਾਰ ਇਨ੍ਹਾਂ ਦੀ ਪਾਰਟੀ ਵਿੱਚ ਸ਼ਾਮਿਲ ਹਨ ਜਾਂ ਆਪਾਂ ਸੈਲੇਬ੍ਰਿਟੀ ਕਹਿ ਲਈਏ। ਇਹ ਸਾਰੇ ਇਨ੍ਹਾਂ ਦੀ ਪਾਰਟੀ ਲਈ ਕੰਮ ਕਰਦੇ ਹਨ। ਸੋ, ਇਨ੍ਹਾਂ ਕੋਲ ਆਪਣੇ ਬੰਦੇ ਨਹੀਂ ਹਨ। ਇਸ ਵਕਤ ਵੀ 240 ਵਿੱਚੋਂ 125 ਕਾਂਗਰਸ ਵਿੱਚੋਂ ਗਏ ਹੋਏ ਹਨ। ਇਹ ਕਾਂਗਰਸ ਦੀ ਨਲਾਇਕੀ ਹੈ ਕਿ ਉਨ੍ਹਾਂ ਨੇ ਆਪਣੇ ਇੰਨੇ ਮੈਂਬਰ ਜਾਣ ਦਿੱਤੇ। ਦੇਖੋ, 50 ਵਿੱਚੋਂ 40 ਦੋਸਤ ਤੁਹਾਨੂੰ ਮਾੜਾ ਕਹਿੰਦੇ ਹੋਣ ਤਾਂ ਫਿਰ ਤੁਸੀਂ ਮਾੜੇ ਹੋ। ਜੇ 50 ਵਿੱਚੋਂ 10 ਤੁਹਾਨੂੰ ਮਾੜਾ ਕਹਿੰਦੇ ਹੋਣ ਤਾਂ ਫਿਰ ਹੋ ਸਕਦਾ ਹੈ ਕਿ ਉਨ੍ਹਾਂ ਦਾ ਕੋਈ ਸਵਾਰਥ ਪੂਰਾ ਨਾ ਹੋਇਆ ਹੋਵੇ। ਸੋ, ਸਾਡੀ ਜੋ ਆਮ ਆਦਮੀ ਪਾਰਟੀ ਹੈ, ਇਹ ਬੜੀ ਵੱਡੀ ਪਾਰਟੀ ਹੈ, ਲੱਖਾਂ ਦੀ ਪਾਰਟੀ ਹੈ। ਜਿਹੜਾ ਅੱਜ ਦਾ ਮੋਸ਼ਨ ਹੈ, ਮੈਂ ਇਸ ਦੀ ਕਾਪੀ ਮਾਣਯੋਗ ਰਾਸ਼ਟਰਪਤੀ ਜੀ ਕੋਲ ਲੈ ਕੇ ਜਾਵਾਂਗਾ। 5 ਤਾਰੀਖ ਨੂੰ ਮਾਣਯੋਗ ਰਾਸ਼ਟਰਪਤੀ ਜੀ ਨੇ ਸਾਨੂੰ ਮਿਲਣ ਲਈ ਸਮਾਂ ਦਿੱਤਾ ਹੈ। ਵੈਸੇ ਤਾਂ ਮੈਂ ਸਾਰੇ ਵਿਧਾਇਕਾਂ ਸਮੇਤ ਹੀ ਸਮਾਂ ਮੰਗਿਆ ਸੀ ਪਰ ਉਹ ਕਹਿੰਦੇ ਕਿ ਤੁਸੀਂ ਉਨ੍ਹਾਂ ਵੱਲੋਂ ਇਕੱਲੇ ਹੀ ਆਇਓ। ਉਨ੍ਹਾਂ ਸਭ ਦੇ ਬਿਹਾਫ 'ਤੇ ਤੁਸੀਂ ਆ ਜਾਇਓ ਪਰ ਮੈਂ ਇਨ੍ਹਾਂ ਨੂੰ ਨਾਲ ਲੈ ਕੇ ਜਾਵਾਂਗਾ। ਅਸੀਂ ਦਿੱਲੀ ਜਾਵਾਂਗੇ। ਜੇਕਰ ਮੈਨੂੰ ਇੱਕ ਰਿਪ੍ਰਜ਼ੈਂਟੇਟਿਵ ਦੇ ਤੌਰ 'ਤੇ ਜਾਣਾ ਪਵੇਗਾ ਤਾਂ ਮੈਂ ਜਾਵਾਂਗਾ ਤੇ ਮੈਂ ਸਭ ਦੀਆਂ ਭਾਵਨਾਵਾਂ ਰੱਖਾਂਗਾ। ਜਿਹੜਾ ਅੱਜ ਦਾ ਰੈਜ਼ੋਲਿਊਸ਼ਨ ਹੈ ਕਿ ਦੇਸ਼ ਵਿੱਚ ਦਲ-ਬਦਲੀ ਵਿਰੋਧੀ ਕੋਈ ਅਜਿਹਾ ਕਾਨੂੰਨ ਹੋਣਾ ਚਾਹੀਦਾ ਹੈ। ਲੋਕਾਂ ਨੇ ਐਮ.ਐਲ.ਏ. ਚੁਣੇ, ਉਨ੍ਹਾਂ ਐਮ.ਐਲ.ਏਜ਼ ਨੇ ਰਾਜ ਸਭਾ ਦੇ ਮੈਂਬਰ ਚੁਣੇ। ਉਹ ਕਿਵੇਂ ਕਹਿ ਸਕਦੇ ਹਨ ਕਿ ਹੁਣ 7 ਵਿੱਚੋਂ 5 ਐਵੇਂ ਹੋ ਗਏ। ਹੁਣ ਤਾਂ ਸਾਡੀ ਪਾਰਟੀ ਅਲੱਗ ਹੋ ਗਈ। ਇਸ ਤਰ੍ਹਾਂ ਕਿਵੇਂ ਹੋ ਸਕਦਾ ਹੈ? ਇਸ ਦੇ ਲਈ ਕਾਨੂੰਨ ਵਿੱਚ ਕੋਈ ਸੋਧ ਹੋਵੇ ਜਾਂ ਮੈਂ ਰਾਸ਼ਟਰਪਤੀ ਜੀ ਦੇ ਸਾਹਮਣੇ ਰੀਕਾਲ ਦੀ ਮੰਗ ਰੱਖਾਂਗਾ। ਰੀਕਾਲ ਦਾ ਮੁੱਦਾ ਵੀ ਰਾਘਵ ਚੱਢਾ ਨੇ ਹੀ ਉਠਾਇਆ ਸੀ। ਕਿਸੇ ਨੇ ਮੈਨੂੰ ਵੀਡੀਓ ਭੇਜੀ, ਬਹੁਤ ਵਧੀਆ ਸੀ, ਵੀਡੀਓ ਵਿੱਚ ਇੱਕ ਬੰਦਾ ਕਹਿੰਦਾ ਹੈ ਕਿ ਰਾਘਵ ਚੱਢਾ ਪਾਰਟੀ ਛੱਡ ਗਿਆ ਬਾਬਾ ਜੀ। ਕੋਈ ਪੁੱਛਿਆ ਦੇਣ ਨੂੰ ਬਾਬਾ ਬੈਠਾ ਸੀ, ਉਹ ਬਾਬਾ ਪੁੱਛਦਾ ਹੈ ਕਿ ਰਾਘਵ ਚੱਢਾ ਨੇ ਮੁੱਦਾ ਕਿਹੜਾ ਉਠਾਇਆ ਸੀ, ਉਹ ਬੰਦਾ ਕਹਿੰਦਾ ਕਿ ਸਮੋਸਿਆਂ ਦਾ ਮੁੱਦਾ ਉਠਾਇਆ ਸੀ। ਬਾਬਾ ਕਹਿੰਦਾ, ਸਮੋਸੇ ਕਾਹਦੇ ਨਾਲ ਚੰਗੇ ਲੱਗਦੇ ਹਨ, ਬੰਦੇ ਕਹਿੰਦੇ ਚਾਹ ਨਾਲ। ਫਿਰ ਬਾਬਾ ਕਹਿੰਦਾ, ਦੇਸ਼ ਵਿੱਚ ਸਭ ਤੋਂ ਵਧੀਆ ਚਾਹ ਕੌਣ ਬਣਾਉਂਦਾ ਹੈ, ਦੂਜਾ ਬੰਦਾ ਕਹਿੰਦਾ, ਮੋਦੀ। ਕਹਿੰਦੇ ਫਿਰ, ਚਾਹ ਅਤੇ ਸਮੋਸੇ ਦਾ ਮੇਲ ਹੋ ਗਿਆ। (ਹਾਸਾ) ਕਹਿੰਦੇ ਉਹ ਆਪੇ ਹੀ ਉੱਥੇ ਚਾਹ ਸਮੋਸੇ ਵੇਚੀ ਜਾਣਗੇ। ਹੋਰ ਉਨ੍ਹਾਂ ਨੇ ਉੱਥੇ ਕੀ ਕਰਨਾ ਹੈ। ਕਹਿੰਦੇ ਉੱਥੇ ਰੰਗ ਲਗਾ ਕੇ ਛੱਡ ਦਿੰਦੇ ਹਨ। ਮੇਲੇ ਵਿੱਚ ਅਮਰੂਦਾਂ ਨੂੰ ਕੌਣ ਪੁੱਛਦਾ ਹੈ? ਸੋ, ਇਸ ਕਰਕੇ ਅਸੀਂ ਪਾਰਟੀ ਬਣਾਈ ਹੈ। ਖੂਨ ਪਸੀਨੇ ਨਾਲ ਪਾਰਟੀ ਬਣਾਈ ਹੈ। ਅਸੀਂ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਨਾਲ ਚਟਾਨ ਵਾਂਗ ਖੜ੍ਹੇ ਹਾਂ। ਸਾਡੀ ਪਾਰਟੀ ਹੈ, ਅਸੀਂ ਆਪ ਬਣਾਈ ਹੈ। (ਥੰਪਿੰਗ) ਇਸ ਪਾਰਟੀ ਵਾਸਤੇ ਜਾਨ ਵੀ ਹਾਜ਼ਰ ਹੈ। ਕਈ ਸਾਡੇ ਮੰਤਰੀਆਂ ਦੀ ਸੰਗਠਨ ਵਿੱਚ ਡਿਊਟੀ ਲੱਗ ਜਾਂਦੀ ਹੈ, ਉਹ ਕਿਤੇ ਨਹੀਂ ਜਾਂਦੇ। ਕਈ ਸੰਗਠਨ ਵਾਲਿਆਂ ਦੀ ਸਰਕਾਰ ਵਿੱਚ ਡਿਊਟੀ ਲੱਗ ਜਾਂਦੀ ਹੈ। ਅਸੀਂ ਸ਼ੁਕਰ ਮਨਾਉਂਦੇ ਹਾਂ। ਹੋਰ ਕਿਸੇ ਲਾਲਚ ਨੂੰ ਜਾਂ ਹੋਰ ਕੋਈ ਢੰਗ ਤਰੀਕਾ ਵਰਤ ਕੇ ਇਹ ਬਣ ਜਾਣ, ਇਸ ਤਰ੍ਹਾਂ ਦੇ ਚੱਕਰਾਂ ਵਿੱਚ ਨਹੀਂ ਹਨ। ਮੈਂ ਇਹੀ ਕਹਾਂਗਾ ਕਿ ਇਸ ਪ੍ਰਸਤਾਵ 'ਤੇ ਵੋਟਿੰਗ ਕਰਵਾਈ ਜਾਵੇ। ਜੇਕਰ ਸਰਬਸੰਮਤੀ ਨਾਲ ਪਾਸ ਹੁੰਦਾ ਹੈ ਤਾਂ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ। ਜੇਕਰ ਇਸ ਦੀ ਕਾਪੀ ਕੱਲ੍ਹ ਨੂੰ ਜਾਂ ਪਰਸੋਂ ਨੂੰ ਮੁਹੱਈਆ ਕਰਵਾ ਦੇਵੋ ਤਾਂ ਬਹੁਤ ਕ੍ਰਿਪਾਲਤਾ ਹੋਵੇਗੀ। ਇਸ ਰੈਜ਼ੋਲਿਊਸ਼ਨ ਦੀ, ਇਸ ਮਤੇ ਦੀ ਕਾਪੀ ਮੈਂ ਰਾਸ਼ਟਰਪਤੀ ਜੀ ਕੋਲ ਲੈ ਕੇ ਜਾਵਾਂਗਾ, ਮੈਂ ਸ਼੍ਰੀਮਤੀ ਦ੍ਰੋਪਦੀ ਮੁਰਮੂ ਜੀ ਨੂੰ ਲਿਖਤੀ ਤੌਰ 'ਤੇ ਦੇ ਕੇ ਆਵਾਂਗਾ ਅਤੇ ਕਾਨੂੰਨ ਸੋਧਣ ਲਈ ਪੰਜਾਬ ਪਹਿਲੀ ਸਟੇਟ ਹੋਵੇਗੀ ਕਿਉਂਕਿ ਪੰਜਾਬ ਹਮੇਸ਼ਾ ਨਵੀਆਂ ਲੀਹਾਂ ਹੀ

ਪਾਉਂਦਾ ਰਿਹਾ ਹੈ, ਭਾਵੇਂ ਆਜ਼ਾਦੀ ਦੀ ਲੜਾਈ ਹੋਵੇ, ਭਾਵੇਂ ਹਰਾ ਇਨਕਲਾਬ ਹੋਵੇ, ਜੋ ਮਰਜ਼ੀ ਹੋਵੇ, ਜਦੋਂ ਵੀ ਦੇਸ਼ 'ਤੇ ਸੰਕਟ ਆਇਆ ਹੈ ਤਾਂ ਪੰਜਾਬ ਹਮੇਸ਼ਾ ਮੂਹਰੇ ਖੜ੍ਹਾ ਹੈ, ਝੰਡਾ ਬਰਦਾਰ ਬਣ ਕੇ ਖੜ੍ਹਾ ਹੈ। ਇਸ ਕਾਨੂੰਨ ਨੂੰ ਸੋਧਣ ਵਾਸਤੇ ਵੀ ਪੰਜਾਬ ਝੰਡਾ ਬਰਦਾਰ ਬਣੇਗਾ। ਮੈਂ ਉਮੀਦ ਕਰਦਾ ਹਾਂ ਕਿ ਸਾਰੇ ਜਿਹੜੇ ਐਮ.ਐਲ.ਏ. ਸਾਹਿਬਾਨ ਹਨ, ਉੱਧਰ ਤਾਂ ਕੋਈ ਹੈ ਹੀ ਨਹੀਂ, ਜੇਕਰ ਹੁੰਦੇ ਤਾਂ ਉਹ ਵੀ ਪੱਕਾ ਸਾਨੂੰ ਵੋਟ ਪਾ ਜਾਂਦੇ। ਉਨ੍ਹਾਂ ਦਾ ਨਾ ਹੋਣਾ ਵੀ ਅੱਧੀਆਂ ਵੋਟਾਂ ਹੀ ਹਨ। ਇਨ੍ਹਾਂ ਨੂੰ ਅੱਧੀਆਂ ਵੋਟਾਂ ਹੀ ਮੰਨ ਲਿਆ ਜਾਵੇ। ਇਹ ਪ੍ਰਸਤਾਵ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ**: ਮੁੱਖ ਮੰਤਰੀ ਸਾਹਿਬ, ਬਹੁਤ ਧੰਨਵਾਦ।

ਪ੍ਰਸ਼ਨ ਹੈ-

"ਕਿ ਇਹ ਸਦਨ ਮੰਤਰੀ ਮੰਡਲ ਦੇ ਵਿੱਚ ਆਪਣਾ ਵਿਸ਼ਵਾਸ ਪ੍ਰਗਟ ਕਰਦਾ ਹੈ।"

(ਇਸ ਸਮੇਂ ਮਾਣਯੋਗ ਮੁੱਖ ਮੰਤਰੀ ਆਪਣੀ ਸੀਟ ਤੇ ਬੈਠੇ ਬੈਠੇ ਆਜ਼ਾਦ ਮੈਂਬਰ ਰਾਣਾ ਇੰਦਰ ਪ੍ਰਤਾਪ ਸਿੰਘ ਨੂੰ ਮਤੇ ਦੇ ਹੱਕ ਵਿੱਚ ਵੋਟ ਕਰਨ ਲਈ ਕਹਿ ਰਹੇ ਸਨ, ਜਿਸ ਕਾਰਨ ਸਦਨ ਵਿੱਚ ਹਾਸੇ ਦਾ ਮਾਹੌਲ ਬਣ ਗਿਆ।)

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*** (ਥੰਪਿੰਗ)

---

## LEGISLATIVE BUSINESS

### 1. PUNJAB PRISONS AND CORRECTIONAL SERVICES BILL, 2026

**ਮਾਣਯੋਗ ਸਪੀਕਰ**: ਡਾਕਟਰ ਰਵਜੋਤ ਸਿੰਘ, ਜੇਲ੍ਹ ਮੰਤਰੀ ਬਿਲ ਪੇਸ਼ ਕਰਨ।

**ਜੇਲ੍ਹਾਂ ਮੰਤਰੀ (ਡਾਕਟਰ ਰਵਜੋਤ ਸਿੰਘ)**: ਸ਼੍ਰੀਮਾਨ ਜੀ, ਮੈਂ ਪੰਜਾਬ ਪ੍ਰੀਜ਼ਨਜ ਐਂਡ ਕਰੈਕਸ਼ਨਲ ਸਰਵਿਸਿਜ਼ ਬਿਲ, 2026 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਪ੍ਰੀਜ਼ਨਜ ਐਂਡ ਕਰੈਕਸ਼ਨਲ ਸਰਵਿਸਿਜ਼ ਬਿਲ, 2026 'ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ**: ਸੀ.ਐਮ. ਸਾਹਿਬ, ਹੁਣ ਗਿਣਤੀ ਕਰਨ ਦੀ ਤਾਂ ਕੋਈ ਲੋੜ ਨਹੀਂ ਰਹੀ। ਠੀਕ ਹੈ ਜੀ। (ਹਾਸਾ)

ਪ੍ਰਸਤਾਵ ਕੀਤਾ-

ਕਿ ਪੰਜਾਬ ਪ੍ਰੀਜ਼ਨਜ ਐਂਡ ਕਰੈਕਸ਼ਨਲ ਸਰਵਿਸਿਜ਼ ਬਿਲ, 2026 'ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਣਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਪੰਜਾਬ ਪ੍ਰੀਜ਼ਨਜ ਐਂਡ ਕਰੈਕਸ਼ਨਲ ਸਰਵਿਸਿਜ਼ ਬਿਲ, 2026 'ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ। (ਥੰਪਿੰਗ)***

**ਮਾਣਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2) ਅਤੇ (3)**

**ਮਾਣਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਅਤੇ (3) ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 89**

**ਮਾਣਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 89 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ**: ਹਾਂ ਜੀ, ਹਾਂ ਜੀ)

**ਮਾਣਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 89 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਣਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ**: ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਜੇਲ੍ਹਾਂ ਮੰਤਰੀ (ਡਾਕਟਰ ਰਵਜੋਤ ਸਿੰਘ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਪ੍ਰੀਜ਼ਨਜ ਅਤੇ ਕਰੈਕਸ਼ਨਲ ਸਰਵਿਸਿਜ਼ ਬਿਲ, 2026 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ -

ਕਿ ਪੰਜਾਬ ਪ੍ਰੀਜ਼ਨਜ ਅਤੇ ਕਰੈਕਸ਼ਨਲ ਸਰਵਿਸਿਜ਼ ਬਿਲ, 2026 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ**: ਪ੍ਰਸ਼ਨ ਹੈ -

ਕਿ ਪੰਜਾਬ ਪ੍ਰੀਜ਼ਨਜ ਅਤੇ ਕਰੈਕਸ਼ਨਲ ਸਰਵਿਸਿਜ਼ ਬਿਲ, 2026 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---

**2. THE SOCIETIES REGISTRATION (PUNJAB AMENDMENT) BILL, 2026**

**ਮਾਣਯੋਗ ਸਪੀਕਰ:** ਸ੍ਰੀ ਸੰਜੀਵ ਅਰੋੜਾ, ਉਦਯੋਗ ਤੇ ਵਣਜ ਮੰਤਰੀ ਬਿਲ ਪੇਸ਼ ਕਰਨ।

**ਉਦਯੋਗ ਤੇ ਵਣਜ ਮੰਤਰੀ (ਸ੍ਰੀ ਸੰਜੀਵ ਅਰੋੜਾ):** ਸ਼੍ਰੀਮਾਨ ਜੀ, ਮੈਂ ਸੋਸਾਇਟੀਜ਼ ਰਜਿਸਟ੍ਰੇਸ਼ਨ (ਪੰਜਾਬ ਸੋਧ) ਬਿਲ, 2026 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਸੋਸਾਇਟੀਜ਼ ਰਜਿਸਟ੍ਰੇਸ਼ਨ (ਪੰਜਾਬ ਸੋਧ) ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ -

ਕਿ ਸੋਸਾਇਟੀਜ਼ ਰਜਿਸਟ੍ਰੇਸ਼ਨ (ਪੰਜਾਬ ਸੋਧ) ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਰਾਣਾ ਇੰਦਰ ਪ੍ਰਤਾਪ ਸਿੰਘ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ)**: ਬਹੁਤ ਹੀ ਸਤਿਕਾਰਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਬੜੇ ਇੰਪਾਰਟੈਂਟ ਬਿਲ 'ਤੇ ਬੋਲਣ ਦਾ ਮੌਕਾ ਦਿੱਤਾ ਹੈ। ਜੇ ਆਪਾਂ ਪੰਜਾਬ ਸੋਸਾਇਟੀਜ਼ ਰਜਿਸਟ੍ਰੇਸ਼ਨ ਬਿਲ ਦੀ ਗੱਲ ਕਰੀਏ, ਸਭ ਤੋਂ ਪਹਿਲਾਂ ਇਸ ਮੁਲਕ ਵਿੱਚ ਜ਼ਿਮੀਂਦਾਰਾਂ ਨੂੰ ਤਕੜੇ ਕਰਨ ਲਈ ਕੋਆਪਰੇਟਿਵ ਸੋਸਾਇਟੀਜ਼ ਤੋਂ ਸੋਸਾਇਟੀ ਕਲਚਰ ਦੀ ਸ਼ੁਰੂਆਤ ਹੋਈ ਸੀ। ਉਸ ਤੋਂ ਬਾਅਦ ਕੋਆਪਰੇਟਿਵ ਬੈਂਕ ਬਣ ਗਏ ਅਤੇ ਜਿਸ ਤਰੀਕੇ ਨਾਲ ਇਹ ਸੋਸਾਇਟੀਜ਼ ਚੱਲਣੀਆਂ ਚਾਹੀਦੀਆਂ ਸਨ, ਉਸ ਤਰੀਕੇ ਨਾਲ ਨਹੀਂ ਚੱਲੀਆਂ। ਫਿਰ ਉਹ ਹਾਊਸਿੰਗ ਸੋਸਾਇਟੀ ਵਾਲਾ ਕਲਚਰ ਆ ਗਿਆ। ਇਹ ਸੋਸਾਇਟੀਆਂ ਦਾ ਆਬਜੈਕਟਿਵ ਛੱਡ ਕੇ ਪੈਸੇ ਬਣਾਉਣ ਵਾਲੀਆਂ ਮਸ਼ੀਨਾਂ ਬਣ ਗਈਆਂ। ਸਪੀਕਰ ਸਾਹਿਬ, ਅੱਜ ਕਿੰਨੀਆਂ ਹੀ ਕੋਆਪਰੇਟਿਵ ਸੁਸਾਇਟੀਆਂ ਹਨ ਜਿਨ੍ਹਾਂ ਦੇ ਸੈਕਟਰੀ ਜ਼ਿਮੀਂਦਾਰਾਂ ਦੇ ਪੈਸੇ ਖਾ ਕੇ ਭੱਜ ਗਏ। ਆਪਾਂ ਉਨ੍ਹਾਂ 'ਤੇ ਕੁਝ ਨਹੀਂ ਕਰ ਪਾਏ। ਉਸ ਤੋਂ ਬਾਅਦ ਕੋਆਪਰੇਟਿਵ ਬੈਂਕਾਂ ਦੀ ਗੱਲ ਕਰੀਏ, ਮੈਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਕੋਆਪਰੇਸ਼ਨ ਕਮੇਟੀ ਦਾ ਵੀ ਮੈਂਬਰ ਬਣਾਇਆ ਸੀ ਅਤੇ ਉਸ ਵਿੱਚ ਮੈਂ ਇੱਕ ਸੁਝਾਅ ਦਿੱਤਾ ਸੀ ਕਿ ਜ਼ਿਮੀਂਦਾਰਾਂ ਨਾਲ OTS ਕੀਤਾ ਜਾਵੇ ਤਾਂ ਅਸੀਂ ਇੱਕ ਲੱਖ ਕਰੋੜ ਰੁਪਿਆ ਤਿੰਨਾਂ ਸਾਲਾਂ ਵਿੱਚ ਜ਼ਿਮੀਂਦਾਰਾਂ ਨੂੰ ਲੋਨ ਸਹਾਇਤਾ ਵਿੱਚ ਸਬਸਿਡਾਈਜ਼ਡ ਇੰਟਰਸਟ 4% 'ਤੇ ਦੇ ਪਾਵਾਂਗੇ ਜਿਸ ਨਾਲ ਜ਼ਿਮੀਂਦਾਰਾਂ ਦਾ ਬਹੁਤ ਵੱਡਾ ਫਾਇਦਾ ਹੋ ਜਾਵੇਗਾ ਲੇਕਿਨ ਆਪਾਂ ਉਹ ਵੀ ਨਹੀਂ ਕਰ ਪਾਏ। ਹੁਣ ਅੱਜ ਇਸ ਵਿੱਚ ਸੋਧ ਬਿਲ ਆ ਗਿਆ ਹੈ ਕਿ ਇਸ ਵਿੱਚ ਐਜੂਕੇਸ਼ਨ ਅਤੇ ਹੈਲਥ ਕੇਅਰ ਨੂੰ ਪਾ ਦਿੱਤਾ ਜਾਵੇ। ਸਪੀਕਰ ਸਾਹਿਬ, ਜਿੰਨੀ ਲੁੱਟ ਪੰਜਾਬ ਵਿੱਚ ਪ੍ਰਾਈਵੇਟ ਹਸਪਤਾਲਾਂ ਰਾਹੀਂ ਕੀਤੀ ਜਾ ਰਹੀ ਹੈ, ਉਹ ਕਿਤੇ ਨਹੀਂ ਹੋ ਪਾ ਰਹੀ। ਮੈਂ ਇੱਥੇ ਪੜ੍ਹ ਰਿਹਾ ਸੀ ਕਿ ਹੈਲਥ ਵਾਲੀ ਸੋਸਾਇਟੀ ਦੀ ਰਜਿਸਟ੍ਰੇਸ਼ਨ ਕਰਵਾਉਣ ਲਈ ਸੱਤ ਮੈਂਬਰ ਚਾਹੀਦੇ ਹਨ। ਉਸ ਦੀ ਕੋਈ ਐਜੂਕੇਸ਼ਨ, ਕੁਆਲੀਫਿਕੇਸ਼ਨ ਨਹੀਂ ਦਰਸਾਈ ਹੈ। ਜਿਹੜੇ ਮਰਜ਼ੀ ਸੱਤ ਮੈਂਬਰ ਰਜਿਸਟਰਡ ਕਰਵਾ ਲੈਣ। ਇਸ ਬਿਲ ਦਾ ਆਬਜੈਕਟਿਵ ਕੀ ਹੈ? ਇਸ ਤਹਿਤ Strengthen Transparency, Accountability and Governance. ਇਹ ਕਿਸ ਤਰ੍ਹਾਂ ਹੋਵੇਗੀ? ਅੱਜ ਜਿਹੜਾ ਵੀ ਬੰਦਾ ਪ੍ਰਾਈਵੇਟ ਹਸਪਤਾਲ ਵਿੱਚ ਜਾਂਦਾ ਹੈ, ਪ੍ਰਾਈਵੇਟ ਹਸਪਤਾਲ ਵਾਲੇ ਦੋ ਲੱਖ ਰੁਪਏ ਤੋਂ ਥੱਲੇ ਛੱਡਦੇ ਨਹੀਂ। ਅੱਜ ਦਾ ਦਿਨ ਅਸੀਂ ਸਾਡੇ ਕੰਮ ਕਰਨ ਵਾਲੇ ਵੀਰਾਂ ਦਾ ਦਿਹਾੜਾ ਮਨਾ ਰਹੇ ਹਾਂ। ਜੇਕਰ ਉਨ੍ਹਾਂ ਦੇ ਪਰਿਵਾਰਾਂ ਵਿੱਚੋਂ ਬੰਦਾ ਹਸਪਤਾਲ ਚੱਲਿਆ ਜਾਵੇ, ਚਾਰ ਚਾਰ ਦਿਨ ਬੰਦਾ ਮਾਰ ਕੇ ਹਸਪਤਾਲ ਰੱਖਦੇ ਹਨ, ਬੰਦੇ ਦੀ ਬਾਡੀ ਨੂੰ ਛੱਡਦੇ ਨਹੀਂ। ਸੋ, ਸਰ, ਅਸੀਂ ਆਪਣੀ ਡਾਇਰੈਕਸ਼ਨ ਤੋਂ ਦੂਰ ਜਾ ਰਹੇ ਹਾਂ। ਮੈਂ ਤਾਂ ਇਸ ਸੋਧ ਬਿਲ ਦਾ ਵਿਰੋਧ ਕਰਦਾ ਹਾਂ ਕਿ ਇਹ ਨਹੀਂ ਹੋਣਾ ਚਾਹੀਦਾ। ਅਸੀਂ ਸਿਸਟਮ ਨੂੰ ਡੀ-ਸੈਂਟਰਲਾਈਜ਼ਡ ਕਰ ਰਹੇ ਹਾਂ। ਇਸ ਦੇ ਵਿੱਚ ਮੈਂ ਪੜ੍ਹ ਰਿਹਾ ਸੀ ਕਿ ਹੈਲਥ ਮੈਨੇਜਮੈਂਟ ਦੀ ਡੀ-ਸੈਂਟਰਲਾਈਜੇਸ਼ਨ ਹੋਣੀ ਹੈ। ਸਪੀਕਰ ਸਾਹਿਬ, ਜੇਕਰ ਇਸ ਵਿੱਚ ਕੋਈ ਅਸਲ ਕੰਮ ਕਰਨ ਵਾਲਾ ਹੈ, ਉਹ ਹੈ ਕਿ ਇੱਕ ਹੈਲਥ ਆਡੀਟਰ ਬਣਾਇਆ ਜਾਵੇ। ਜਿੰਨੇ ਲੋਕਾਂ ਦੀ ਲੁੱਟ ਹੋ ਰਹੀ ਹੈ, ਇਸ ਨਾਲ ਉਹ ਬੰਦ ਹੋ ਜਾਵੇਗੀ। ਕਿਵੇਂ ਹੋਵੇਗੀ? ਇੱਕ ਹਸਪਤਾਲ 'ਤੇ ਜੋ ਹੈਲਥ ਆਡੀਟਰ ਹੋਵੇਗਾ, ਉਹ ਜਿਹੜੇ ਮਰੀਜ਼ ਦਾ ਵੀ ਜੋ ਓਪਰੇਸ਼ਨ ਹੋਇਆ, ਇਲਾਜ ਹੋਇਆ, ਜਿੰਨੀ ਦੇਰ ਉਹ ਹਸਪਤਾਲ ਵਿੱਚ ਰਿਹਾ, ਕਿਹੜੇ ਟੀਕੇ ਲੱਗੇ, ਕਿੰਨਾ ਬਿੱਲ ਬਣਿਆ, ਉਹ ਸਭ ਚੀਜਾਂ ਵੈਰੀਫਾਈ ਕਰੇਗਾ ਕਿ ਬਈ ਇਸ ਕੇਸ ਵਿੱਚ ਬਾਈਪਾਸ ਸਰਜਰੀ ਦੀ ਲੋੜ ਵੀ ਸੀ ਜਾਂ ਨਹੀਂ। ਮੈਂ ਆਪਣੇ ਹਲਕੇ ਦੀ ਗੱਲ ਦੱਸਦਾ ਹਾਂ। ਮੈਂ ਪਿਛਲੇ ਹਫਤੇ ਇੱਕ ਬੰਦੇ ਦਾ ਹਾਲ ਚਾਲ ਪੁੱਛਣ ਚਲਿਆ ਗਿਆ, ਉਸ ਨੂੰ ਸ਼ੂਗਰ ਸੀ। ਉਹ ਡਾਕਟਰ ਕੋਲ ਚਲਿਆ ਗਿਆ। ਡਾਕਟਰ ਕਹਿੰਦਾ ਕਿ ਤੇਰੀਆਂ ਉਂਗਲੀਆਂ ਦੀ ਸਫ਼ਾਈ ਕਰਨੀ ਹੈ, ਉਸ ਨੂੰ ਟੀਕਾ ਲਗਾਇਆ ਅਤੇ ਉਸ ਦੀਆਂ ਉਂਗਲਾਂ ਅਤੇ ਅੰਗੂਠਾ ਹੀ ਵੱਢ ਦਿੱਤਾ। ਇਹ ਰਿਐਲਟੀ ਹੈ, ਬੰਦਾ ਕੀ ਕਰ ਸਕਦਾ ਸੀ? ਸਪੀਕਰ ਸਾਹਿਬ, ਉਸ ਤੋਂ 15 ਦਿਨਾਂ ਬਾਅਦ ਉਸ ਦੀ ਅੱਧੀ ਲੱਤ ਵੱਢਣੀ ਪਈ। ਕੀ 130-140 ਸ਼ੂਗਰ ਹੋਣ ਨਾਲ

ਅੱਧੀ ਲੱਤ ਵੱਢੀ ਜਾਂਦੀ ਹੈ? ਸੋ, ਇਹ ਹਾਲ ਆਪਣੇ ਹਸਪਤਾਲਾਂ ਦੇ ਅੰਦਰ ਹੋ ਰਿਹਾ ਹੈ। ਸਾਡੇ ਬਹੁਤ ਹੀ experienced ਹੈਲਥ ਮਨਿਸਟਰ ਸਾਹਿਬ ਹਨ ਅਤੇ ਡਾਕਟਰ ਵੀ ਹਨ। ਸਰ, ਮੈਨੂੰ ਇਹ ਦੱਸੋ ਕਿ ਕੀ ਅਸੀਂ ਹੈਲਥ ਆਡੀਟਰ ਦੀ ਪੋਸਟ ਕਰੀਏਟ ਕਰ ਸਕਦੇ ਹਾਂ? ਸਰ, ਮੇਰੇ ਬੋਲਣ ਤੋਂ ਬਾਅਦ ਟਾਈਮ ਲੈ ਲੈਣਾ। ਹਰੇਕ ਜ਼ਿਲ੍ਹੇ ਦੇ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਇਸ ਚੀਜ਼ ਨੂੰ ਮੈਨਡੇਟ ਕਰੀਏ। ਨਿੱਜਰ ਸਾਹਿਬ ਇੱਥੇ ਬੈਠੇ ਹਨ, ਮੇਰੀ ਨਿਗਾਹ ਉਨ੍ਹਾਂ 'ਤੇ ਪਈ ਹੈ ਜੀ। ਇਨ੍ਹਾਂ ਨੂੰ ਵੀ ਡਾਕਟਰੀ ਫੀਲਡ ਵਿੱਚ ਬਹੁਤ ਤਜਰਬਾ ਹੈ। ਇਨ੍ਹਾਂ ਤਿੰਨਾਂ, ਚਾਰਾਂ, ਪੰਜਾਂ ਬੰਦਿਆਂ ਨੂੰ, ਜਿਹੜੇ ਸਿਆਣੇ ਹਨ, ਇਨਵਾਲਵ ਕਰਕੇ ਅਸੀਂ ਇਸ ਚੀਜ਼ ਉੱਤੇ ਵਰਕਿੰਗ ਕਰੀਏ। ਹੁਣ ਸੋਸਾਇਟੀਆਂ ਬਣਾ ਦੇਵਾਂਗੇ, ਸੋਸਾਇਟੀ ਮੈਂਬਰ ਉਹ ਪੰਜ ਬੰਦੇ ਹਸਪਤਾਲ ਬਣਾ ਦੇਣਗੇ, ਜਿਨ੍ਹਾਂ ਨੂੰ ਨਾ ਏ, ਬੀ, ਸੀ, ਡੀ ਦਾ ਪਤਾ ਹੈ ਅਤੇ ਨਾ ਹੋਰ ਕੁਝ ਪਤਾ ਹੈ। ਸੋ, ਮੈਂ ਇਸ ਬਿਲ ਦੇ ਹੱਕ ਵਿੱਚ ਨਹੀਂ ਹਾਂ।

**ਮਾਣਯੋਗ ਸਪੀਕਰ**: ਠੀਕ ਹੈ ਜੀ, ਤੁਹਾਡੀ ਗੱਲ ਆ ਗਈ ਹੈ। ਹਾਂ ਜੀ, ਡਾਕਟਰ ਬਲਬੀਰ ਸਿੰਘ ਜੀ ਕੁਝ ਕਹਿਣਾ ਚਾਹੁੰਦੇ ਹਨ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਡਾਕਟਰ ਬਲਬੀਰ ਸਿੰਘ)** : ਧੰਨਵਾਦ ਸਪੀਕਰ ਸਾਹਿਬ, ਇਹ ਮੈਂਬਰ ਕਾਫੀ young ਹਨ ਅਤੇ young ਬੰਦੇ ਵਿੱਚ ਜੋਸ਼ ਵੀ ਹੁੰਦਾ ਹੈ ਲੇਕਿਨ ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਿਹੜਾ ਸਾਡਾ ਸਿਹਤ ਦਾ profession ਹੈ, ਇਸ ਨੂੰ noble profession ਕਿਹਾ ਜਾਂਦਾ ਹੈ। ਅਸੀਂ ਇਹ ਗੱਲ ਨਹੀਂ ਮੰਨਦੇ ਪਰ ਲੋਕ ਡਾਕਟਰ ਨੂੰ ਰੱਬ ਦਾ ਰੂਪ ਕਹਿੰਦੇ ਹਨ। ਕੋਰੋਨਾ ਦੇ ਵਿੱਚ ਸਾਡੇ ਬਹੁਤ ਸਾਰੇ ਡਾਕਟਰ ਸ਼ਹੀਦ ਹੋਏ ਹਨ, ਨਰਸਾਂ ਸ਼ਹੀਦ ਹੋਈਆਂ ਲੇਕਿਨ ਉਨ੍ਹਾਂ ਨੇ ਮਰੀਜ਼ਾਂ ਦੀ ਜਾਨ ਬਚਾਈ ਹੈ ਔਰ ਬੜੀ ਵਾਰੀ ਡਾਕਟਰ ਆਪਣਾ ਖ਼ੂਨ ਦੇ ਕੇ ਮਰੀਜ਼ ਦਾ ਓਪਰੇਸ਼ਨ ਕਰਕੇ ਉਸ ਦੀ ਜਾਨ ਬਚਾਉਂਦੇ ਹਨ। ਕਿਸੇ ਵੀ ਪ੍ਰੋਫੈਸ਼ਨ ਵਿੱਚ ਮਾੜੇ ਬੰਦੇ ਹੋ ਸਕਦੇ ਹਨ, ਹਰ ਪ੍ਰੋਫੈਸ਼ਨ ਵਿੱਚ ਹੁੰਦੇ ਹਨ। ਜਿਵੇਂ ਇਹ ਬਿਜ਼ਨਸਮੈਨ ਹਨ, ਇੰਡਸਟਰੀਲਿਸਟ ਹਨ, ਜਿਹੜੇ ਇੰਡਸਟਰੀਲਿਸਟ ਹੁੰਦੇ ਹਨ, ਉਹ ਵੀ ਬਹੁਤ ਕੁਝ ਕਰਦੇ ਹਨ। ਮੈਂ ਕੋਈ ਦੂਸ਼ਣਬਾਜ਼ੀ ਨਹੀਂ ਕਰਦਾ ਲੇਕਿਨ ਜਿਹੜੇ ਡਾਕਟਰ ਹਨ, ਮੈਂ ਕਹਾਂਗਾ ਕਿ 99% ਡਾਕਟਰ ਇਮਾਨਦਾਰੀ ਨਾਲ ਮਿਹਨਤ ਕਰਦੇ ਹਨ ਔਰ ਜਿਹੜੇ ਪ੍ਰਾਈਵੇਟ ਡਾਕਟਰ ਹਨ, ਉਹ best ਤੋਂ best ਟ੍ਰੇਨਿੰਗ ਲੈ ਕੇ ਆਉਂਦੇ ਹਨ, ਨਵੀਂ ਇਕੁਇਪਮੈਂਟ ਲੈ ਕੇ ਆਉਂਦੇ ਹਨ, latest technology ਲੈ ਕੇ ਆਉਂਦੇ ਹਨ, ਸਾਰੇ ਹੀ ਪ੍ਰੋਫੈਸ਼ਨ ਨੂੰ ਇਸ ਤਰ੍ਹਾਂ denigrate ਕਰਨਾ, ਮਤਲਬ ਚੰਗੀ ਗੱਲ ਨਹੀਂ ਹੈ। ਇਹ young member ਹਨ, ਇਨ੍ਹਾਂ ਨੂੰ ਜ਼ਰੂਰ ਬੈਲੰਸ ਰੱਖਣਾ ਚਾਹੀਦਾ ਹੈ। ਜਿਹੜੇ 1-2 ਪਰਸੈਂਟ ਬੰਦੇ ਹਨ, ਮੈਂ ਕੱਲ੍ਹ ਹੀ ਇੱਕ ਹਸਪਤਾਲ, ਜਿਹੜੇ malpractice ਕਰਦੇ ਹਨ, ਨੂੰ 26 ਲੱਖ ਰੁਪਏ ਜੁਰਮਾਨਾ ਕੀਤਾ ਹੈ। ਮੈਂ ਇੱਕ ਹਸਪਤਾਲ ਸੀਲ ਕੀਤਾ ਹੈ, ਜਿੱਥੇ ਗੁਰਦਿਆਂ ਦਾ ਓਪਰੇਸ਼ਨ ਕਰ ਰਹੇ ਸਨ, ਉਹ ਆਥੋਰਾਈਜ਼ ਨਹੀਂ ਸਨ ਅਤੇ ਗਲਤ ਕੰਮ ਕਰ ਰਹੇ ਸੀ। ਸਾਡੇ ਕੋਲ ਮੈਨੇਜਰ ਲੱਗੇ ਹੋਏ ਹਨ, ਆਲਰੇਡੀ ਸਾਡੇ ਕੋਲ ਰੋਬਸਟ ਮੈਕੇਨਿਜ਼ਮ ਹੈ। ਸਾਡੀ ਮੁੱਖ ਮੰਤਰੀ ਸਿਹਤ ਯੋਜਨਾ ਵਿੱਚ ਯੂਨਾਈਟਿਡ ਇੰਡੀਆ ਐਸ਼ੋਰੈਂਸ, ਜਿਹੜੀ ਕਿ ਬਹੁਤ ਐਕਸਪੀਰੀਐਂਸਡ ਕੰਪਨੀ ਹੈ, ਉਨ੍ਹਾਂ ਦਾ ਆਪਣਾ ਮੈਕੇਨਿਜ਼ਮ ਹੈ। ਥਰਡ ਪਾਰਟੀ ਰੈਗੂਲਰ ਆਡਿਟ ਹੋ ਰਿਹਾ ਹੈ। ਜੇਕਰ ਮੈਨੂੰ ਕੋਈ ਇਨਫਰਮੇਸ਼ਨ ਦਿੰਦਾ ਹੈ, ਅਸੀਂ ਉਸ 'ਤੇ ਪਾਜ਼ੇਟਿਵ ਐਕਸ਼ਨ ਕਰਦੇ ਹਾਂ। ਜ਼ੀਰੋ ਟਾਲਰੈਂਸ ਹੈ, any kind of misbehaviour, this is also a kind of corruption. ਮੈਂ ਇਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਨੂੰ ਆਪਣਾ ਸਟੈਂਡ ਠੀਕ ਕਰਨਾ ਚਾਹੀਦਾ ਹੈ। ਕਿਸੇ ਪ੍ਰੋਫੈਸ਼ਨ ਨੂੰ ਮਾੜਾ ਨਹੀਂ ਕਹਿਣਾ ਚਾਹੀਦਾ, ਹਰ ਪ੍ਰੋਫੈਸ਼ਨ ਵਿੱਚ ਮਾੜੇ ਬੰਦੇ ਜ਼ਰੂਰ ਹੁੰਦੇ ਹਨ। ਅਸੀਂ ਉਨ੍ਹਾਂ ਨੂੰ ਸਖਤ ਤੋਂ ਸਖਤ ਸਜ਼ਾ ਦਿੰਦੇ ਹਾਂ। ਇਸੇ ਤਰ੍ਹਾਂ ਫੂਡ ਇੰਡਸਟਰੀ ਵਿੱਚ ਅਡਲਟ੍ਰੇਸ਼ਨ

ਕਰਨ ਵਾਲੇ ਵੀ ਦੁਨੀਆ ਵਿੱਚ ਹਨ, ਮਾੜੇ ਡਾਕਟਰ ਵੀ ਹਨ। ਕਿਡਨੀ ਸਕੈਮ ਹੋਇਆ ਹੈ, ਹੋਰ ਵੀ ਬਹੁਤ ਸਾਰੇ ਸਕੈਮ ਦੁਨੀਆ ਵਿੱਚ ਹੋਏ ਹਨ ਅਤੇ ਸਭ ਤੋਂ ਜ਼ਿਆਦਾ ਸਕੈਮ ਇੰਡਸਟਰੀ ਨਾਲ ਰਿਲੇਟਿਡ ਹੋਏ ਹਨ। ਉੱਥੇ ਵੱਡੇ ਵੱਡੇ ਸਕੈਮ ਹੁੰਦੇ ਹਨ। ਸੋ, ਡਾਕਟਰਾਂ ਬਾਰੇ ਅਜਿਹਾ ਨਹੀਂ ਕਹਿਣਾ ਚਾਹੀਦਾ। Doctors are the most honest taxpayers. ਉਹ ਰਿਸਕ ਲੈਂਦੇ ਹਨ। ਹਰ ਸਾਲ ਸਾਡੇ ਕਿਸੇ ਨਾ ਕਿਸੇ ਮੈਡੀਕਲ ਸਟੂਡੈਂਟ ਨੂੰ ਟੀ.ਬੀ. ਜਾਂ ਹੋਰ ਬਿਮਾਰੀਆਂ ਹੋ ਜਾਂਦੀਆਂ ਹਨ ਕਿਉਂਕਿ ਉਹ ਮਰੀਜ਼ਾਂ ਵਿੱਚ ਰਹਿੰਦੇ ਹਨ ਅਤੇ ਹਰ ਤਰ੍ਹਾਂ ਦੇ ਮਰੀਜ਼ਾਂ ਦਾ ਇਲਾਜ ਕਰਦੇ ਹਨ। ਉਨ੍ਹਾਂ ਨੂੰ ਹਾਸਪਿਟਲ ਨਾਲ ਰਿਲੇਟਿਡ ਇਨਫੈਕਸ਼ਨਜ਼ ਹੁੰਦੀਆਂ ਹਨ ਅਤੇ ਉਹ suffer ਵੀ ਕਰਦੇ ਹਨ। ਸੋ, ਇਨ੍ਹਾਂ ਨੂੰ ਥੋੜ੍ਹਾ ਜਿਹਾ ਬੈਲੈਂਸਡ ਰੱਖਣਾ ਚਾਹੀਦਾ ਹੈ ਅਤੇ ਸ਼ਾਇਦ ਇਨ੍ਹਾਂ ਨੂੰ ਆਪਣੇ ਲਫਜ਼ ਵਾਪਸ ਲੈ ਲੈਣੇ ਚਾਹੀਦੇ ਹਨ।

**ਮਾਣਯੋਗ ਸਪੀਕਰ:** ਥੈਂਕ ਯੂ।

**ਰਾਣਾ ਇੰਦਰ ਪ੍ਰਤਾਪ ਸਿੰਘ**: ਸਪੀਕਰ ਸਾਹਿਬ।

**ਮਾਣਯੋਗ ਸਪੀਕਰ**: ਹੋ ਗਿਆ ਜੀ, ਤੁਹਾਡੀ ਗੱਲ ਆ ਗਈ ਹੈ।

**ਮਾਣਯੋਗ ਸਪੀਕਰ**: ਪ੍ਰਸ਼ਨ ਹੈ -

ਕਿ ਸੋਸਾਇਟੀਜ਼ ਰਜਿਸਟ੍ਰੇਸ਼ਨ (ਪੰਜਾਬ ਸੋਧ) ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 13**

**ਮਾਣਯੋਗ ਸਪੀਕਰ** : ਕਿਉਂਜੋ ਕਲਾਜ਼ਾਂ 2 ਤੋਂ 13 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਣਯੋਗ ਸਪੀਕਰ**: ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 13 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ**: ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਉਦਯੋਗ ਤੇ ਵਣਜ ਮੰਤਰੀ (ਸ਼੍ਰੀ ਸੰਜੀਵ ਅਰੋੜਾ)**: ਮਾਣਯੋਗ ਸਪੀਕਰ ਸਾਹਿਬ, ਕੀ ਮੈਂ ਪ੍ਰਸਤਾਵ ਕਰਨ ਤੋਂ ਪਹਿਲਾਂ ਇੱਕ ਮਿੰਟ ਰਾਣਾ ਜੀ ਦੀ ਗੱਲ ਦਾ ਜਵਾਬ ਦੇ ਸਕਦਾ ਹਾਂ?

**ਮਾਣਯੋਗ ਸਪੀਕਰ:** ਅਲਾਊਡ।

**ਉਦਯੋਗ ਤੇ ਵਣਜ ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਰਾਣਾ ਜੀ ਨੇ ਇਹ ਬਿਲ ਨਹੀਂ ਪੜ੍ਹਿਆ। ਮੈਂ ਇਨ੍ਹਾਂ ਨੂੰ ਗੁਜ਼ਾਰਿਸ਼ ਕਰਦਾ ਹਾਂ ਕਿ ਇਹ ਬਿਲ ਜ਼ਰੂਰ ਪੜ੍ਹਨਾ। ਜੋ ਕੁਝ ਤੁਸੀਂ ਕਿਹਾ ਹੈ, ਉਹੀ ਕੁਝ ਬਿਲ ਵਿੱਚ ਲਿਖਿਆ ਹੈ। ਜੋ ਤੁਹਾਡੀਆਂ ਰਿਜ਼ਰਵੇਸ਼ਨਜ਼ ਹਨ, ਉਹੀ ਬਿਲ ਵਿੱਚ ਹਨ। (ਥੰਪਿੰਗ) ਜਿਸ ਤਰ੍ਹਾਂ ਤੁਸੀਂ ਕਿਹਾ ਹੈ ਕਿ ਪ੍ਰਾਈਵੇਟ ਹਸਪਤਾਲਾਂ ਵਿੱਚ ਜ਼ਿਆਦਾ ਚਾਰਜਿਜ਼ ਹੁੰਦੇ ਹਨ, ਇਹ ਸਾਰਾ ਕੁਝ ਅਸੀਂ ਇਸ ਵਿੱਚ ਲਿਖਿਆ ਹੈ, ਤੁਸੀਂ ਇਹ ਬਿਲ ਪੜ੍ਹ ਲੈਣਾ। ਜਿਹੜੀਆਂ ਮਾਲ ਪ੍ਰੈਕਟਿਸਿਜ਼ ਹੈਲਥ ਅਤੇ ਐਜੂਕੇਸ਼ਨ ਵਿੱਚ ਹੁੰਦੀਆਂ ਹਨ, ਉਨ੍ਹਾਂ ਲਈ ਅਸੀਂ ਇਹ ਬਿਲ ਲੈ ਕੇ ਆਏ ਹਾਂ ਤਾਂ ਕਿ ਉਨ੍ਹਾਂ ਨੂੰ ਕੰਟਰੋਲ ਕੀਤਾ ਜਾ ਸਕੇ। ਚਾਹੇ ਬੱਚਿਆਂ ਦੀਆਂ ਫੀਸਾਂ ਵਧਾਉਣੀਆਂ ਹਨ, ਚਾਹੇ ਪੇਸ਼ੈਂਟਸ ਦੇ ਇਲਾਜ ਬਾਰੇ ਅਸੀਂ ਕਹਿੰਦੇ ਹਾਂ ਕਿ ਠੀਕ-ਠਾਕ ਰੇਟ 'ਤੇ ਹੋਣਾ ਚਾਹੀਦਾ ਹੈ, ਉਹੀ ਸਾਰਾ ਕੁਝ ਇਸ ਬਿਲ ਵਿੱਚ ਹੈ। ਆਪਾਂ ਅਲੱਗ ਬੈਠ ਜਾਵਾਂਗੇ ਅਤੇ ਮੈਂ ਤੁਹਾਨੂੰ ਇੱਕ ਇੱਕ ਪੁਆਇੰਟ ਸਮਝਾਵਾਂਗਾ ਅਤੇ ਤੁਸੀਂ ਵਾਕਿਆ ਹੀ

ਕਹੋਗੇ ਕਿ ਮੇਰੇ ਤੋਂ ਗਲਤੀ ਹੋ ਗਈ, ਮੈਂ ਇਸ ਬਿਲ ਵਾਸਤੇ ਨਾਂਹ ਕਹਿ ਦਿੱਤੀ ਹੈ, ਫੇਰ ਤੁਸੀਂ ਮੇਰੇ ਨਾਲ ਹਾਂ ਕਰੋਗੇ। ਸ਼ੁਕਰੀਆ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ**: ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ I respect, ਜੋ ਤੁਸੀਂ ਕਹਿ ਰਹੇ ਹੋ। ਮੈਂ ਇੱਥੇ ਬੈਠ ਕੇ ਪੂਰਾ ਬਿਲ ਹੀ ਪੜ੍ਹਿਆ ਹੈ। ਮੈਨੂੰ ਕਾਈਂਡਲੀ ਦੱਸ ਦਿਓ ਕਿ ਕਿਹੜੀ ਕਲਾਜ਼ ਵਿੱਚ ਇਹ ਫੈਕਟਸ ਲਿਖੇ ਹੋਏ ਹਨ ਕਿ ਓਵਰ ਚਾਰਜਿੰਗ ਨਹੀਂ ਹੋਵੇਗੀ (ਵਿਘਨ) ਪਰ ਇਸ ਬਿਲ ਵਿੱਚ ਨਹੀਂ ਹੈ।

**ਮਾਣਯੋਗ ਸਪੀਕਰ**: ਮਾਣਯੋਗ ਮੰਤਰੀ ਜੀ ਨੇ ਕਿਹਾ ਹੈ ਕਿ ਇੱਥੇ ਬੈਠ ਕੇ ਡਿਸਕਸ ਕਰ ਲੈਣਗੇ। ਹਾਂ ਜੀ, ਮੰਤਰੀ ਜੀ ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨਗੇ।

**ਉਦਯੋਗ ਤੇ ਵਣਜ ਮੰਤਰੀ (ਸ਼੍ਰੀ ਸੰਜੀਵ ਅਰੋੜਾ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਸੋਸਾਇਟੀਜ ਰਜਿਸਟ੍ਰੇਸ਼ਨ (ਪੰਜਾਬ ਸੋਧ) ਬਿਲ, 2026 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ-

ਕਿ ਸੋਸਾਇਟੀਜ ਰਜਿਸਟ੍ਰੇਸ਼ਨ (ਪੰਜਾਬ ਸੋਧ) ਬਿਲ, 2026 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ:** ਪ੍ਰਸ਼ਨ ਹੈ:

ਕਿ ਸੋਸਾਇਟੀਜ ਰਜਿਸਟ੍ਰੇਸ਼ਨ (ਪੰਜਾਬ ਸੋਧ) ਬਿਲ, 2026 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---

**ਮਾਣਯੋਗ ਸਪੀਕਰ:** ਮਜ਼ਦੂਰਾਂ ਦੇ ਸਬੰਧ ਵਿੱਚ ਸ਼੍ਰੀ ਨਰੇਸ਼ ਕਟਾਰੀਆ ਜੀ ਕੁਝ ਕਹਿਣਾ ਚਾਹੁੰਦੇ ਹਨ।

**ਸ਼੍ਰੀ ਨਰੇਸ਼ ਕਟਾਰੀਆ (ਜ਼ੀਰਾ):** ਮਾਣਯੋਗ ਸਪੀਕਰ ਸਾਹਿਬ, ਆਪ ਜੀ ਦਾ ਬਹੁਤ-ਬਹੁਤ ਧੰਨਵਾਦ ਜੀ। ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਇੱਥੇ ਬੈਠੇ ਬੈਠੇ ਦੋ ਕੁ ਲਾਈਨਾਂ ਲਿਖੀਆਂ ਅਤੇ ਮੇਰੇ ਮਨ ਦੀ ਤਮੰਨਾ ਸੀ, ਮੈਂ ਉਹ ਬੋਲਣਾ ਚਾਹੁੰਦਾ ਹਾਂ। ਦੋ ਕੁ ਲਾਈਨਾਂ ਹਨ, ਜਿਸ ਦਾ ਹੈਡਿੰਗ ਹੈ, 'ਰੱਬ ਨੂੰ ਵੰਗਾਰ'।

ਸੁਣ ਵਾਕਰ ਗਰੀਬ ਦੇ ਰੱਬਾ
ਜੇ ਮੈਂ ਰੱਬ ਤੇ ਤੂੰ ਮਜ਼ਦੂਰ ਹੁੰਦਾ
ਮੇਰੀ ਧੀ ਵਰਗੀ ਤੇਰੀ ਧੀ ਹੁੰਦੀ
ਜਿਸ ਦੇ ਸਿਰ 'ਤੇ ਚੁੱਕਿਆ ਭਾਰ ਹੁੰਦਾ
ਕੋਲੇ ਫਿਰੇ ਉਹ ਚੁੱਕਦੀ ਲਾਈਨਾਂ ਅੰਦਰ

ਕੋਲੇ ਫਿਰੇ ਉਹ ਚੁੱਕਦੀ ਲਾਈਨਾਂ ਅੰਦਰ
ਨਾਲ ਉਸ ਦੇ ਉਸ ਦਾ ਛੋਟਾ ਭਰਾ ਹੁੰਦਾ
ਪੈਰ ਸੜਦੇ ਜਦ ਤੇਰੇ ਬੱਚਿਆਂ ਦੇ
ਤੇ ਤੇਰਾ ਦਿਲ ਦੇਖ ਕੇ ਚਕਨਾਚੂਰ ਹੁੰਦਾ
ਤੈਨੂੰ ਪਤਾ ਗਰੀਬੀ ਦਾ ਲੱਗ ਜਾਂਦਾ
ਜੇ ਮੈਂ ਰੱਬ ਤੇ ਤੂੰ ਮਜ਼ਦੂਰ ਹੁੰਦਾ। (ਥੰਪਿੰਗ)

**ਮਾਣਯੋਗ ਸਪੀਕਰ**: ਵਾਹ, ਕਿਆ ਬਾਤ ਹੈ।

**ਸ਼੍ਰੀ ਨਰੇਸ਼ ਕਟਾਰੀਆ**: ਸਰ, ਅੱਗੇ ਵੀ ਹੈ ਜੀ ।

ਇੱਕ ਛੋਟਾ ਜਿਹਾ ਬੰਗਲਾ ਬਣਾਉਣ ਦੇ ਲਈ
ਤੇਰੇ ਬੱਚਿਆਂ ਦੇ ਸਿਰ 'ਤੇ ਧਰੀ ਕੜਾਹੀ ਹੁੰਦੀ
ਤੈਨੂੰ ਪਤਾ ਲੱਗ ਜਾਂਦਾ, ਜਦੋਂ 14 ਇੱਟਾਂ ਚੁੱਕੀ ਜਾਂਦੇ ਚੌਥੀ ਮੰਜ਼ਿਲ 'ਤੇ
ਤੇਰੀ ਇਹ ਨੇਕ ਕਮਾਈ ਹੁੰਦੀ
ਬੰਗਲਾ ਬਣ ਕੇ ਜਦੋਂ ਤਿਆਰ ਹੁੰਦਾ
ਅੰਦਰ ਵੜ੍ਹਨ ਤੋਂ ਤੈਨੂੰ ਮਨਾਹੀ ਹੁੰਦੀ
ਤਾਂ ਤੈਨੂੰ ਪਤਾ ਗਰੀਬੀ ਦਾ ਲੱਗ ਜਾਂਦਾ
ਜੇ ਮੈਂ ਰੱਬ ਤੇ ਤੂੰ ਮਜ਼ਦੂਰ ਹੁੰਦਾ। (ਥੰਪਿੰਗ)

**ਮਾਣਯੋਗ ਸਪੀਕਰ** : ਬਹੁਤ ਧੰਨਵਾਦ ਜੀ।

**ਸ਼੍ਰੀ ਨਰੇਸ਼ ਕਟਾਰੀਆ** : ਸਪੀਕਰ ਸਾਹਿਬ, ਮਾਨ ਸਾਹਿਬ ਵਾਸਤੇ ਨਿੱਕੀ ਜਿਹੀ ਬੱਸ ਇੱਕੋ ਲਾਈਨ ਹੈ ਜੀ।

ਖੁਦਾ ਕੇ ਡਰ ਸੇ, ਤੁਝੇ ਖੁਦਾ ਤੋ ਕਹ ਨਹੀਂ ਸਕਤੇ
ਖੁਦਾ ਕੇ ਡਰ ਸੇ, ਤੁਝੇ ਖੁਦਾ ਤੋ ਕਹ ਨਹੀਂ ਸਕਤੇ
ਕਹਰ-ਏ-ਖੁਦਾ, ਲੁਤਫ਼-ਏ-ਖੁਦਾ, ਸ਼੍ਰਮ-ਏ-ਖੁਦਾ ਹੋ ਤੁਮ।

ਬਹੁਤ-ਬਹੁਤ ਧੰਨਵਾਦ ਜੀ। ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

**ਮਾਣਯੋਗ ਸਪੀਕਰ** : ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ ਜੀ।। ਕਿਆ ਬਾਤ ਹੈ ਜੀ। ਸੋ, ਅੱਜ ਦਾ ਦਿਨ ਸਾਡੇ ਕਿਰਤੀਆਂ ਦੇ ਨਾਮ ਹੋਇਆ। ਜਿਨ੍ਹਾਂ ਕਰਕੇ ਸਾਰਾ ਸਮਾਜ ਚੱਲਦਾ ਹੈ, ਦੁਨੀਆ ਚੱਲਦੀ ਹੈ। ਅੱਜ ਦੇ ਦਿਨ ਕਿਰਤੀਆਂ ਨੇ ਇਕੱਠੇ ਹੋ ਕੇ ਸ਼ਿਕਾਗੋ ਵਿਖੇ ਆਪਣੀ ਤਾਕਤ ਦਾ ਮੁਜ਼ਾਹਰਾ ਵੀ ਕੀਤਾ ਸੀ ਔਰ ਉਹ ਆਪਣੇ 8 ਘੰਟੇ ਦੀ ਮਿਹਨਤ ਵਾਲਾ ਕਾਨੂੰਨ ਲੈ ਕੇ ਆਏ। ਸਾਡੇ ਕਿਰਤੀਆਂ ਨੂੰ ਸਲਾਮ ਹੈ। ਸੋ, ਬਹੁਤ-ਬਹੁਤ ਧੰਨਵਾਦ। ਆਪ ਜੀ ਨੇ, ਸਾਰੇ ਸਦਨ ਨੇ ਇਹ ਦਿਨ ਕਿਰਤੀਆਂ ਦੇ ਨਾਮ ਦਿੱਤਾ। ਗੁਰੂ ਸਾਹਿਬ ਦੇ ਸ਼ੁਕਰਾਨੇ ਦੇ ਨਾਮ ਦਿੱਤਾ।

ਹੁਣ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੁੰਦਾ ਹੈ।

(ਇਸ *ਉਪਰੰਤ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੋ ਗਿਆ।)

*5.18 ਵਜੇ ਸ਼ਾਮ।)

# APPENDIX

## BULLETINS (PUNJABI AND ENGLISH)

**16ਵੀਂ ਪੰਜਾਬ ਵਿਧਾਨ ਸਭਾ** **ਪੰਜਾਬ ਵਿਧਾਨ ਸਭਾ**

**ਬਾਰਵਾਂ ਸਮਾਗਮ, 2026** **ਬੁਲੇਟਿਨ ਨੰ: 09**

**ਸ਼ੁੱਕਰਵਾਰ, 01 ਮਈ, 2026**

(11.00 ਵਜੇ ਪੂਰਵ ਦੁਪਹਿਰ ਤੋਂ 05.18 ਵਜੇ ਸ਼ਾਮ ਤੱਕ)

**1. ਅਕਾਲ ਚਲਾਣਿਆਂ ਦਾ ਵਰਣਨ:-**

ਮਾਣਯੋਗ ਸਪੀਕਰ ਵੱਲੋਂ ਨਿਮਨਲਿਖਤ ਅਕਾਲ ਚਲਾਣਿਆਂ ਦਾ ਵਰਣਨ ਕੀਤਾ ਗਿਆ:

1. ਸ਼੍ਰੀ ਚਮਨ ਲਾਲ, ਅਜ਼ਾਦੀ ਘੁਲਾਟੀਆ;
2. ਸ਼੍ਰੀ ਰਘੂ ਰਾਏ, ਵਿਸ਼ਵ ਪ੍ਰਸਿੱਧ ਫੋਟੋਗ੍ਰਾਫਰ;
3. ਸ਼੍ਰੀ ਦੀਪਇੰਦਰ ਸਿੰਘ, ਲੈਫਟੀਨੈਂਟ ਜਨਰਲ;
4. ਸਰਦਾਰ ਗੁਰਬਖਸ਼ ਸਿੰਘ ਗਰੇਵਾਲ, ਓਲੰਪਿਕ ਤਮਗਾ ਜੇਤੂ, ਹਾਕੀ ਖਿਡਾਰੀ

ਮਾਣਯੋਗ ਸਪੀਕਰ ਵੱਲੋਂ ਉਪਰੋਕਤ ਵਰਣਿਤ ਸ਼ਖਸੀਅਤਾਂ ਦੇ ਜੀਵਨ ਅਤੇ ਯੋਗਦਾਨ ਬਾਰੇ ਸਦਨ ਵਿੱਚ ਵਰਣਨ ਕੀਤਾ ਗਿਆ ਅਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਸਦਨ ਵੱਲੋਂ ਇਨ੍ਹਾਂ ਸ਼ਖਸੀਅਤਾਂ ਅਤੇ ਨਾਗਰਿਕਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ।

ਮਾਣਯੋਗ ਸਪੀਕਰ ਵੱਲੋਂ ਸਦਨ ਨੂੰ ਸੂਚਿਤ ਕੀਤਾ ਗਿਆ ਕਿ ਵਿਛੜੀਆਂ ਸ਼ਖਸੀਅਤਾਂ ਦੇ ਪਰਿਵਾਰਾਂ ਨੂੰ ਸ਼ੋਕ ਸੁਨੇਹੇ ਭੇਜ ਦਿੱਤੇ ਜਾਣਗੇ।

ਸਦਨ ਨੇ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਸਤਿਕਾਰ ਵਜੋਂ ਦੋ ਮਿੰਟ ਲਈ ਖੜ੍ਹੇ ਹੋ ਕੇ ਮੌਨ ਧਾਰਨ ਕੀਤਾ।

**2. ਸਦਨ ਨੂੰ ਥੋੜ੍ਹੇ ਸਮੇਂ ਲਈ ਸਥੱਗਿਤ ਕਰਨਾ**

ਮਾਣਯੋਗ ਸਪੀਕਰ ਵੱਲੋਂ ਵਿਛੜੀਆਂ ਰੂਹਾਂ ਦੇ ਸਤਿਕਾਰ ਵਜੋਂ ਸਦਨ ਨੂੰ 11.06 ਵਜੇ ਪੂਰਵ ਦੁਪਹਿਰ ਤੋਂ 11.30 ਵਜੇ ਪੂਰਵ ਦੁਪਹਿਰ ਤੱਕ, 01.29 ਵਜੇ ਬਾਅਦ ਦੁਪਹਿਰ ਤੋਂ 03.00 ਵਜੇ ਬਾਅਦ ਦੁਪਹਿਰ ਤੱਕ ਅਤੇ 03.10 ਵਜੇ ਬਾਅਦ ਦੁਪਹਿਰ ਤੋਂ 03.20 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਕੀਤਾ ਗਿਆ।

3. **ਨਿਯਮ 16 ਅਧੀਨ ਪ੍ਰਸਤਾਵ**

ਸੰਸਦੀ ਮਾਮਲੇ ਮੰਤਰੀ ਦੁਆਰਾ ਨਿਮਨਲਿਖਤ ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ-

"ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।

ਸਰਦਾਰ ਪ੍ਰਤਾਪ ਸਿੰਘ ਬਾਜਵਾ, ਵਿਰੋਧੀ ਧਿਰ ਦੇ ਨੇਤਾ 01 ਮਿੰਟ ਲਈ ਬੋਲੇ।

ਜਵਾਬ ਦਿੰਦੇ ਹੋਏ ਮਾਣਯੋਗ ਮੁੱਖ ਮੰਤਰੀ 03 ਮਿੰਟਾਂ ਲਈ ਬੋਲੇ।

4. **ਮੇਜ਼ ਤੇ ਰੱਖੇ ਗਏ ਕਾਗਜ਼-ਪੱਤਰ**

ਸੰਸਦੀ ਮਾਮਲੇ ਮੰਤਰੀ ਨੇ ਬੈਠਕ ਦੀ ਕਾਰਜ-ਸੂਚੀ ਦੇ ਲੜੀ ਨੰ: 3 ਅਧੀਨ ਦਰਸਾਏ ਗਏ ਲੜੀ ਨੰ: 1 ਤੋਂ 8 ਤੱਕ ਦੇ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖੇ।

5. **ਸਰਕਾਰੀ ਮਤਾ**

ਸਰਦਾਰ ਤਰੁਨਪ੍ਰੀਤ ਸਿੰਘ ਸੌਂਦ, ਕਿਰਤ ਮੰਤਰੀ ਵਲੋਂ ਹੇਠ ਲਿਖਿਆ ਮਤਾ ਸਦਨ ਦੀ ਵੋਟ ਲਈ ਰੱਖਿਆ ਗਿਆ,ਮਤਾ ਪੇਸ਼ ਕਰਦੇ ਹੋਏ ਉਹ 07 ਮਿੰਟ ਲਈ ਬੋਲੇ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

"ਕਿ ਅੱਜ 'ਕਿਰਤੀ ਦਿਵਸ' ਤੇ ਇਹ ਵਿਧਾਨ ਸਭਾ ਦਾ ਸਪੈਸ਼ਲ ਸੈਸ਼ਨ ਬੁਲਾਇਆ ਗਿਆ ਹੈ, ਤਾਂ ਜੋ ਕਿਰਤੀਆਂ ਨੂੰ ਨਮਨ ਕੀਤਾ ਜਾ ਸਕੇ । ਕਿਰਤੀ ਦੇਸ਼, ਕੌਮ, ਰਾਜ ਅਤੇ ਸਮਾਜ ਦੇ ਨਿਰਮਾਣ ਦਾ ਧੁਰਾ ਹਨ। ਉਹਨਾਂ ਦੇ ਖੂਨ-ਪਸੀਨੇ ਨਾਲ ਹੀ ਹਰ ਨਿਰਮਾਣ ਕਾਰਜ ਸਫਲ ਹੁੰਦਾ ਹੈ। 'ਮਈ ਦਿਵਸ' ਸੰਨ 1886 ਵਿੱਚ Haymarket Square, ਸ਼ਿਕਾਗੋ ਵਿੱਚ ਕੰਮ ਦੇ ਘੰਟੇ 8 ਕਰਨ ਦੇ ਇਤਿਹਾਸਕ ਅੰਦੋਲਨ ਵਿੱਚ ਸ਼ਹਾਦਤਾਂ ਦੇਣ ਵਾਲੇ ਕਿਰਤੀਆਂ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ, ਜੋ ਕਿ ਸਮਾਜਿਕ ਨਿਆਂ ਅਤੇ ਬੇਹਤਰ ਕਿਰਤ-ਸਹੂਲਤਾਂ ਦੀ ਮਹੱਤਤਾ ਨੂੰ ਦਰਸਾਉਂਦਾ ਹੈ।

ਪੰਜਾਬ ਦੀ ਧਰਤੀ ਗੁਰੂਆਂ, ਪੀਰਾਂ, ਪੈਗੰਬਰਾਂ ਅਤੇ ਸੂਰਵੀਰ ਯੋਧਿਆਂ ਦੀ ਧਰਤੀ ਹੈ | ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਦਿੱਤੇ ਸੰਦੇਸ਼ ਵਿੱਚ ਕਿਰਤ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ "ਕਿਰਤ ਕਰੋ ਨਾਮ ਜਪੋ ਅਤੇ ਵੰਡ ਛਕੋ' ਦਾ ਉਪਦੇਸ਼ ਦਿੱਤਾ ਗਿਆ ਹੈ।

ਪੰਜਾਬ ਵਿੱਚ ਕਿਰਤੀ ਵਰਗ ਦੀਆਂ ਘੱਟੋਂ-ਘੱਟ ਉਜ਼ਰਤਾਂ ਵਿੱਚ ਵਾਧਾ ਕਰਦੇ ਹੋਏ ਸਾਲ 2012 ਵਿੱਚ ਉਜ਼ਰਤਾਂ ਦੇ ਬੇਸ ਰੇਟ ਦੀ ਰਵੀਜ਼ਨ ਕੀਤੀ ਗਈ ਸੀ | ਭਾਵੇਂ ਸਾਲ 2012 ਤੋਂ ਹੁਣ ਤੱਕ ਮਹਿੰਗਾਈ ਭੱਤਾ ਵਧਦਾ ਰਿਹਾ ਹੈ, ਪਰ ਘੱਟੋ-ਘੱਟ ਉਜਰਤਾਂ ਦੇ ਬੇਸ ਰੇਟ ਵਿੱਚ ਵਾਧਾ ਨਹੀਂ ਹੋਇਆ ਹੈ | ਮਈ ਦਿਵਸ ਦੇ ਇਸ ਮੁਕੱਦਸ ਦਿਨ ਤੇ ਵਿਧਾਨ ਸਭਾ ਦੇ ਇਸ ਵਿਸ਼ੇਸ਼ ਸੈਸ਼ਨ ਵਿੱਚ ਕਿਰਤੀਆਂ ਦੀਆਂ ਘੱਟੋਂ-ਘੱਟ ਉਜ਼ਰਤਾਂ ਦੀ ਰਵੀਜ਼ਨ ਕਰਨ ਦੀ ਤਜਵੀਜ਼ ਪੇਸ਼ ਕਰਦਾ ਹੈ ਅਤੇ

ਸਦਨ ਸਿਫਾਰਸ਼ ਕਰਦਾ ਹੈ ਕਿ ਕਿਰਤੀਆਂ ਦੀਆਂ ਘੱਟੋ-ਘੱਟ ਉਜ਼ਰਤਾ ਵਿੱਚ ਵਾਧਾ ਕੀਤਾ ਜਾਵੇ ਤਾਂ ਜੋ ਕਿਰਤੀਆਂ ਦੇ ਯੋਗਦਾਨ ਨੂੰ ਸਤਿਕਾਰਿਆ ਜਾ ਸਕੇ, ਕਿਰਤੀਆਂ ਦੀ ਸ਼ਲਾਘਾ ਕੀਤੀ ਜਾ ਸਕੇ ਅਤੇ ਕਿਰਤੀਆਂ ਦੇ ਯੋਗਦਾਨ ਲਈ ਉਹਨਾਂ ਦਾ ਧੰਨਵਾਦ ਕੀਤਾ ਜਾ ਸਕੇ।"

ਨਿਮਨਲਿਖਤ ਮੈਂਬਰਾਂ ਨੇ ਮਤੇ ਤੇ ਬਹਿਸ ਵਿਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

| | | |
|---|---|---|
| 1. | ਸਰਦਾਰ ਪ੍ਰਤਾਪ ਸਿੰਘ ਬਾਜਵਾ, ਵਿਰੋਧੀ ਧਿਰ ਦੇ ਨੇਤਾ | 06 ਮਿੰਟ |
| 2. | ਸ਼੍ਰੀ ਸੁਖਵਿੰਦਰ ਸਿੰਘ ਕੋਟਲੀ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ | 07 ਮਿੰਟ |
| 3. | ਸ਼੍ਰੀ ਲਾਲ ਚੰਦ, ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ | 11 ਮਿੰਟ |
| 4. | ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ | 20 ਮਿੰਟ |
| 5. | ਡਾ. ਨਛੱਤਰ ਪਾਲ, ਬਹੁਜਨ ਸਮਾਜ ਪਾਰਟੀ | 04 ਮਿੰਟ |
| 6. | ਸਰਦਾਰ ਹਰਭਜਨ ਸਿੰਘ, ਲੋਕ ਨਿਰਮਾਣ (ਭ ਤੇ ਮ) ਮੰਤਰੀ | 08 ਮਿੰਟ |
| 7. | ਪ੍ਰਿੰਸੀਪਲ ਬੁੱਧ ਰਾਮ, ਆਮ ਆਦਮੀ ਪਾਰਟੀ | 11 ਮਿੰਟ |
| 8. | ਸਰਦਾਰ ਲਾਭ ਸਿੰਘ ਉਗੋਕੇ, ਆਮ ਆਦਮੀ ਪਾਰਟੀ | 10 ਮਿੰਟ |
| 9. | ਰਾਣਾ ਇੰਦਰ ਪ੍ਰਤਾਪ ਸਿੰਘ, ਅਜ਼ਾਦ | 07 ਮਿੰਟ |
| 10. | ਸ਼੍ਰੀ ਅਮਨ ਅਰੋੜਾ, ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ | 01 ਮਿੰਟ |
| 11. | ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਆਮ ਆਦਮੀ ਪਾਰਟੀ | 03 ਮਿੰਟ |

ਸਰਕਾਰੀ ਮਤੇ ਤੇ ਹੋਈ ਬਹਿਸ ਦਾ ਜਵਾਬ ਦਿੰਦੇ ਹੋਏ ਮਾਣਯੋਗ ਮੁੱਖ ਮੰਤਰੀ 19 ਮਿੰਟਾਂ ਲਈ ਬੋਲੇ।

**6. ਧੰਨਵਾਦ ਪ੍ਰਸਤਾਵ**

ਪ੍ਰੋਫੈਸਰ ਬਲਜਿੰਦਰ ਕੌਰ, ਐਮ.ਐਲ.ਏ ਵਲੋਂ ਹੇਠ ਲਿਖਿਆ ਧੰਨਵਾਦੀ ਮਤਾ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

"13 ਅਪ੍ਰੈਲ, 2026 ਨੂੰ ਵਿਸਾਖੀ ਅਤੇ ਖਾਲਸਾ ਸਾਜਨਾ ਦੇ ਪਵਿੱਤਰ ਦਿਹਾੜੇ ਤੇ ਇਸ ਸਦਨ ਵੱਲੋਂ ਜੋ ਇਤਿਹਾਸਕ ਬਿਲ 'ਜਾਗਤ ਜੋਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿਲ, 2026" ਪਾਸ ਕੀਤਾ ਗਿਆ ਹੈ ਅਤੇ ਮਾਣਯੋਗ ਰਾਜਪਾਲ, ਪੰਜਾਬ ਜੀ ਦੀ ਸਹਿਮਤੀ ਉਪਰੰਤ ਇਸ ਦੇ ਪੰਜਾਬ ਵਿੱਚ ਲਾਗੂ ਹੋ ਜਾਣ ਨਾਲ ਸਿੱਖ ਭਾਈਚਾਰੇ ਦੀਆਂ ਲੰਬੇ ਸਮੇਂ ਤੋਂ ਚੱਲੀਆਂ ਆ ਰਹੀਆਂ ਭਾਵਨਾਵਾਂ ਅਤੇ ਮੰਗਾਂ ਦੀ ਪੂਰਤੀ ਹੋਈ ਹੈ। ਇਹ ਸੂਬੇ ਵਿੱਚ ਧਾਰਮਿਕ ਏਕਤਾ, ਭਾਈਚਾਰਕ ਸਾਂਝ ਅਤੇ ਸ਼ਾਂਤੀ ਨੂੰ ਮਜ਼ਬੂਤ ਬਣਾਉਣ ਵਿੱਚ ਇੱਕ ਮਹੱਤਵਪੂਰਨ ਅਤੇ ਇਤਿਹਾਸਕ ਕਦਮ ਹੈ।

ਇਸ ਬਿਲ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨਾਲ ਜੁੜੀਆਂ ਘਿਨਾਉਣੀਆਂ ਘਟਨਾਵਾਂ ਲਈ ਸਖ਼ਤ ਤੋਂ ਸਖ਼ਤ ਸਜ਼ਾਵਾਂ, ਖਾਸ ਕਰਕੇ ਸਾਜਿਸ਼ ਰਾਹੀਂ ਬੇਅਦਬੀ ਕਰਨ ਵਾਲਿਆਂ ਲਈ ਉਮਰ ਕੈਦ ਤੱਕ ਦੀ ਸਜ਼ਾ ਅਤੇ ਭਾਰੀ ਜੁਰਮਾਨੇ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਤੋਂ

ਇਲਾਵਾ ਡਿਜੀਟਲ ਮਾਧਿਅਮਾਂ ਰਾਹੀਂ ਹੋਣ ਵਾਲੀਆਂ ਬੇਅਦਬੀਆਂ ਨੂੰ ਵੀ ਇਸ ਦੇ ਦਾਇਰੇ ਵਿੱਚ ਲਿਆਂਦਾ ਗਿਆ ਹੈ

ਇਹ ਸਦਨ ਸਭ ਤੋਂ ਪਹਿਲਾਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਟਨ ਕੋਟ ਸ਼ੁਕਰਗੁਜ਼ਾਰ ਹੈ ਅਤੇ ਉਨ੍ਹਾਂ ਅੱਗੇ ਨਤਮਸਤਕ ਹੁੰਦਾ ਹੈ, ਜਿਨ੍ਹਾਂ ਨੇ ਇਸ ਸਦਨ ਨੂੰ ਇਹ ਸੇਵਾ ਬਖਸ਼ ਕੇ ਨਿਹਾਲ ਕੀਤਾ ਅਤੇ ਆਪ ਹੀ ਰਹਿਨੁਮਾਈ ਕਰਕੇ ਇਸ ਪਵਿੱਤਰ ਕਾਰਜ ਨੂੰ ਨੇਪਰੇ ਚੜ੍ਹਾਉਣ ਵਿੱਚ ਆਸਰਾ ਦਿੱਤਾ।

ਇਹ ਸਦਨ ਉਨ੍ਹਾਂ ਸਾਰੀਆਂ ਸਤਿਕਾਰਤ ਸ਼ਖਸੀਅਤਾਂ ਦਾ ਵੀ ਧੰਨਵਾਦ ਕਰਦਾ ਹੈ, ਜਿਨ੍ਹਾਂ ਨੇ ਮਰਿਆਦਾ ਅਨੁਸਾਰ ਬਿਲ ਡਰਾਫ਼ਟ ਕਰਨ ਵਿੱਚ ਯੋਗਦਾਨ ਪਾਇਆ ਅਤੇ ਇਤਿਹਾਸਕ ਕਾਨੂੰਨ ਪ੍ਰਤੀ ਇੱਕਸੁਰਤਾ ਪ੍ਰਗਟ ਕੀਤੀ।

ਇਸ ਸਦਨ ਨੂੰ ਪੂਰਨ ਵਿਸ਼ਵਾਸ ਹੈ ਕਿ ਇਸ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇਗਾ ਅਤੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰਤਾ ਅਤੇ ਸਤਿਕਾਰ ਬਣਾਈ ਰੱਖਿਆ ਜਾਵੇਗਾ।”

ਨਿਮਨਲਿਖਤ ਮੈਂਬਰਾਂ ਨੇ ਧੰਨਵਾਦੀ ਮਤੇ ਤੇ ਬਹਿਸ ਵਿਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

| | | |
|---|---|---|
| 1. | ਡਾ. ਨਛੱਤਰ ਪਾਲ, ਬਹੁਜਨ ਸਮਾਜ ਪਾਰਟੀ | 01 ਮਿੰਟ |
| 2. | ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ | 02 ਮਿੰਟ |
| 3. | ਸਰਦਾਰ ਕੁਲਦੀਪ ਸਿੰਘ ਧਾਲੀਵਾਲ, ਆਮ ਆਦਮੀ ਪਾਰਟੀ | 01 ਮਿੰਟ |
| 4. | ਪ੍ਰਿੰਸੀਪਲ ਬੁੱਧ ਰਾਮ, ਆਮ ਆਦਮੀ ਪਾਰਟੀ | 01 ਮਿੰਟ |
| 5. | ਰਾਣਾ ਇੰਦਰ ਪ੍ਰਤਾਪ ਸਿੰਘ, ਅਜ਼ਾਦ | 01 ਮਿੰਟ |
| 6. | ਸਰਦਾਰ ਹਰਜੋਤ ਸਿੰਘ ਬੈਂਸ, ਸਿੱਖਿਆ ਮੰਤਰੀ | 02 ਮਿੰਟ |

ਧੰਨਵਾਦ ਪ੍ਰਸਤਾਵ ਤੇ ਹੋਈ ਬਹਿਸ ਦਾ ਜਵਾਬ ਦਿੰਦੇ ਹੋਏ ਮਾਣਯੋਗ ਮੁੱਖ ਮੰਤਰੀ 06 ਮਿੰਟਾਂ ਲਈ ਬੋਲੇ।

7. **ਮਾਣਯੋਗ ਮੁੱਖ ਮੰਤਰੀ ਵੱਲੋਂ ਵਿਸ਼ਵਾਸ ਮਤਾ**

ਮਾਣਯੋਗ ਮੁੱਖ ਮੰਤਰੀ ਨੇ ਹੇਠ ਲਿਖਿਆ ਮਤਾ ਸਦਨ ਵਿੱਚ ਪੇਸ਼ ਕੀਤਾ ਜੋ ਸਰਬਸੰਮਤੀ ਨਾਲ ਪ੍ਰਵਾਨ ਹੋਇਆ:-

"ਕਿ ਇਹ ਸਦਨ ਮੰਤਰੀ ਮੰਡਲ ਦੇ ਵਿੱਚ ਆਪਣਾ ਵਿਸ਼ਵਾਸ ਪ੍ਰਗਟ ਕਰਦਾ ਹੈ।”

ਮਤਾ ਪੇਸ਼ ਕਰਦੇ ਹੋਏ ਮਾਣਯੋਗ ਮੁੱਖ ਮੰਤਰੀ 07 ਮਿੰਟ ਲਈ ਬੋਲੇ।

ਉਪਰੋਕਤ ਮਤੇ ਦੀ ਤਾਈਦ ਕਰਦੇ ਹੋਏ ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ 08 ਮਿੰਟ ਲਈ ਬੋਲੇ।

ਨਿਮਨਲਿਖਤ ਮੈਂਬਰਾਂ ਨੇ ਵਿਸ਼ਵਾਸ ਮਤੇ ਤੇ ਬਹਿਸ ਵਿਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

| | |
|---|---|
| **1.** ਡਾਕਟਰ ਬਲਬੀਰ ਸਿੰਘ, ਸਿਹਤ ਅਤੇ ਪਰਿਵਾਰ ਭਲਾਈ | 04 ਮਿੰਟ |
| 2. ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਆਮ ਆਦਮੀ ਪਾਰਟੀ | 04 ਮਿੰਟ |
| 3. ਸ਼੍ਰੀ ਸੰਜੀਵ ਅਰੋੜਾ, ਸਥਾਨਕ ਸਰਕਾਰ ਮੰਤਰੀ | 05 ਮਿੰਟ |
| 4. ਸ਼੍ਰੀਮਤੀ ਅਨਮੋਲ ਗਗਨ ਮਾਨ, ਆਮ ਆਦਮੀ ਪਾਰਟੀ | 04 ਮਿੰਟ |
| 5. ਰਾਣਾ ਇੰਦਰ ਪ੍ਰਤਾਪ ਸਿੰਘ, ਅਜ਼ਾਦ | 03 ਮਿੰਟ |
| **7.** ਸ਼੍ਰੀ ਅਮਨ ਅਰੋੜਾ, ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ | 11 ਮਿੰਟ |

**8. ਵਾਕ ਆਊਟ**

ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਸਮੇਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਐਲਕੋਮੀਟਰ ਟੈਸਟ ਨਾ ਕਰਵਾਏ ਜਾਣ ਦੀ ਮੰਗ ਦੇ ਵਿਰੋਧ ਵਿੱਚ ਸਦਨ ਵਿਚੋਂ ਵਾਕ ਆਊਟ ਕਰ ਗਏ।

**9. ਮਾਣਯੋਗ ਸਪੀਕਰ ਵੱਲੋਂ ਸਵਾਗਤੀ ਐਲਾਨ**

ਮਾਣਯੋਗ ਸਪੀਕਰ ਵੱਲੋਂ ਵੱਖ-ਵੱਖ ਸਮੇਂ ਤੇ ਨਿਮਨਲਿਖਤ ਸ਼ਖਸੀਅਤਾਂ ਦੇ ਹਾਜ਼ਰ ਹੋਣ ਬਾਰੇ ਸਦਨ ਨੂੰ ਜਾਣੂੰ ਕਰਵਾਇਆ ਗਿਆ ਅਤੇ ਸਮੂਹ ਸਦਨ ਵੱਲੋਂ ਉਨ੍ਹਾਂ ਨੂੰ ਜੀ ਆਇਆਂ ਆਖਿਆ ਗਿਆ-

1. ਸੁਤੰਤਰਤਾ ਸੰਗਰਾਮੀ ਹਰਭਜਨ ਸਿੰਘ ਸਕੂਲ ਆਫ ਐਮੀਨੈਂਸ, ਪਿੰਡ ਘੱਗਾ, ਜ਼ਿਲ੍ਹਾ ਪਟਿਆਲਾ ਦੇ ਵਿਦਿਆਰਥੀ;
2. ਮਈ ਦਿਵਸ ਦੇ ਮੌਕੇ ਤੇ ਕਾਰਵਾਈ ਵੇਖਣ ਲਈ ਸੱਦੇ ਗਏ ਬਹੁਤ ਸਾਰੇ ਮਜ਼ਦੂਰ, ਕਿਰਤੀ ਤੇ ਕਾਮੇ।
3.

**10. ਮਾਣਯੋਗ ਮੁੱਖ ਮੰਤਰੀ ਵੱਲੋਂ ਐਲਾਨ**

ਮਾਣਯੋਗ ਮੁੱਖ ਮੰਤਰੀ ਵੱਲੋਂ ਮਈ ਦਿਵਸ ਦੇ ਸਬੰਧ ਵਿੱਚ ਬੁਲਾਏ ਵਿਧਾਨ ਸਭਾ ਦੇ ਸਪੈਸ਼ਲ ਸੈਸ਼ਨ ਵਿੱਚ ਸਰਕਾਰੀ ਅਤੇ ਗੈਰ-ਸਰਕਾਰੀ ਕਾਮਿਆਂ ਦੇ ਮੀਨੀਮਮ ਵੇਜਿਜ਼ ਵਿੱਚ 15% ਵਾਧੇ ਦਾ ਐਲਾਨ ਕੀਤਾ ਗਿਆ।

**11. <u>ਸਦਨ ਦਾ ਸਮਾਂ ਵਧਾਉਣ ਸਬੰਧੀ</u>**

ਮਾਣਯੋਗ ਸਪੀਕਰ ਵੱਲੋਂ ਸਦਨ ਦੀ ਸਹਿਮਤੀ ਲੈਣ ਉਪਰੰਤ ਬੈਠਕ ਦਾ ਸਮਾਂ ਕਾਰਜਸੂਚੀ ਵਿੱਚ ਦਰਜ ਕੰਮ-ਕਾਰ ਦੇ ਖਤਮ ਹੋਣ ਤੱਕ ਵਧਾਇਆ ਗਿਆ।

**12. <u>ਵਿਧਾਨਕ ਕੰਮ-ਕਾਰ</u>**

1) **<u>ਪੰਜਾਬ ਪ੍ਰੀਜ਼ਨਜ ਅਤੇ ਕਰੈਕਸ਼ਨਲ ਸਰਵਿਸਿਜ਼ ਬਿਲ, 2026</u>**

ਜੇਲ੍ਹਾਂ ਮੰਤਰੀ ਨੇ ਪੰਜਾਬ ਪ੍ਰੀਜ਼ਨਜ ਅਤੇ ਕਰੈਕਸ਼ਨਲ ਸਰਵਿਸਿਜ਼ ਬਿਲ, 2026 ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਵੀ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ 1 ਦੀ ਸਬ-ਕਲਾਜ਼ (2) ਅਤੇ (3) , ਕਲਾਜ਼ 2 ਤੋਂ 89 ਇਕੱਠੀਆਂ, ਕਲਾਜ਼ 1 ਦੀ ਸਬ-ਕਲਾਜ਼ (1) ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਏ।

ਜੇਲ੍ਹਾਂ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ ਕਿ "ਪੰਜਾਬ ਪ੍ਰੀਜ਼ਨਜ ਅਤੇ ਕਰੈਕਸ਼ਨਲ ਸਰਵਿਸਿਜ਼ ਬਿਲ, 2026 ਪਾਸ ਕੀਤਾ ਜਾਵੇ", ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

2) **<u>ਸੋਸਾਇਟੀਜ਼ ਰਜਿਸਟਰੇਸ਼ਨ (ਪੰਜਾਬ ਸੋਧ) ਬਿਲ, 2026</u>**

ਉਦਯੋਗ ਅਤੇ ਵਣਜ ਮੰਤਰੀ ਨੇ ਸੋਸਾਇਟੀਜ਼ ਰਜਿਸਟਰੇਸ਼ਨ (ਪੰਜਾਬ ਸੋਧ) ਬਿਲ, 2026 ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਵੀ ਕੀਤਾ ਕਿ ਬਿੱਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਨਿਮਨਲਿਖਤ ਮੈਂਬਰਾਂ ਨੇ ਬਿਲ ਤੇ ਹੋਈ ਬਹਿਸ ਵਿਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

| | | |
|---|---|---|
| 1. | ਰਾਣਾ ਇੰਦਰ ਪ੍ਰਤਾਪ ਸਿੰਘ, ਅਜ਼ਾਦ | 05 ਮਿੰਟ |
| 2. | ਡਾ. ਬਲਬੀਰ ਸਿੰਘ, ਸਿਹਤ ਅਤੇ ਪਰਿਵਾਰ ਭਲਾਈ ਮੰਤਰੀ | 02 ਮਿੰਟ |

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ 1 ਦੀ ਸਬ-ਕਲਾਜ਼ (2), ਕਲਾਜ਼ 2 ਤੋਂ 13 ਇਕੱਠੀਆਂ, ਕਲਾਜ਼ 1 ਦੀ ਸਬ-ਕਲਾਜ਼ (1) ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਪ੍ਰਵਾਨ ਹੋਏ।

ਉਦਯੋਗ ਅਤੇ ਵਣਜ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ ਕਿ "ਸੋਸਾਇਟੀਜ਼ ਰਜਿਸਟਰੇਸ਼ਨ (ਪੰਜਾਬ ਸੋਧ) ਬਿਲ, 2026 ਪਾਸ ਕੀਤਾ ਜਾਵੇ", ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਹੋਈ ਬਹਿਸ ਦਾ ਜਵਾਬ ਦਿੰਦੇ ਹੋਏ ਉਦਯੋਗ ਅਤੇ ਵਣਜ ਮੰਤਰੀ 01 ਮਿੰਟ ਲਈ ਬੋਲੇ।

ਮਾਣਯੋਗ ਡਿਪਟੀ ਸਪੀਕਰ ਨੇ 12.31 ਵਜੇ ਬਾਅਦ ਦੁਪਹਿਰ ਤੋਂ 01.27 ਵਜੇ ਬਾਅਦ ਦੁਪਹਿਰ ਤੱਕ ਸਦਨ ਦੀ ਕੁਰਸੀ ਸੰਭਾਲੀ।

ਉਪਰੰਤ ਸਦਨ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਗਿਆ।

ਚੰਡੀਗੜ੍ਹ ਰਾਮ ਲੋਕ ਖਟਾਣਾ,
01 ਮਈ, 2026 ਸਕੱਤਰ

---

**16th Punjab Vidhan Sabha**
**12th Session, 2026**

**PUNJAB VIDHAN SABHA**
**BULLETIN No. 09**
**Friday, the 01st May, 2026**
**(From 11.00 A.M to 05.18 P.M)**

**1. OBITUARY REFERENCES**

The Hon'ble Speaker made references to the passing away of the following:

1. Sh. Chaman Lal, Freedom Fighter;
2. Sh. Raghu Rai, World Famous Photographer;
3. Sh. Depinder Singh, Lieutenant General;
4. Sardar Gurbax Singh Grewal, Olympic Medalist, Hockey Player

The Hon'ble Speaker mentioned about life and contribution of the aforesaid personalities in the House and expressed deep sorrow and the House paid rich tributes to these personalities and citizens.

The Hon'ble Speaker informed the House that condolence messages would be sent to the bereaved families.

The House stood in silence for two minutes as a mark of respect in memory of the departed souls.

**2. Adjournment of the House for short period**

The Hon'ble Speaker adjourned the House from 11.06 A.M. to 11.30 A.M. as a mark of respect of the departed souls and also from 1.29 P.M. to 03.00 P.M. and from 03.10 P.M. to 3.20 P.M.

**3. Motion Under Rule 16**

The following motion moved by the Parliamentary Affairs Minister was put to the vote of the House and carried -

‘‘That the Vidhan Sabha (Assembly) at its rising this day shall stand adjourned sine-die.’’

Sardar Partap Singh Bajwa, Leader of the Opposition spoke for 01 minute.

The Hon'ble Chief Minister, by way of reply, spoke for 03 minutes.

**4. Papers laid on the Table**

The Parliamentary Affairs Minister laid papers on the Table of the House as mentioned at serial No. 1 to 8 as shown under item No. 3 in today's list of Business.

**5. Official Resolution**

Sardar Tarunpreet Singh Sond, Labour Minister moved the following resolution for the vote of the House and was carried unanimously, while moving the resolution, he spoke for 07 minutes.

> ‘‘Today, a special session of this Legislative Assembly has been convened on 'Kirti Divas' (Workers' Day) to pay homage to our labourers. Workers are the axis of the construction of the nation, the community, the state and society. Every construction project succeeds only through their blood and sweat. 'May Day' is celebrated in memory of the workers who sacrificed their lives during the historic movement at Haymarket Square, Chicago, in 1886 to demand an 8-hour workday. This day signifies the importance of social justice and better labour facilities.
>
> The land of Punjab is the land of Gurus, peers, prophets and brave warriors. In the message given by Sri Guru Nanak Dev Ji, the importance of labour was highlighted through the teaching - "Kirat Karo, Naam Japo, and Vand Chhako".
>
> The base rate of minimum wages for the working class in Punjab was last revised in the year 2012. Although the dearness allowance has continued to increase since 2012, there has been no increase in the base rate of minimum wages. On this sacred occasion of May Day, in this special session of the Legislative Assembly, it proposes to revise the minimum wages of labourers and the House recommends that minimum wages of workers be increased so that the contributions of the workers can be acknowledged, the workers can be appreciated and they can be rewarded for their contribution.’’

The following Members took part in the discussion on the resolution and spoke for the time as mentioned against their names:

| | | |
|---|---|---|
| 1. | Sardar Partap Singh Bajwa, Leader of Opposition | 06 minutes |
| 2. | Shri Sukhwinder Singh Kotli, Indian National Congress Party | 07 minutes |
| 3. | Shri Lal Chand, Food, Civil Supplies and Consumer Affairs Minister | 11 minutes |
| 4. | Sardar Harpal Singh Cheema, Finance Minister | 20 minutes |
| 5. | Dr. Nachhatar Pal, Bahujan Samaj Party | 04 minutes |
| 6. | Sardar Harbhajan Singh, Public Works (B&R) Minister | 08 minutes |
| 7. | Principal Budh Ram, Aam Aadmi Party | 11 minutes |
| 8. | Sardar Labh Singh Ugoke, Aam Aadmi Party | 10 minutes |
| 9. | Rana Inder Pratap Singh, Independent | 07 minutes |
| 10. | Shri Aman Arora, New and Renewable Energy resources Minister | 01 minute |
| 11. | Smt. Sarvjit Kaur Manuke, Aam Aadmi Party | 03 minutes |

The Hon'ble Chief Minister, by way of reply to the discussion on the Official Resolution, spoke for 19 minutes

**6. <u>Motion of Thanks</u>**

The following Motion of Thanks moved by Professor Baljinder Kaur, MLA, was put to the vote of the House and carried unanimously.

"On April 13,2026, on the holy occasion of Vaisakhi and Khalsa Sajna Diwas the historic 'Jaagat Jot Sri Guru Granth Sahib Satkar (Amendment) Bill, 2026' has been passed by this House and following the assent of the Hon'ble Governor of Punjab its implementation in Punjab has fulfilled the long-standing sentiments and demands of the Sikh community. This is a significant and historic step in strengthening religious unity, communal harmony and peace in the State.

This Bill provides for the rigorous punishments for heinous incidents related to the sacrilege of Sri Guru Granth Sahib Ji, specifically life imprisonment and hefty penalty for those who commit sacrilege through conspiracy. Apart from this, sacrileges committed through digital mediums have also been brought under its ambit.

This House is first and foremost eternally grateful and bows before Jaagat Jot Sri Guru Granth Sahib Ji, who graced this House with this service and provided divine guidance and support in completing sacred task.

This House also extends its thanks to all the respected personalities who contributed to draft the Bill in accordance with established traditions (*Maryada*) and demonstrated consensus toward this historic legislation.

The House expresses full confidence that this law will be strictly enforced and the sanctity and honor of Jaagat Jot Sri Guru Granth Sahib will be maintained."

The following Members took part in the discussion on the Motion of Thanks and spoke for the time as mentioned against their names:

| | | |
|---|---|---|
| 1. | Dr. Nachhatar Pal, Bahujan Samaj Party | 01 minute |
| 2. | Sardar Harpal Singh Cheema, Finance Minister | 02 minutes |
| 3. | Sardar Kuldeep Singh Dhaliwal, Aam Aadmi Party | 01 minute |
| 4. | Principal Budh Ram, Aam Aadmi Party | 01 minute |
| 5. | Rana Inder Pratap Singh, Independent | 01 minute |
| 6. | Sardar Harjot Singh Bains, Education Minister | 02 minutes |

The Hon'ble Chief Minister, by way of reply to the discussion on the Motion of Thanks, spoke for 06 minutes.

**7. <u>Confidence Motion by the Hon'ble Chief Minister</u>**

The Hon'ble Chief Minister presented the following motion in the House which was unanimously carried: -

''That this House expresses its confidence in the Council of Ministers.''

The Hon'ble Chief Minister, while moving the motion spoke for 07 minutes.

While seconding the motion, Sardar Harpal Singh Cheema, Finance Minister spoke for 08 minutes.

The following Members took part in the discussion on the confidence motion and spoke for the time as mentioned against their names: -

| | | |
|---|---|---|
| 1. | Dr. Balbir Singh, Health and Family Welfare Minister | 04 minutes |
| 2. | Sardar Manjit Singh Bilaspur, Aam Aadmi Party | 04 minutes |
| 3. | Shri Sanjeev Arora, Local Government Minister | 05 minutes |
| 4. | Smt. Anmol Gagan Mann, Aam Aadmi Party | 04 minutes |
| 5. | Rana Inder Pratap Singh, Independent | 03 minutes |
| 6. | Shri Aman Arora, New & Renewable Energy resources Minister | 11 minutes |

**8. <u>Walk out</u>**

All the Members of the Indian National Congress Party present in the House including Leader of opposition Sardar Partap Singh Bajwa staged a walk out from the House as a mark of protest against the demand for not conducting Alcometer test.

**9. Welcome Announcement by the Hon'ble Speaker**

The Hon'ble Speaker informed the House regarding the presence of the following personalities at various times and welcomed them on behalf of the entire House-

1. Students of Freedom Fighter Harbhajan Singh School of Eminence, village Ghagga, District Patiala;
2. Many workers and labourers invited to witness the proceedings of the House on the occasion of May Day.

**10. Announcement by the Hon'ble Chief Minister**

The Hon'ble Chief Minister announced 15% increase in the minimum wages of Government and non-Government workers during the special session of Vidhan Sabha convened on the occasion of May Day.

**11. Extension of Time of the House**

With the consent of the House, the Hon'ble Speaker extended the time of today's sitting till the completion of the business mentioned in today's list of business.

**12. Legislative Business**

**1) THE PUNJAB PRISONS AND CORRECTIONAL SERVICES BILL, 2026**

The Minister for Jails introduced The Punjab Prisons and Correctional Services Bill, 2026 and also moved that the Bill be taken into consideration at once.

The motion was put to the vote of the House and was carried unanimously.

During the clause-wise consideration on the Bill, sub-clause (2) and (3) of Clause 1, Clauses 2 to 89 collectively, sub-clause (1) of Clause 1 and the title were put to the vote of the House and carried unanimously.

The Motion moved by the Minister for Jails that “The Punjab Prisons and Correctional Services Bill, 2026 be passed”, was put to the vote of the House and carried.

**2) THE SOCIETIES REGISTRATION (PUNJAB AMENDMENT) BILL, 2026**

The Industries and Commerce Minister introduced The Societies Registration (Punjab Amendment) Bill, 2026 and also moved that the Bill be taken into consideration at once.

The motion was put to the vote of the House and was carried.

The following Members participated in the discussion on the Bill and spoke for the time as mentioned against their names:

1. Rana Inder Pratap Singh, Independent 05 Minutes

2. Dr. Balbir Singh, Health and Family Welfare Minister 02 Minutes

During the clause-wise consideration on the Bill, sub-clause (2) of clause 1, Clauses 2 to 13 collectively, sub-clause (1) of Clause 1 and the title were put to the vote of the House and carried.

The motion moved by The Industries and Commerce Minister that "The Societies Registration (Punjab Amendment) Bill, 2026 be passed", was put to the vote of the House and carried.

The Industries and Commerce Minister, by way of reply to the discussion on the Bill, spoke for 01 minute.

The Hon'ble Deputy Speaker occupied the Chair of the House from 12.31 P.M. to 01.27 P.M.

The House then adjourned sine-die.

CHANDIGARH RAM LOK KHATANA,
THE 01st MAY, 2026 SECRETARY.

© 2026
ਪੰਜਾਬ ਵਿਧਾਨ ਸਭਾ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਕਰਵਾਈ ਗਈ।